22-APRIL-PAGE-1.qxd 4/21/2024 10:07 PM Page 1

ਸੋਮਵਾਰ, 22 ਅਪ੍ਰੈਲ, 2024
10 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 322

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • MONDAY, 22 APRIL, 2024 ਜਲੰਧਰ
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਉਲਗੁਲਾਨ ਰੈਲੀ 'ਚ ਭਾਜਪਾ ਨੂੰ ਉਖਾੜਨ ਦਾ ਸੱਦਾ



**ਰਾਂਚੀ** : ਇੰਡੀਆ ਗੱਠਜੋੜ ਦੀ ਐਤਵਾਰ ਇੱਥੇ ਹੋਈ 'ਉਲਗੁਲਾਨ ਨਿਆਏ ਰੈਲੀ' ਵਿਚ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਉਖਾੜਨ ਦਾ ਸੱਦਾ ਦਿੱਤਾ ਗਿਆ। ਬਿਰਸਾ ਮੁੰਡਾ ਦੇ ਕਬਾਇਲੀਆਂ ਦੇ ਹੱਕਾਂ ਲਈ ਅੰਗਰੇਜ਼ਾਂ ਖਿਲਾਫ ਸੰਘਰਸ਼ ਦੌਰਾਨ ਉਲਗੁਲਾਨ (ਇਨਕਲਾਬ) ਸ਼ਬਦ ਘੜਿਆ ਗਿਆ ਸੀ।

ਰੈਲੀ ਵਿਚ 28 ਪਾਰਟੀਆਂ ਦੇ ਆਗੂ ਸ਼ਾਮਲ ਹੋਏ। ਮੰਚ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ, ਜਿਨ੍ਹਾਂ ਨੂੰ ਜੇਲ੍ਹ ਵਿਚ ਡੱਕਿਆ ਹੋਇਆ ਹੈ, ਦੀਆਂ ਦੋ ਖਾਲੀ ਕੁਰਸੀਆਂ ਵੀ ਸਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਦਾ ਕੰਮ ਇਹ ਹੈ ਕਿ ਕਿਸੇ ਦੀ ਪਾਰਟੀ ਖਤਮ ਕਰ ਦਿੱਤੀ, ਕਿਸੇ ਦਾ ਨਿਸ਼ਾਨ ਖੋਹ ਲਿਆ, ਕਿਸੇ ਦੇ ਬੈਂਕ ਖਾਤੇ ਫ੍ਰੀਜ਼ ਕਰ ਦਿੱਤੇ ਤੇ ਸਾਂਸਦਾਂ ਤੇ ਵਿਧਾਇਕਾਂ ਨੂੰ ਖਰੀਦ ਲਿਆ। ਲੋਕ ਭਾਜਪਾ ਦੇ ਜੁਮਲਿਆਂ ਵਿਚ ਨਾ ਫਸਣ ਤੇ ਇੰਡੀਆ ਗੱਠਜੋੜ ਦੇ ਹੱਕ ਵਿਚ ਫਤਵਾ ਦੇਣ। ਅੱਜ ਦੀ ਰੈਲੀ ਸਿਆਸੀ ਰੈਲੀ ਨਹੀਂ, ਇਹ ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਲਈ ਹੈ। ਜੇ ਭਾਜਪਾ ਨੂੰ ਮੋਦੀ ਲਹਿਰ 'ਤੇ ਏਨਾ ਹੀ ਯਕੀਨ ਹੈ ਤਾਂ ਕੇਜਰੀਵਾਲ ਤੇ ਸੋਰੇਨ ਵਰਗਿਆਂ ਤੋਂ ਕਿਉਂ ਡਰਦੀ ਹੈ। ਉਨ੍ਹਾ ਕਿਹਾ ਕਿ ਪਹਿਲੇ ਗੇੜ ਵਿਚ ਜਿਨ੍ਹਾਂ 102 ਸੀਟਾਂ 'ਤੇ ਪੋਲਿੰਗ ਹੋਈ, ਉਨ੍ਹਾਂ ਵਿੱਚੋਂ 80-90 ਸੀਟਾਂ ਇੰਡੀਆ ਗੱਠਜੋੜ ਜਿੱਤ ਰਿਹਾ ਹੈ। ਭਾਜਪਾ ਹਿੱਲ ਗਈ ਹੈ।

ਆਪ ਦੇ ਸੰਜੈ ਸਿੰਘ ਨੇ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੁਰੱਪਸ਼ਨ ਬਾਲੇ ਬੋਲਦੇ ਹਨ ਤਾਂ ਲੱਗਦਾ ਹੈ ਕਿ ਜਿਵੇਂ ਓਸਾਮਾ ਬਿਨ ਲਾਦੇਨ ਤੇ ਗੱਬਰ ਸਿੰਘ ਅਹਿੰਸਾ ਦਾ ਪ੍ਰਚਾਰ ਕਰ ਰਹੇ ਹੋਣ। ਭਾਜਪਾ ਦਾ ਨਾਅਰਾ ਹੈ—ਜੋ ਜਿਤਨਾ ਬੜਾ ਭ੍ਰਸ਼ਟਾਚਾਰੀ ਹੈ ਵੋ ਉਤਨਾ ਬੜਾ ਪਦਾਧਿਕਾਰੀ ਹੈ। ਉਨ੍ਹਾ ਕਿਹਾ—ਜੇਲ੍ਹ ਕੇ ਤਾਲੇ ਟੂਟੇਂਗੇ, ਅਰਵਿੰਦ ਕੇਜਰੀਵਾਲ, ਹੇਮੰਤ ਸੋਰੇਨ ਛੂਟੇਂਗੇ।

ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਾਰਨ ਦੀ ਸਾਜ਼ਿਸ਼ ਚੱਲ ਰਹੀ ਹੈ, ਪਰ ਉਹ ਬਹੁਤ ਬਹਾਦਰ ਹਨ, ਸ਼ੇਰ ਹਨ। ਉਨ੍ਹਾ ਨੂੰ ਜੇਲ੍ਹ ਵਿਚ ਵੀ ਭਾਰਤ ਮਾਤਾ ਦੀ ਚਿੰਤਾ ਹੈ।

ਹੇਮੰਤ ਸੋਰੇਨ ਦੀ ਪਤਨੀ ਕਲਪਨਾ ਸੋਰੇਨ ਨੇ ਉਨ੍ਹਾ ਦਾ ਜੇਲ੍ਹ ਤੋਂ ਆਇਆ ਪੱਤਰ ਪੜ੍ਹਿਆ, ਜਿਸ ਵਿਚ ਉਨ੍ਹਾ ਕਿਹਾ—ਮੈਂ ਜੇਲ੍ਹ ਵਿਚ ਹੁੰਦਿਆਂ ਵੀ ਖੁਸ਼ ਹਾਂ ਕਿ ਜਿਹੜੇ ਲੋਕਤੰਤਰ ਦੀ ਰਾਖੀ ਦੀ ਲੜਾਈ ਅਸੀਂ ਲੜ ਰਹੇ ਹਾਂ, ਉਸ ਨੂੰ ਸਿਰਫ ਅਸੀਂ ਹੀ ਨਹੀਂ, ਵੱਖ-ਵੱਖ ਰਾਜਾਂ ਦੇ ਆਗੂ ਅੱਗੇ ਵਧਾ ਰਹੇ ਹਨ। ਪੱਤਰ ਵਿਚ ਸੋਰੇਨ ਨੇ ਇਹ ਵੀ ਕਿਹਾ—ਉਲਗੁਲਾਨ ਦਾ ਮਤਲਬ ਹੀ ਹੈ ਕਿ ਹੁਣ ਹੋਰ ਨਹੀਂ ਚੱਲੇਗੀ ਠੱਗਾਂ ਦੀ ਸਰਕਾਰ।

ਝਾਰਖੰਡ ਦੇ ਮੁੱਖ ਮੰਤਰੀ ਚੰਪਾਈ ਸੋਰੇਨ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਨੇ ਕੇਂਦਰੀ ਏਜੰਸੀਆਂ ਨੂੰ ਪਾਰਟੀ ਦਾ ਏਜੰਟ ਬਣਾ ਲਿਆ ਹੈ।

ਰਾਜਦ ਦੇ ਆਗੂ ਤੇਜਸਵੀ ਯਾਦਵ ਨੇ ਕਿਹਾ—ਮੋਦੀ ਇੰਡੀਆ ਗੱਠਜੋੜ ਤੋਂ ਡਰੇ ਹੋਏ ਹਨ। ਭਾਜਪਾ ਵਾਲੇ 400 ਪਾਰ ਦਾ ਨਾਅਰਾ ਲਾ ਰਹੇ ਹਨ, ਪਰ ਉਨ੍ਹਾਂ ਦੀ '400 ਪਾਰ' ਫਿਲਮ ਪਹਿਲੇ ਦਿਨ ਹੀ ਫਲਾਪ ਹੋ ਗਈ ਹੈ। ਸੰਵਿਧਾਨ ਬਦਲਣ ਦੀਆਂ ਗੱਲਾਂ ਕਰਨ ਵਾਲੇ ਭਾਜਪਾਈਆਂ ਨੂੰ ਲੋਕ ਖਤਮ ਕਰ ਦੇਣਗੇ।

ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਐੱਨ ਡੀ ਏ ਚੋਣਾਂ ਹਾਰ ਰਿਹਾ ਹੈ। ਸੋਰੇਨ ਤੇ ਕੇਜਰੀਵਾਲ ਨੂੰ ਜੇਲ੍ਹ ਵਿਚ ਡੱਕਣ ਦਾ ਮਤਲਬ ਹੀ ਇਹ ਹੈ। ਜਦੋਂ ਭਲਵਾਨ ਹਾਰਨ ਲੱਗਦਾ ਹੈ, ਤਦ ਕਈ ਤਰ੍ਹਾਂ ਦੇ ਹਥਕੰਡੇ ਵਰਤਦਾ ਹੈ। ਭਾਜਪਾ ਇਹ ਨਾ ਭੁੱਲੇ ਕਿ ਸ਼ੇਰ ਨੂੰ ਗ੍ਰਿਫਤਾਰ ਕੀਤਾ ਹੈ, ਪਰ ਉਸ ਦੀ ਦਹਾੜ ਨੂੰ ਗ੍ਰਿਫਤਾਰ ਨਹੀਂ ਕਰ ਪਾਈ।

ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਕਿਹਾ—ਮੈਂ ਮੁਸਲਮਾਨ ਹਾਂ, ਪਰ ਚੀਨੀ ਜਾਂ ਪਾਕਿਸਤਾਨੀ ਮੁਸਲਮਾਨ ਨਹੀਂ, ਹਿੰਦੁਸਤਾਨੀ ਮੁਸਲਮਾਨ ਹਾਂ। ਅੱਗੇ ਵਧਣ ਲਈ ਸਭ ਨੂੰ ਮਿਲਜੁਲ ਕੇ ਚੱਲਣਾ ਪਵੇਗਾ। ਰਾਮ ਸਭ ਦੇ ਹਨ, ਕਿਸੇ ਖਾਸ ਦੇ ਨਹੀਂ।

ਮਾਕਪਾ (ਮਾਲੇ) ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੇ ਕਿਹਾ ਕਿ ਲੋਕ ਆਪੋਜ਼ੀਸ਼ਨ ਮੁਕਤ ਲੋਕਤੰਤਰ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦੇਣਗੇ। ਇਹ ਚੋਣਾਂ ਸੰਵਿਧਾਨ ਬਚਾਉਣ ਲਈ ਹਨ। ਮੋਦੀ ਕਹਿ ਰਹੇ ਹਨ ਕਿ 10 ਸਾਲਾਂ ਵਿਚ ਜੋ ਹੋਇਆ, ਉਹ ਟ੍ਰੇਲਰ ਹੈ, ਅਸਲੀ ਪਿਕਚਰ ਬਾਕੀ ਹੈ। ਅਸਲੀ ਪਿਕਚਰ ਸੰਵਿਧਾਨ ਖਤਮ ਕਰਨ ਦੀ ਹੈ।

ਤ੍ਰਿਣਮੂਲ ਕਾਂਗਰਸ ਦੇ ਵਿਵੇਕ ਗੁਪਤਾ ਨੇ ਕਿਹਾ ਕਿ ਮੋਦੀ ਸਰਕਾਰ ਖਾਣ-ਪੀਣ ਦੀ ਆਜ਼ਾਦੀ 'ਤੇ ਰੋਕ ਲਾਉਣੀ ਚਾਹੁੰਦੀ ਹੈ।

ਸੀਨੀਅਰ ਕਾਂਗਰਸ ਆਗੂ ਤੇ ਝਾਰਖੰਡ ਦੇ ਮੰਤਰੀ ਆਲਮਗੀਰ ਆਲਮ ਨੇ ਕਿਹਾ ਕਿ ਉਨ੍ਹਾ ਨੂੰ ਪੂਰਾ ਵਿਸ਼ਵਾਸ ਹੈ ਕਿ ਰਾਂਚੀ ਵਿਚ ਸ਼ੁਰੂ ਹੋਇਆ ਉਲਗੁਲਾਨ ਪੂਰੇ ਦੇਸ਼ ਵਿਚ ਫੈਲੇਗਾ ਤੇ ਚਾਰ ਜੂਨ ਦੇ ਨਤੀਜਿਆਂ 'ਚ ਇਸ ਦਾ ਅਸਰ ਦਿਸੇਗਾ।

# ਇਸ ਤਸਵੀਰ ਨੇ ਜਿੱਤਿਆ 'ਵਰਲਡ ਪ੍ਰੈੱਸ ਫੋਟੋ ਆਫ਼ ਦਿ ਈਅਰ'



**ਨਿਊ ਯਾਰਕ** : ਫਲਸਤੀਨੀ ਫੋਟੋਗ੍ਰਾਫ਼ਰ ਮੁਹੰਮਦ ਸਲੀਮ ਦੀ ਇੱਕ ਤਸਵੀਰ ਨੂੰ ਵਰਲਡ ਪ੍ਰੈੱਸ ਫੋਟੋ 2024 ਦੇ ਮੁਕਾਬਲੇ 'ਚ 'ਫੋਟੋ ਆਫ਼ ਦਿ ਈਅਰ' ਚੁਣਿਆ ਗਿਆ ਹੈ। ਇਸ ਮੁਕਾਬਲੇ 'ਚ 130 ਦੇਸ਼ਾਂ ਦੇ ਕਰੀਬ 4 ਹਜ਼ਾਰ ਫੋਟੋਗ੍ਰਾਫ਼ਰਾਂ ਨੇ 61 ਹਜ਼ਾਰ ਤਸਵੀਰਾਂ ਭੇਜੀਆਂ ਸਨ, ਜਿਨ੍ਹਾਂ 'ਚੋਂ ਮੁਹੰਮਦ ਸਲੀਮ ਦੀ ਤਸਵੀਰ ਨੂੰ ਵਰਲਡ ਪ੍ਰੈੱਸ ਫੋਟੋ ਆਰਗੇਨਾਈਜ਼ੇਸ਼ਨ ਨੇ ਸਨਮਾਨ ਲਈ ਚੁਣਿਆ ਹੈ। ਸਲੀਮ ਦੀ ਇਸ ਤਸਵੀਰ 'ਚ ਇੱਕ ਔਰਤ ਨੇ ਕਫ਼ਨ 'ਚ ਲਪੇਟੀ ਇੱਕ ਬੱਚੀ ਨੂੰ ਹੱਥਾਂ 'ਚ ਫੜਿਆ ਹੋਇਆ ਹੈ। ਉਸ ਸਮੇਂ ਗਜ਼ਾ ਪੱਟੀ 'ਤੇ ਇਜ਼ਰਾਈਲੀ ਹਮਲੇ ਸ਼ੁਰੂ ਹੋ ਗਏ ਸਨ। ਇਹ ਘਟਨਾ ਖਾਨ ਯੂਨਿਸ ਦੀ ਹੈ, ਜਿੱਥੇ ਕਈ ਫਲਸਤੀਨੀ ਪਰਵਾਰ ਗਾਜ਼ਾ ਪੱਟੀ 'ਚ ਇਜ਼ਰਾਈਲੀ ਬੰਬਾਰੀ ਤੋਂ ਬਚਣ ਲਈ ਬਚਣ ਲਈ ਆਸਰਾ ਲੈਣ ਦੀ ਕੋਸ਼ਿਸ਼ ਕਰ ਰਹੇ ਸਨ। ਇਸੇ ਦੌਰਾਨ ਮੁਹੰਮਦ ਸਲੀਮ ਨੇ ਦੇਖਿਆ ਕਿ ਉਥੇ ਇਨਸ ਅਬੂ ਮਮਾਰ ਕਫ਼ਨ 'ਚ ਲਿਪਟੀ ਇੱਕ ਮ੍ਰਿਤਕ ਬੱਚੀ ਨੂੰ ਹੱਥਾਂ 'ਚ ਫੜ ਕੇ ਰੋ ਰਹੀ ਹੈ। ਇਹ ਉਸ ਦੀ ਪੰਜ ਸਾਲ ਦੀ ਭਤੀਜੀ ਸੀ, ਜਿਸ ਦੇ ਖਾਨ ਯੂਨਿਸ ਸਥਿਤ ਘਰ 'ਤੇ ਇਜ਼ਰਾਈਲੀ ਬੰਬਾਰੀ ਹੋਈ ਸੀ। ਇਸ ਤੋਂ ਬਾਅਦ ਤੁਰੰਤ ਬਾਅਦ ਇਨਸ ਆਪਣੇ ਰਿਸ਼ਤੇਦਾਰਾਂ ਦਾ ਹਾਲ ਜਾਨਣ ਲਈ ਹਸਪਤਾਲ ਪਹੁੰਚੀ। ਇਸ ਹਮਲੇ 'ਚ ਬੱਚੀ ਦੀ ਮਾਂ ਅਤੇ ਪਰਵਾਰ ਦੇ ਦੋ ਹੋਰ ਲੋਕ ਮਾਰੇ ਗਏ ਸਨ। ਇਸ ਤੋਂ ਬਾਅਦ ਇਨਸ ਹਸਪਤਾਲ ਦੇ ਮੁਰਦਾਘਰ ਵੱਲ ਗਈ, ਜਿੱਥੇ ਉਸ ਨੂੰ ਆਪਣੀ ਭਤੀਜੀ ਦਾ ਮ੍ਰਿਤਕ ਸਰੀਰ ਮਿਲਿਆ। ਉਸ ਸਮੇਂ ਉਸ ਨੇ ਉਥੇ ਮੌਜੂਦ ਪੱਤਰਕਾਰਾਂ ਨੂੰ ਦੱਸਿਆ, 'ਜਦ ਮੈਂ ਬੱਚੀ ਨੂੰ ਦੇਖਿਆ ਅਤੇ ਉਸ ਨੂੰ ਹੱਥਾਂ 'ਚ ਲਿਆ ਤਾਂ ਮੈਂ ਬੇਹੋਸ਼ ਹੋ ਗਈ।'

ਫੋਟੋਗ੍ਰਾਫ਼ਰ ਮੁਹੰਮਦ ਸਲੀਮ ਨੇ ਕਿਹਾ, 'ਉਹ ਇੱਕ ਪ੍ਰਭਾਵਸ਼ਾਲੀ ਅਤੇ ਦੁਖਦਾਈ ਪਲ ਸੀ, ਜੋ ਗਾਜ਼ਾ ਪੱਟੀ ਦੀ ਦਰਦਨਾਕ ਕਹਾਣੀ ਨੂੰ ਬਿਆਨ ਕਰਦਾ ਹੈ।' ਸਲੀਮ ਨੇ ਕਿਹਾ ਕਿ ਇਹ ਸਮਾਂ ਉਸ ਲਈ ਵੀ ਬਹੁਤ ਸੰਵੇਦਨਸ਼ੀਲ ਸੀ, ਕਿਉਂਕਿ ਉਸ ਦੀ ਪਤਨੀ ਨੇ ਕੁਝ ਦਿਨ ਪਹਿਲਾ ਹੀ ਇੱਕ ਬੱਚੇ ਨੂੰ ਜਨਮ ਦਿੱਤਾ ਸੀ। 1985 'ਚ ਜਨਮੇ ਮੁਹੰਮਦ ਸਲੀਮ ਇੱਕ ਫਲਸਤੀਨੀ ਫੋਟੋਗ੍ਰਾਫ਼ਰ ਹਨ, ਜੋ ਗਾਜ਼ਾ ਪੱਟੀ 'ਚ ਰਹਿ ਰਹੇ ਹਨ। ਉਨ੍ਹਾ ਗਾਜ਼ਾ ਯੂਨੀਵਰਸਿਟੀ ਤੋਂ ਮੀਡੀਆ ਦੀ ਪੜ੍ਹਾਈ ਕੀਤੀ ਹੈ।

## ਮੁਫਤ ਤੋਹਫਿਆਂ ਬਾਰੇ ਵ੍ਹਾਈਟ ਪੇਪਰ ਲਿਆਉਣ ਦਾ ਸੁਝਾਅ

**ਨਵੀਂ ਦਿੱਲੀ** : ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਡੀ ਸੁੱਬਾ ਰਾਓ ਨੇ ਕਿਹਾ ਕਿ ਸਿਆਸੀ ਪਾਰਟੀਆਂ ਵੱਲੋਂ ਦਿੱਤੇ ਜਾਣ ਵਾਲੇ ਮੁਫਤ ਤੋਹਫਿਆਂ 'ਤੇ ਸਰਕਾਰ ਵ੍ਹਾਈਟ ਪੇਪਰ ਲਿਆਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੀਡਰਸ਼ਿਪ ਵਿਚ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਨੂੰ ਇਨ੍ਹਾਂ ਮੁਫਤ ਦੇ ਤੋਹਫਿਆਂ ਦੇ ਨਫੇ-ਨੁਕਸਾਨ ਬਾਰੇ ਜਾਗਰੂਕ ਕਰੇ। ਉਨ੍ਹਾ ਕਿਹਾ ਕਿ ਮੁਫਤ ਦੇ ਤੋਹਫਿਆਂ, ਜਿਨ੍ਹਾਂ ਨੂੰ ਬੋਲਚਾਲ ਦੀ ਭਾਸ਼ਾ ਵਿਚ 'ਰਿਓੜੀਆਂ' ਕਿਹਾ ਜਾਂਦਾ ਹੈ, ਬਾਰੇ ਵਿਆਪਕ ਬਹਿਸ ਦੀ ਲੋੜ ਹੈ ਕਿ ਕਿਵੇਂ ਸਿਆਸੀ ਪਾਰਟੀਆਂ ਨੂੰ ਇਸ ਤੋਂ ਰੋਕਿਆ ਜਾਵੇ। ਭਾਰਤ ਵਰਗੇ ਗਰੀਬ ਦੇਸ਼ ਵਿਚ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸਮਾਜ ਦੇ ਸਭ ਤੋਂ ਕਮਜ਼ੋਰ ਤਬਕੇ ਦੇ ਲੋਕਾਂ ਨੂੰ ਕੁਝ ਮੁਫਤ ਸਹੂਲਤਾਂ ਦੇਵੇ। ਨਾਲ ਹੀ ਇਹ ਵੀ ਦੇਖੇ ਕਿ ਇਨ੍ਹਾਂ ਸਹੂਲਤਾਂ ਦੀ ਲੋੜ ਕਦੋਂ ਤੱਕ ਹੈ।

## ਜੱਗੂ ਗੈਂਗ ਦੇ 3 ਗੈਂਗਸਟਰ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)**-ਜਲੰਧਰ ਕਮਿਸ਼ਨਰੇਟ ਪੁਲਸ ਨੇ ਜੱਗੂ ਭਗਵਾਨਪੁਰੀਆ ਗੈਂਗ ਦੇ ਤਿੰਨ ਖ਼ਤਰਨਾਕ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਤਿੰਨ ਪਿਸਤੌਲ ਅਤੇ ਛੇ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਨੂੰ ਸੂਹ ਮਿਲੀ ਸੀ ਕਿ ਗੈਂਗਸਟਰ ਸ਼ਹਿਰ ਵਿੱਚ ਕਿਸੇ ਵਾਰਦਾਤ ਦੀ ਯੋਜਨਾ ਬਣਾ ਰਹੇ ਹਨ। ਪੁਲਸ ਨੇ ਜਾਲ ਵਿਛਾ ਕੇ ਗੁਰਦੁਆਰਾ ਅਰਬਨ ਅਸਟੇਟ ਫੇਜ਼-1 ਦੇ ਨੇੜਿਓਂ ਲਲਿਤ ਉਰਫ਼ ਲੱਕੀ ਵਾਸੀ ਗੜ੍ਹਾ ਨੂੰ ਇਕ ਦੇਸੀ ਪਿਸਤੌਲ ਸਮੇਤ ਗ੍ਰਿਫ਼ਤਾਰ ਕਰ ਲਿਆ।ਜਾਂਚ ਦੌਰਾਨ ਲਲਿਤ ਨੇ ਖੁਲਾਸਾ ਕੀਤਾ ਕਿ ਉਸ ਦੇ ਦੋਸਤਾਂ ਨੇ ਨਿਖਿਲ ਉਰਫ ਭੋਲੂ ਅਤੇ ਪਾਰਸਦੀਪ ਨਾਲ ਬੀਤੀ 14 ਮਾਰਚ ਨੂੰ ਅੰਮ੍ਰਿਤਸਰ ਵਿਖੇ ਰਾਜਦੀਪ ਸੇਠੀ ਉਰਫ ਵੀਨੂੰ ਦਾ ਕਤਲ ਕੀਤਾ ਸੀ।ਅੰਮ੍ਰਿਤਸਰ ਪੁਲਸ ਨੇ ਸਾਹਿਲਪ੍ਰੀਤ ਉਰਫ਼ ਸੋਹੀ, ਅਭੀ ਗਿੱਲ ਅਤੇ ਸੰਜੂ ਰੰਧਾਵਾ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ, ਪਰ ਨਿਖਿਲ ਅਤੇ ਪਾਰਸਦੀਪ ਫਰਾਰ ਸਨ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੇ ਭੋਲੂ ਅਤੇ ਪਾਰਸਦੀਪ ਸਿੰਘ ਨੂੰ ਮੱਧ ਪ੍ਰਦੇਸ਼ ਦੇ ਮੁਰੈਨਾ ਜ਼ਿਲ੍ਹੇ ਤੋਂ ਗ੍ਰਿਫ਼ਤਾਰ ਕੀਤਾ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਕੋਲੋਂ ਦੋ ਗੈਰ-ਕਾਨੂੰਨੀ ਦੇਸੀ ਹਥਿਆਰ ਬਰਾਮਦ ਕੀਤੇ ਗਏ ਹਨ। ਨਿਖਿਲ ਅਤੇ ਪਾਰਸਦੀਪ ਦੋਵੇਂ ਜੱਗੂ ਭਗਵਾਨਪੁਰੀਆ ਗੈਂਗ ਵਿੱਚ ਸਰਗਰਮੀ ਨਾਲ ਕੰਮ ਕਰਦੇ ਸਨ।f

## ਕੇਜਰੀਵਾਲ ਦੀ ਪਟੀਸ਼ਨ 'ਤੇ ਸੁਣਵਾਈ ਅੱਜ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਦੇ ਜਸਟਿਸ ਸੁਰੇਸ਼ ਕੁਮਾਰ ਕੈਤ ਤੇ ਜਸਟਿਸ ਮਨੋਜ ਜੈਨ ਦੀ ਬੈਂਚ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਦੀ ਜਾਂਚ ਦੇ ਸੰਬੰਧ ਵਿਚ ਈ ਡੀ ਵੱਲੋਂ ਜਾਰੀ ਸੰਮਨਾਂ ਨੂੰ ਚੁਣੌਤੀ ਦਿੰਦੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ 'ਤੇ ਸੋਮਵਾਰ ਨੂੰ ਸੁਣਵਾਈ ਕਰੇਗੀ। ਕੇਜਰੀਵਾਲ ਨੇ ਭ੍ਰਿਸ਼ਟਾਚਾਰ ਰੋਕੂ ਐਕਟ ਵਿਚਲੀਆਂ ਕੁਝ ਵਿਵਸਥਾਵਾਂ ਦੀ ਸੰਵਿਧਾਨਕ ਪ੍ਰਮਾਣਿਕਤਾ ਨੂੰ ਵੀ ਚੁਣੌਤੀ ਦਿੱਤੀ ਹੈ।

## ਭਾਜਪਾ ਦੇ ਇਰਾਦੇ ਨੇਕ ਨਹੀਂ : ਪ੍ਰਿਅੰਕਾ

**ਰਾਏਪੁਰ** : ਪ੍ਰਿਅੰਕਾ ਗਾਂਧੀ ਨੇ ਐਤਵਾਰ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੰਵਿਧਾਨ ਨੂੰ ਬਦਲਣਾ ਤੇ ਲੋਕਾਂ ਦੇ ਹੱਕਾਂ 'ਤੇ ਡਾਕਾ ਮਾਰਨਾ ਚਾਹੁੰਦੀ ਹੈ। ਛੱਤੀਸਗੜ੍ਹ ਦੇ ਬਲੋਦ ਵਿਚ ਕਾਂਕੇਰ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਬਿਰੇਸ਼ ਕੁਮਾਰ ਦੇ ਹੱਕ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਿਅੰਕਾ ਨੇ ਸਿਆਸਤ 'ਚ ਧਰਮ ਦੀ ਵਰਤੋਂ ਕੀਤੇ ਜਾਣ ਦੀ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਇਰਾਦੇ ਨੇਕ ਨਹੀਂ ਲੱਗਦੇ।

## ਮੋਦੀ-ਸ਼ਾਹ ਪਰਤੇ ਤਾਂ ਲੋਕਤੰਤਰ ਦਾ ਭੋਗ ਪੈ ਜਾਣਾ : ਖੜਗੇ

**ਸਤਨਾ (ਮੱਧ ਪ੍ਰਦੇਸ਼)** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਐਤਵਾਰ ਕਿਹਾ ਕਿ ਜੇ 'ਮੋਦੀ-ਸ਼ਾਹ ਸਰਕਾਰ' ਮੁੜ ਸੱਤਾ ਵਿਚ ਆਈ ਤਾਂ ਦੇਸ਼ ਵਿਚ ਲੋਕਤੰਤਰ ਦਾ ਭੋਗ ਪੈ ਜਾਵੇਗਾ। ਸਤਨਾ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਖੜਗੇ ਨੇ ਕਿਹਾ ਕਿ ਮੋਦੀ ਤੇ ਸ਼ਾਹ ਡਾ. ਅੰਬੇਡਕਰ ਵੱਲੋਂ ਬਣਾਇਆ ਸੰਵਿਧਾਨ ਖਤਮ ਕਰ ਦੇਣਗੇ।

## ਸਾਂਸਦ ਮਹਿਬੂਬ ਅਲੀ ਕੈਸਰ ਰਾਜਦ 'ਚ

**ਪਟਨਾ** : ਰਾਸ਼ਟਰੀ ਲੋਕ ਜਨਸ਼ਕਤੀ ਪਾਰਟੀ ਦੇ ਸੰਸਦ ਮੈਂਬਰ ਮਹਿਬੂਬ ਅਲੀ ਕੈਸਰ ਐਤਵਾਰ ਰਾਸ਼ਟਰੀ ਜਨਤਾ ਦਲ (ਰਾਜਦ) 'ਚ ਸ਼ਾਮਲ ਹੋ ਗਏ। ਮਹਿਬੂਬ ਨੇ ਕੁਝ ਦਿਨ ਪਹਿਲਾਂ ਪਸ਼ੂਪਤੀ ਪਾਰਸ ਦੀ ਰਾਸ਼ਟਰੀ ਲੋਕ ਜਨਸ਼ਕਤੀ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾ ਦੀ ਮੁਲਾਕਾਤ ਚਿਰਾਗ ਪਾਸਵਾਨ ਨਾਲ ਹੋਈ ਅਤੇ ਉਨ੍ਹਾ ਦੇ ਚਿਰਾਗ ਪਾਸਵਾਨ ਦੀ ਪਾਰਟੀ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) 'ਚ ਸ਼ਾਮਲ ਹੋਣ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਸਨ।

## ਫਰੀਦਕੋਟ ਤੋਂ ਉਮੀਦਵਾਰ ਬਾਰੇ ਫੈਸਲੇ ਲਈ ਭਲਕੇ ਮੀਟਿੰਗ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜ਼ੈਂਡਰ ਡਿਸੂਜ਼ਾ)**

ਸੀ ਪੀ ਆਈ ਪੰਜਾਬ ਵੱਲੋਂ ਸੂਬੇ ਵਿੱਚ ਜੋ ਤਿੰਨ ਸੀਟਾਂ ਲੜਨ ਦਾ ਫੈਸਲਾ ਕੀਤਾ ਗਿਆ ਹੈ, ਉਨ੍ਹਾਂ ਵਿੱਚ ਫਰੀਦਕੋਟ ਦੀ ਰਿਜ਼ਰਵ ਸੀਟ ਵੀ ਸ਼ਾਮਿਲ ਹੈ। ਪਾਰਟੀ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਅਤੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਦੱਸਿਆ ਕਿ ਫਰੀਦਕੋਟ ਸੀਟ ਤੋਂ ਪਾਰਟੀ ਦੇ ਉਮੀਦਵਾਰ ਦਾ ਫੈਸਲਾ ਕਰਨ ਲਈ ਜ਼ਿਲਾ ਕੌਂਸਲ ਫਰੀਦਕੋਟ ਦੀ ਹੰਗਾਮੀ ਮੀਟਿੰਗ 23 ਅਪ੍ਰੈਲ ਨੂੰ ਫਰੀਦਕੋਟ ਦੇ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਸੱਦ ਲਈ ਗਈ ਹੈ। ਭਾਵੇਂ ਇਹ ਸੀਟ ਚਾਰ ਜ਼ਿਲ੍ਹਿਆਂ ਵਿੱਚ ਫੈਲੀ ਹੋਈ ਹੈ, ਪਰ ਉਮੀਦਵਾਰ ਦੀ ਚੋਣ ਵਿੱਚ ਫਰੀਦਕੋਟ ਜ਼ਿਲ੍ਹੇ ਦੀ ਰਾਇ ਨੂੰ ਕਾਫ਼ੀ ਅਹਿਮੀਅਤ ਦਿੱਤੇ ਜਾਣ ਦੀ ਸੰਭਾਵਨਾ ਹੈ। ਪਾਰਟੀ ਵੱਲੋਂ ਪਹਿਲਾਂ ਵੀ ਇਹ ਸੀਟ ਲੜੀ ਗਈ ਹੈ ਅਤੇ ਪਾਰਟੀ ਦਾ ਖੇਤ ਮਜ਼ਦੂਰਾਂ, ਨਰੇਗਾ ਵਰਕਰਾਂ, ਕਿਸਾਨਾਂ, ਇਸਤਰੀ ਸਭਾ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਚੰਗਾ ਅਧਾਰ ਹੋਣ ਕਰਕੇ ਪਾਰਟੀ ਚੰਗੀ ਲੜਾਈ ਦੇਣ ਦੀ ਪੁਜ਼ੀਸ਼ਨ ਵਿੱਚ ਹੈ। ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਗੋਰਾ ਪਿਪਲੀ,

● ਬਾਕੀ ਸਫ਼ਾ 2 'ਤੇ

## ਰਾਜਸਥਾਨ ਦੀਆਂ 12 'ਚੋਂ ਅੱਧੀਆਂ ਸੀਟਾਂ ਜਿੱਤਣ ਬਾਰੇ ਕਾਂਗਰਸ ਆਸਵੰਦ

**ਜੈਪੁਰ** : 19 ਅਪ੍ਰੈਲ ਨੂੰ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਵਿਚ ਰਾਜਸਥਾਨ ਦੀਆਂ 12 ਸੀਟਾਂ ਲਈ ਵੀ ਪੋਲਿੰਗ ਹੋਈ। ਰਾਜਸਥਾਨ ਦੀ ਨਾਮੀ ਹਿੰਦੀ ਅਖਬਾਰ 'ਰਾਜਸਥਾਨ ਪਤ੍ਰਿਕਾ' ਮੁਤਾਬਕ ਪੋਲਿੰਗ ਘੱਟ ਹੋਣ ਨੇ ਦਿਲਸਚਪ ਸਥਿਤੀ ਪੈਦਾ ਕਰ ਦਿੱਤੀ ਹੈ। ਘੱਟ ਪੋਲਿੰਗ ਨਾਲ ਕਾਂਗਰਸ ਅੱਧੀਆਂ ਸੀਟਾਂ ਜਿੱਤਣ ਪ੍ਰਤੀ ਆਸਵੰਦ ਹੈ, ਜਦਕਿ ਭਾਜਪਾ ਆਗੂ ਚਾਰ-ਪੰਜ ਸੀਟਾਂ ਨੂੰ ਲੈ ਕੇ ਚਿੰਤਤ ਨਜ਼ਰ ਆ ਰਹੇ ਹਨ। ਭਾਜਪਾ ਦੇ ਸੂਤਰਾਂ ਮੁਤਾਬਕ ਪਾਰਟੀ ਦੇ ਕਾਰਕੁਨਾਂ ਤੇ ਪ੍ਰਮੁੱਖ ਅਹੁਦੇਦਾਰਾਂ ਵਿਚਾਲੇ ਤਾਲਮੇਲ ਨਾ ਹੋਣ ਕਾਰਨ ਪਾਰਟੀ ਵੋਟਰਾਂ ਨੂੰ ਘਰਾਂ ਵਿੱਚੋਂ ਕੱਢ ਕੇ ਬੂਥਾਂ ਤੱਕ ਲਿਆਉਣ ਵਿਚ ਕਾਮਯਾਬ ਨਹੀਂ ਹੋਈ। ਇਕ ਭਾਜਪਾ ਆਗੂ ਮੁਤਾਬਕ ਝੁਨਝੁਨੂ, ਦੌਸਾ, ਸੀਕਰ ਤੇ ਭਰਤਪੁਰ ਹਲਕੇ ਵਿਚ ਪਾਰਟੀ ਉਮੀਦਵਾਰ ਫਸਵੀਂ ਟੱਕਰ ਵਿਚ ਫਸ ਗਏ ਹਨ। ਇਹ ਸੀਟਾਂ ਪਾਰਟੀ ਨੇ ਸਭ ਤੋਂ ਕਮਜ਼ੋਰ ਮੰਨੀਆਂ ਹਨ। ਝੁਨਝੁਨੂ ਵਿਚ ਤਾਂ ਕਈ ਅਸੰਬਲੀ ਸੀਟਾਂ 'ਤੇ ਪੋਲਿੰਗ ਵਿਚ ਭਾਰੀ ਗਿਰਾਵਟ ਆਈ ਹੈ। ਭਰਤਪੁਰ ਵਿਚ ਮੇਵ ਖੇਤਰ ਵਿਚ ਸ਼ਾਮਲ ਕਾਮਾਂ ਵਿਚ ਵਧੀ ਵੋਟਿੰਗ ਨੇ ਭਾਜਪਾ ਦੀ ਸਿਰਦਰਦੀ ਵਧਾਈ ਹੈ। ਪਾਰਟੀ ਨਾਗੌਰ, ਚੁਰੂ, ਕਰੌਲੀ-ਧੌਲਪੁਰ ਤੇ ਸ੍ਰੀਗੰਗਾਨਗਰ ਵਿਚ ਵੀ ਟੱਕਰ ਮੰਨ ਕੇ ਚੱਲ ਰਹੀ ਹੈ। ਕਾਂਗਰਸ ਦੇ ਰਣਨੀਤੀਕਾਰ ਦੌਸਾ, ਝੁਨਝੁਨੂ, ਚੁਰੂ, ਸੀਕਰ, ਭਰਤਪੁਰ ਤੇ ਸ੍ਰੀਗੰਗਾਨਗਰ ਵਿਚ ਚੰਗੀ ਸਥਿਤੀ ਵਿਚ ਹੋਣ ਦਾ ਦਾਅਵਾ ਕਰ ਰਹੇ ਹਨ। ਨਾਗੌਰ, ਕਰੌਲੀ-ਧੌਲਪੁਰ ਤੇ ਅਲਵਰ ਵਿਚ ਕਾਂਟੇ ਦੀ ਟੱਕਰ ਦੱਸ ਰਹੇ ਹਨ। ਕਾਂਗਰਸੀ ਘੱਟ ਪੋਲਿੰਗ ਨੂੰ ਆਪਣੇ ਹੱਕ ਵਿਚ ਦੇਖ ਰਹੇ ਹਨ। ਭਰਤਪੁਰ ਦੇ ਮੇਵਾਤ ਵਿਚ ਬੰਪਰ ਵੋਟਿੰਗ ਨੂੰ ਕਾਂਗਰਸ ਆਪਣੇ ਹੱਕ ਵਿਚ ਮੰਨ ਕੇ ਚੱਲ ਰਹੀ ਹੈ।

# ਖੇਤੀ ਸੰਕਟ ਦੇ ਹੱਲ ਲਈ ਗ਼ਦਰੀ ਭਾਵਨਾ ਦੀ ਲੋੜ : ਡਾ. ਦੇਵਿੰਦਰ ਸ਼ਰਮਾ

### ਗ਼ਦਰ ਪਾਰਟੀ ਦਾ ਸਥਾਪਨਾ ਦਿਹਾੜਾ ਮਨਾਇਆ



**ਜਲੰਧਰ** : ਮੁਲਕ ਨੂੰ ਮੁਕੰਮਲ ਆਜ਼ਾਦੀ, ਜਮਹੂਰੀਅਤ, ਧਰਮ-ਨਿਰਪੱਖਤਾ ਅਤੇ ਬਰਾਬਰੀ ਭਰੇ ਨਿਜ਼ਾਮ ਦੀ ਸਿਰਜਣਾ ਲਈ ਕਦਮ-ਵਧਾਰਾ ਕਰਨ ਦੇ ਸੰਕਲਪ ਨਾਲ ਜੁੜੀ ਗ਼ਦਰ ਪਾਰਟੀ ਦੇ ਐਤਵਾਰ 111ਵੇਂ ਜਨਮ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹੋਏ ਸਮਾਗਮ ਨੇ ਸੱਦਾ ਦਿੱਤਾ ਕਿ ਸਾਡੇ ਪਿਆਰੇ ਵਤਨ ਉਪਰ ਸਾਮਰਾਜੀ ਕਾਰਪੋਰੇਟ ਘਰਾਣਿਆਂ ਅਤੇ ਫ਼ਿਰਕੂ ਫਾਸ਼ੀ ਹੱਲੇ ਨੂੰ ਪਛਾੜਨ ਅਤੇ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਨੂੰ ਪਰਣਾਈਆਂ ਸ਼ਕਤੀਆਂ ਨੂੰ ਧੜੱਲੇ ਨਾਲ ਦੇਸ਼ ਵਾਸੀਆਂ ਦੀ ਬਾਂਹ ਫੜਨ ਲਈ ਅੱਗੇ ਆਉਣ ਦੀ ਲੋੜ ਹੈ।

ਸਮਾਗਮ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਹਾਲ ਦੇ ਮੁੱਖ ਪ੍ਰਵੇਸ਼ ਦੁਆਰ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਤੇਜਿੰਦਰ ਵਿਰਲੀ ਵੱਲੋਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਨਾਲ਼ ਹੋਇਆ। ਝੰਡੇ 'ਤੇ ਫੁੱਲਾਂ ਦੀ ਵਰਖਾ ਮੌਕੇ 'ਗ਼ਦਰੀ ਦੇਸ਼ ਭਗਤਾਂ ਦਾ ਪੈਗ਼ਾਮ: ਜਾਰੀ ਰੱਖਣਾ ਹੈ ਸੰਗਰਾਮ' ਵਰਗੇ ਨਾਅਰੇ ਗੂੰਜ ਉੱਠੇ।

ਮੁੱਖ ਦੁਆਰ ਤੋਂ ਮਾਰਚ ਕਰਦਾ ਕਾਫ਼ਲਾ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਪੁੱਜਾ। ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਅਪ੍ਰੈਲ ਮਹੀਨੇ ਦੀਆਂ ਇਤਿਹਾਸਕ ਘਟਨਾਵਾਂ ਅਤੇ ਸਾਡੇ ਮਹਿਬੂਬ ਨਾਇਕਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹਨਾਂ ਤੋਂ ਪ੍ਰੇਰਨਾ ਲੈਂਦੇ ਹੋਏ ਸਾਨੂੰ ਅਜੋਕੇ ਸਮੇਂ ਦੀਆਂ ਚੁਣੌਤੀਆਂ ਨੂੰ ਸਰ ਕਰਨ ਲਈ ਸਮੇਂ ਦੇ ਹਾਣੀ ਹੋਣ ਦੀ ਲੋੜ ਹੈ।

ਸਮਾਗਮ ਦੇ ਮੁੱਖ ਵਕਤਾ ਡਾ. ਦੇਵਿੰਦਰ ਸ਼ਰਮਾ ਅਤੇ ਕਮਲਜੀਤ ਸਿੰਘ (ਸਕਸ਼ਮ ਨਿਊਜ਼ ਲੈਟਰ ਆਨ ਫਾਰਮਰਜ਼ ਇਨਵੇਸ਼ਨਜ਼ ਐਂਡ ਟ੍ਰੇਡੀਸ਼ਨਲ ਨਾਲਜ) ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ।

ਇਸ ਮੌਕੇ ਮੰਚ 'ਤੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਡਾ. ਤੇਜਿੰਦਰ ਵਿਰਲੀ ਤੋਂ ਇਲਾਵਾ ਡਾ. ਦੇਵਿੰਦਰ ਸ਼ਰਮਾ ਬਿਰਾਜਮਾਨ ਸਨ।

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਪ੍ਰਕਾਸ਼ਤ ਪੁਸਤਕ 'ਸ਼ਹੀਦੀ ਜੀਵਨੀਆਂ' (ਕਿਰਤੀ ਵਾਰਤਕ ਭਾਗ ਪਹਿਲਾ) ਲੋਕ ਅਰਪਣ ਕੀਤੀ ਗਈ ਅਤੇ ਪੁਸਤਕ ਸਬੰਧੀ ਸੰਪਾਦਕ ਚਰੰਜੀ ਲਾਲ ਕੰਗਣੀਵਾਲ ਨੇ ਰੌਸ਼ਨੀ ਪਾਈ। ਉਪਰੰਤ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਤੇਜਿੰਦਰ ਵਿਰਲੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਗ਼ਦਰ ਝੰਡਾ ਲਹਿਰਾਉਣ ਦਾ ਮਤਲਬ ਰੱਸੀ ਖਿੱਚ ਕੇ ਕੱਪੜੇ ਦਾ ਝੰਡਾ ਹਵਾ ਵਿੱਚ ਲਹਿਰਾਉਣਾ ਨਹੀਂ, ਸਗੋਂ ਇਹ ਗ਼ਦਰੀ ਦੇਸ਼ ਭਗਤਾਂ ਦੇ ਮਿਸ਼ਨ ਨੂੰ ਬੁਲੰਦ ਰੱਖਣ ਦਾ ਅਹਿਦ ਕਰਨਾ ਹੈ।

ਡਾ. ਤੇਜਿੰਦਰ ਵਿਰਲੀ ਨੇ ਕਿਹਾ ਕਿ ਗ਼ਦਰ ਪਾਰਟੀ ਦੀ ਸੋਚ ਨੂੰ ਮਨੀਂ ਵਸਾਉਂਦੇ ਹੋਏ ਲੋਕਾਂ ਦੀ ਜ਼ਿੰਦਗੀ 'ਚ ਖੁਸ਼ਹਾਲੀ ਲਿਆਉਣ ਲਈ ਕਾਰਪੋਰੇਟ ਘਰਾਣਿਆਂ ਅਤੇ ਫ਼ਿਰਕੂ ਤਾਕਤਾਂ ਦੇ ਝੰਡਾ ਬਰਦਾਰਾਂ ਨੂੰ ਪਛਾੜਨ ਲਈ ਲੋਕ ਆਵਾਜ਼ ਨੂੰ ਹਰ ਪੱਖੋਂ ਸ਼ਕਤੀਸ਼ਾਲੀ ਕਰਨ ਦੀ ਲੋੜ ਹੈ।

ਕਮੇਟੀ ਮੈਂਬਰ ਡਾ. ਪਰਮਿੰਦਰ ਨੇ ਡਾ. ਦੇਵਿੰਦਰ ਸ਼ਰਮਾ ਦੀ ਖੇਤੀ, ਖਾਧ ਪਦਾਰਥ ਖੇਤਰ ਵਿੱਚ ਅਮੁੱਲੀ ਦੇਣ ਬਾਰੇ ਰੌਸ਼ਨੀ ਪਾਈ। ਉਹਨਾ ਕਿਹਾ ਕਿ ਖੇਤੀ ਸੰਕਟ ਅਤੇ ਹੱਲ ਵਿਸ਼ੇ 'ਤੇ ਅੱਜ ਦੀ ਚਰਚਾ ਭਵਿੱਖ਼ 'ਚ ਚਰਚਾਵਾਂ ਲਈ ਦੁਆਰ ਖੋਲ੍ਹੇਗੀ।

ਉਨ੍ਹਾ ਕਿਹਾ ਕਿ ਪੰਜਾਬ ਦੀ ਕਿਸਾਨ ਲਹਿਰ ਜਿਨ੍ਹਾਂ ਸੁਆਲਾਂ ਨਾਲ ਦੋ0ਚਾਰ ਹੋ ਰਹੀ ਹੈ, ਉਹਨਾਂ ਦੇ ਜਵਾਬ ਤਲਾਸ਼ਣ ਵਿੱਚ ਕਾਰਗਰ ਹੋਏਗੀ ਅੱਜ ਦੀ ਵਿਚਾਰ-ਚਰਚਾ।

ਮੁੱਖ ਵਕਤਾ ਡਾ. ਦੇਵਿੰਦਰ ਸ਼ਰਮਾ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਖੇਤੀ ਖੇਤਰ ਦੇ ਚੌਤਰਫ਼ੇ ਸੰਕਟ ਦੇ ਹੱਲ ਲਈ ਜੋ ਠੋਸ ਵਿਧੀ ਦੀ ਲੋੜ ਹੈ, ਉਹ ਅਪਨਾਉਣ ਦੀ ਬਜਾਏ ਖੇਤੀ ਖੇਤਰ ਨੂੰ ਤਬਾਹ ਕਰਨ ਲਈ ਸਗੋਂ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ। ਦੁੱਧ, ਅ ਨ ਾ ਜ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਕੋਈ ਵੀ ਪਾਰਟੀ ਟਿਕਟ ਦੀ ਨਾਂਹ ਆਖੇ,
ਦਾਅਵੇਦਾਰ ਨੂੰ ਚੜ੍ਹਦਾ ਏ ਤਾਅ ਮੀਆਂ।
ਟਿਕਟ ਮਿਲੀ ਬਿਨ ਹੋਊਗਾ ਜੀਣ ਔਖਾ,
ਆਗੂ ਵਰਤਦੇ ਸਾਰੇ ਫਿਰ ਦਾਅ ਮੀਆਂ।
ਮਿਲਦੀ ਕਿਸੇ ਦੀ ਟਿਕਟ ਹੈ ਖੁੱਸ ਜਾਂਦੀ,
ਮਿਲੀ ਟਿਕਟ ਕੋਈ ਲਵੇ ਬਚਾਅ ਮੀਆਂ।
ਕਿਸੇ ਦੀ ਚੜ੍ਹਤ ਨੂੰ ਜਾਂਦਾ ਹੈ ਲੱਗ ਖੋਰਾ,
ਚੜ੍ਹਿਆ ਦੂਜੇ ਦਾ ਡਿੱਗਿਆ ਭਾਅ ਮੀਆਂ।
ਨੀਂਦ ਵਿੱਚ ਵੀ ਟਿਕਟ ਦਾ ਫਿਕਰ ਖਾਂਦਾ,
ਚੱਲੀ ਮੀਟਿੰਗਾਂ ਦਾ ਜਾਂਦਾ ਈ ਦੌਰ ਮੀਆਂ।
ਰਾਤੀਂ ਸਿਆਸਤ ਦੀ ਹੋਰ ਤਸਵੀਰ ਹੁੰਦੀ,
ਸੁਬ੍ਹਾ ਨੂੰ ਹੁੰਦੀ ਆ ਔਰ ਦੀ ਔਰ ਮੀਆਂ।

-ਤੀਸ ਮਾਰ ਖਾਂ

# ਲੁਬਾਣਾ ਸੂਬਾ ਪ੍ਰਧਾਨ, ਉੱਗੀ ਐਕਟਿੰਗ ਪ੍ਰਧਾਨ ਤੇ ਰਾਣਵਾਂ ਮੁੜ ਸਕੱਤਰ ਜਨਰਲ ਚੁਣੇ ਗਏ

### ਮੁਲਾਜ਼ਮਾਂ ਨਾਲ ਵਾਅਦਾ-ਖਿਲਾਫੀ ਕਰਨ ਵਾਲੀਆਂ ਸਿਆਸੀ ਪਾਰਟੀਆਂ ਨੂੰ ਲੋਕ ਸਭਾ ਚੋਣਾਂ ਦੌਰਾਨ ਸਬਕ ਸਿਖਾਉਣ ਦਾ ਦਿੱਤਾ ਸੱਦਾ



**ਜਲੰਧਰ** : ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਮੁੱਖ ਦਫਤਰ 1680, ਸੈਕਟਰ 22 ਬੀ, ਚੰਡੀਗੜ੍ਹ ਦੀ ਸੂਬਾਈ ਕਾਨਫਰੰਸ ਹੋਈ। ਕਾਨਫਰੰਸ ਦੇ ਪ੍ਰਧਾਨਗੀ ਮੰਡਲ ਵਿੱਚ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਸੂਬਾਈ ਚੇਅਰਮੈਨ ਸੁਖਦੇਵ ਸਿੰਘ ਸੁਰਤਾਪੁਰੀ, ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ, ਜਸਵਿੰਦਰ ਪਾਲ ਉੱਗੀ, ਸੀਨੀਅਰ ਮੀਤ ਪ੍ਰਧਾਨ, ਵਿੱਤ ਸਕੱਤਰ ਚੰਦਨ ਸਿੰਘ, ਵੇਦ ਪ੍ਰਕਾਸ਼ ਜਲੰਧਰ, ਗੁਰਮੇਲ ਸਿੰਘ ਮੈਲਡੇ, ਕਰਤਾਰ ਸਿੰਘ ਪਾਲ, ਮੇਲਾ ਸਿੰਘ ਪੁੰਨਾਂਵਾਲ, ਬਲਜਿੰਦਰ ਸਿੰਘ, ਜਗਮੋਹਣ ਨੌਲੱਖਾ, ਰਾਜ ਕੁਮਾਰ ਰੰਗਾ, ਜਸਵਿੰਦਰ ਸਿੰਘ ਫਤਿਹਗੜ੍ਹ ਸਾਹਿਬ, ਗੁਰਤੇਜ ਸਿੰਘ ਬਠਿੰਡਾ, ਇਕਬਾਲ ਸਿੰਘ ਢੁੱਡੀ, ਹਰਭਗਵਾਨ ਮੁਕਤਸਰ ਸਾਹਿਬ, ਰਮੇਸ਼ ਕੁਮਾਰ ਬਰਨਾਲਾ, ਓਮ ਪ੍ਰਕਾਸ਼ ਫਾਜ਼ਿਲਕਾ, ਵਿਨੋਦ ਕੁਮਾਰ ਲੁਧਿਆਣਾ, ਸੁਭਾਸ਼ ਮੱਟੂ, ਭਵਾਨੀਫੇਰ ਅੰਮ੍ਰਿਤਸਰ, ਹਰਜਿੰਦਰ ਸਿੰਘ ਗੁਰਦਾਸਪੁਰ ਸ਼ਾਮਿਲ ਸਨ। ਸਭ ਤੋਂ ਪਹਿਲਾਂ ਜਥੇਬੰਦੀ ਦਾ ਲਾਲ ਝੰਡਾ ਲਹਿਰਾਇਆ ਗਿਆ ਅਤੇ ਪਿਛਲੇ ਸਮੇਂ ਦੌਰਾਨ ਵਿਛੜੀਆਂ ਵੱਖ-ਵੱਖ ਸ਼ਖਸ਼ੀਅਤਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਕਾਨਫਰੰਸ ਦਾ ਉਦਘਾਟਨ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਰਦਿਆਂ ਦੇਸ਼ ਵਿੱਚ ਪਿਛਲੇ 10 ਸਾਲਾਂ ਤੋਂ ਕੇਂਦਰ ਵਿੱਚ ਹੁਕਮਰਾਨ ਮੋਦੀ ਸਰਕਾਰ ਅਤੇ ਪੰਜਾਬ ਵਿੱਚ ਹੁਕਮਰਾਨ ਭਗਵੰਤ ਮਾਨ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ, ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀਆਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਉਹਨਾ ਸਮੂਹ ਮੁਲਾਜ਼ਮਾਂ-ਪੈਨਸ਼ਨਰਾਂ ਅਤੇ ਇਨਸਾਫਪਸੰਦ ਲੋਕਾਂ ਨੂੰ ਲੋਕ ਸਭਾ ਚੋਣਾਂ ਦੌਰਾਨ ਮੁਲਾਜ਼ਮਾਂ ਅਤੇ ਆਮ ਲੋਕਾਂ ਨਾਲ ਵਾਅਦੇ ਕਰਕੇ ਮੁਕਰਨ ਵਾਲੀਆਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਸਬਕ ਸਿਖਾਉਣ ਦਾ ਸੱਦਾ ਦਿੱਤਾ।

ਇਸ ਉਪਰੰਤ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਨੇ ਆਪਣੇ ਕਾਰਜਕਾਲ ਦੌਰਾਨ ਕੀਤੀਆਂ ਗਈਆਂ ਸਰਗਰਮੀਆਂ ਦੀ ਜਥੇਬੰਦਕ ਰਿਪੋਰਟ ਪੇਸ਼ ਕੀਤੀ। ਵਿੱਤ ਦੀ ਰਿਪੋਰਟ ਚੰਦਨ ਸਿੰਘ ਵੱਲੋਂ ਪੇਸ ਕੀਤੀ ਗਈ। ਇਹਨਾਂ ਰਿਪੋਰਟਾਂ 'ਤੇ ਵੱਖ-ਵੱਖ ਆਗੂਆਂ ਮੇਲਾ ਸਿੰਘ ਪੁੰਨਾਂਵਾਲ, ਵੇਦ ਪ੍ਰਕਾਸ਼, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਹਰਭਗਵਾਨ ਮੁਕਤਸਰ, ਸੀਤਾ ਰਾਮ ਸ਼ਰਮਾ, ਮਨਜੀਤ ਸਿੰਘ ਬਠਿੰਡਾ, ਡਿੰਪਲ ਰਹੇਲਾ, ਕਰਮ ਸਿੰਘ ਭੱਟੀ ਤੇ ਇਕਬਾਲ ਸਿੰਘ ਢੁੱਡੀ ਨੇ ਭਾਗ ਲੈਂਦੇ ਹੋਏ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ।

ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਵੱਖ-ਵੱਖ ਵਿਭਾਗਾਂ ਦਾ ਤੇਜ਼ੀ ਨਾਲ ਨਿੱਜੀਕਰਨ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕਰਨ, ਲੇਬਰ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਕਰਕੇ ਮੁਲਾਜ਼ਮਾਂ ਤੇ ਮਜ਼ਦੂਰਾਂ ਦੇ ਹੱਕਾਂ 'ਤੇ ਡਾਕਾ ਮਾਰਨ ਦੀ ਸਖ਼ਤ ਨਿੰਦਾ ਕੀਤੀ। ਪੰਜਾਬ ਦੀ ਹੁਕਮਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਹੱਕੀ ਅਤੇ ਜਾਇਜ਼ ਮੰਗਾਂ, ਜਿਵੇਂ ਕਿ ਹਰ ਤਰ੍ਹਾਂ ਦੇ ਕੱਚੇ, ਠੇਕਾ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਨਾ ਕਰਨਾ, ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ ਤਿੰਨ ਕਿਸ਼ਤਾਂ 12 ਫੀਸਦੀ ਨਾ ਦੇਣਾ , ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਜਨਵਰੀ 2016 ਤੋਂ 30 ਜੂਨ 2021 ਤੱਕ ਦਾ ਲਮਕ ਅਵਸਥਾ ਵਿੱਚ ਪਿਆ ਬਕਾਇਆ ਨਾ ਦੇਣਾ, ਪੈਨਸ਼ਨਰ ਸੋਧ ਗੁਣਾਕ 2.59 ਲਾਗੂ

● ਬਾਕੀ ਸਫ਼ਾ 2 'ਤੇ

## ਆਕਸਫੋਰਡ ਸਕੂਲ 'ਚ ਨੰਨ੍ਹੇ-ਮੁੰਨਿਆਂ ਦੇ ਫੈਂਸੀ ਡਰੈੱਸ ਮੁਕਾਬਲੇ ਕਰਵਾਏ




**ਭਗਤਾ ਭਾਈ ਕਾ (ਰਾਜੀਵ ਗੋਇਲ)**-ਦਾ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ 'ਚ ਪ੍ਰੀ-ਨਰਸਰੀ ਤੇ ਨਰਸਰੀ ਜਮਾਤ ਦੇ ਵਿਦਿਆਰਥੀਆਂ ਦਾ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਉਨ੍ਹਾਂ ਦੇ ਮਾਪਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਨੰਨ੍ਹੇ-ਮੁੰਨੇ ਵਿਦਿਆਰਥੀ ਵੱਖੋ-ਵੱਖਰੀਆਂ ਡਰੈੱਸਾਂ ਵਿੱਚ ਬੜੇ ਹੀ ਪਿਆਰੇ ਲੱਗ ਰਹੇ ਸਨ।ਇਸ ਪ੍ਰੋਗਰਾਮ ਦੌਰਾਨ ਮਾਪਿਆਂ ਲਈ ਵੀ ਮਨੋਰੰਜਕ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਸੀ।ਫੈਂਸੀ ਡਰੈੱਸ ਮੁਕਾਬਲੇ ਸ਼ੋਅ ਵਿੱਚ ਪਹਿਲੀ, ਦੂਜੀ ਤੇ ਤੀਜੀ ਪੁਜ਼ੀਸ਼ਨ 'ਤੇ ਆਏ ਵਿਦਿਆਰਥੀਆਂ ਨਾਇਹਾ ਸਿੰਗਲਾ, ਅਲੀਜ਼ਾ ਕੌਰ, ਫਤਿਹਵੀਰ ਸਿੰਘ ਤੇ ਪ੍ਰਭਨਦਰ ਵਰਦਾਨ ਸਿੰਘ ਨੂੰ ਇਨਾਮ ਦਿੱਤੇ ਗਏ।ਇਸ ਸੰਬੰਧੀ ਮੈਡਮ ਅਮਨ ਸੰਧਰ ਨਾਲ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਇਸ ਫੈਂਸੀ ਡਰੈੱਸ ਮੁਕਾਬਲੇ ਨੂੰ ਕਰਵਾਉਣ ਦਾ ਮਕਸਦ ਸ਼ੁਰੂ ਤੋਂ ਹੀ ਵਿਦਿਆਰਥੀਆਂ ਅੰਦਰ ਆਤਮ-ਵਿਸ਼ਵਾਸ, ਆਪਣਾ ਹੁਨਰ ਦੂਜਿਆਂ ਅੱਗੇ ਪੇਸ਼ ਕਰਨਾ ਆਦਿ ਗੁਣ ਵਿਕਸਿਤ ਕਰਨਾ ਹੈ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਹੱਲਾਸ਼ੇਰੀ ਦਿੱਤੀ ਤੇ ਮਾਪਿਆਂ ਨਾਲ ਵਾਅਦਾ ਕੀਤਾ ਕਿ ਉਹ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਸਮੇਂ-ਸਮੇਂ 'ਤੇ ਇਹੋ ਜਿਹੇ ਉਪਰਾਲੇ ਕਰਦੇ ਰਹਿਣਗੇ।

## ਸ਼ਿਵਾਲਿਕ ਮਾਡਲ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ



**ਜਗਰਾਉਂ (ਅਮਿਤ ਖੰਨਾ)**-ਸ਼ਿਵਾਲਿਕ ਮਾਡਲ ਸਕੂਲ ਜਗਰਾਉਂ ਦਾ ਦਸਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ, ਜਿਸ ਵਿੱਚ ਜਸਲੀਨ ਕੌਰ ਨੇ 93.84% ਅੰਕਾਂ ਨਾਲ ਪਹਿਲਾ, ਕੁਮਕੁਮ ਨੇ 91.53% ਅੰਕਾਂ ਨਾਲ ਦੂਜਾ, ਟੀਨਾ ਨੇ 91.38% ਅੰਕਾਂ ਨਾਲ ਤੀਜਾ ਤੇ ਨਵਦੀਪ ਕੁਮਾਰ ਗੋਇਲ ਨੇ 90% ਅੰਕਾਂ ਨਾਲ ਸਕੂਲ ਵਿੱਚੋਂ ਚੌਥਾ ਸਥਾਨ ਪ੍ਰਾਪਤ ਕੀਤਾ।ਕੁੱਲ ਵਿਦਿਆਰਥੀਆਂ ਵਿੱਚੋਂ 20 ਵਿਦਿਆਰਥੀਆਂ ਨੇ 80% ਤੋਂ ਵੱਧ, 12 ਵਿਦਿਆਰਥੀਆਂ ਨੇ 70% ਤੋਂ ਵੱਧ ਤੇ 14 ਵਿਦਿਆਰਥੀਆਂ ਨੇ 60% ਤੋਂ ਵੱਧ ਅੰਕ ਪ੍ਰਾਪਤ ਕੀਤੇ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਨੀਲਮ ਸ਼ਰਮਾ, ਪ੍ਰਧਾਨ ਅਪਾਰ ਸਿੰਘ, ਮੈਂਬਰ ਪ੍ਰੋਫੈਸਰ ਕਰਮਜੀਤ ਸਿੰਘ ਸੰਧੂ ਤੇ ਡਾਇਰੈਕਟਰ ਡੀ ਕੇ ਸ਼ਰਮਾ ਨੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ।ਉਨ੍ਹਾਂ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਦੇ ਆਉਣ ਵਾਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਸਕੂਲ ਦੇ ਚੇਅਰਮੈਨ ਬੀ ਕੇ ਸਿਆਲ, ਸੈਕਟਰੀ ਚੰਦਰ ਮੋਹਨ ਓਹਰੀ ਤੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਮਹਿਤਾ ਨੇ ਵੀ ਬੱਚਿਆਂ ਤੇ ਅਧਿਆਪਕਾਂ ਨੂੰ ਮੁਬਾਰਕਾਂ ਦਿੱਤੀਆਂ।

## ਸੰਤ ਕਬੀਰ ਸਕੂਲ ਵੱਲੋਂ ਵੋਟਰ ਜਾਗਰੂਕਤਾ ਰੈਲੀ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਭੁੱਚੋ ਦੇ ਵਿਦਿਆਰਥੀਆਂ ਤੇ ਸਟਾਫ ਵੱਲੋਂ ਵੋਟਰ ਜਾਗਰੂਕਤਾ ਰੈਲੀ ਕੱਢੀ ਗਈ। ਰੈਲੀ ਵਿੱਚ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਰੈਲੀ ਦੌਰਾਨ ਵਿਦਿਆਰਥੀਆਂ ਨੇ ਨੁੱਕੜ ਨਾਟਕ ਪੇਸ਼ ਕੀਤਾ ਤੇ "ਮੈਂ ਵੋਟ ਪਾਉਣ ਜਾਣਾ ਹੈ, ਆਪਣਾ ਫਰਜ਼ ਨਿਭਾਉਣਾ ਹੈ" ਅਤੇ 'ਸਾਰੇ ਕੰਮ ਛੋੜ ਦੋ, ਸਭ ਤੋਂ ਪਹਿਲਾਂ ਵੋਟ ਦੋ' ਆਦਿ ਨਾਅਰੇ ਲਗਾਏ। ਰੈਲੀ ਰਾਹੀਂ ਵੋਟਰਾਂ ਨੂੰ ਚੋਣਾਂ ਵਿੱਚ ਬੇਖੌਫ ਹੋ ਕੇ ਵੋਟ ਪਾਉਣ ਦੀ ਅਪੀਲ ਕੀਤੀ




ਗਈ। ਉਪਰੰਤ ਵਿਦਿਆਰਥੀਆਂ ਲਈ ਸੈਮੀਨਾਰ ਵੀ ਕਰਵਾਇਆ ਗਿਆ, ਜਿਸ ਵਿੱਚ ਨੋਡਲ ਅਫ਼ਸਰ ਸ੍ਰ. ਗੁਰਤੇਜ ਸਿੰਘ ਨੇ ਵਿਦਿਆਰਥੀਆਂ ਨੂੰ ਵੋਟ ਪਾਉਣ ਦੀ ਸਹੀ ਉਮਰ ਬਾਰੇ ਜਾਗਰੂਕ ਕੀਤਾ। ਡਾ: ਪ੍ਰੇਮ ਕੁਮਾਰ ਸਿੰਗਲਾ ਤੇ ਪ੍ਰਿਤਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਆਪਣੇ ਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੋਟ ਦੀ ਮਹੱਤਤਾ ਬਾਰੇ ਦੱਸਣ ਲਈ ਕਿਹਾ। ਸਕੂਲ ਦੇ ਐੱਮ. ਡੀ. ਪ੍ਰੋ. ਐੱਮ. ਐੱਲ. ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਰੈਲੀ ਲਈ ਪ੍ਰਸ਼ਾਸਨਕ ਟੀਮ ਦਾ ਧੰਨਵਾਦ ਕੀਤਾ।

## ਐੱਮ ਏ ਐੱਮ ਸਕੂਲ 'ਚ ਕਿੰਡਰ ਗਾਰਡਨ ਓਰੀਐਂਨਟੇਸ਼ਨ ਪ੍ਰੋਗਰਾਮ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ਼ ਪਬਲਿਕ ਸਕੂਲ ਵਿਖੇ ਕਿੰਡਰ ਗਾਰਡਨ ਸੈਕਸ਼ਨ ਲਈ ਓਰੀਐਂਟੇਸ਼ਨ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ, ਦਿਨੇਸ਼ ਤੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ।ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕੀਤਾ ਗਿਆ।ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਇਸ ਮੌਕੇ ਪਹੁੰਚੇ ਸਾਰੇ ਮਾਪਿਆਂ ਦਾ ਸਵਾਗਤ ਕੀਤਾ।ਉਨ੍ਹਾਂ ਮਾਪਿਆਂ ਨੂੰ ਕਿਹਾ ਕਿ ਉਹ ਵੱਧ ਤੋਂ ਵੱਧ ਸਮਾਂ ਆਪਣੇ ਬੱਚਿਆਂ ਨਾਲ ਬਿਤਾਉਣ ਜਾਂ ਉਨ੍ਹਾਂ ਨਾਲ ਗੱਲਬਾਤ ਕਰਦੇ ਰਹਿਣ, ਕਿਉਂਕਿ ਮਾਪਿਆਂ ਲਈ ਸਭ ਤੋਂ ਅਨਮੋਲ ਸੰਪਤੀ ਉਨ੍ਹਾਂ ਦੇ ਬੱਚੇ ਹਨ।ਦਿਨੇਸ਼ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਧਿਆਪਨ ਕਾਰਜਪ੍ਰਣਾਲੀ ਤੇ ਪਾਠਕ੍ਰਮ ਨਾਲ ਜਾਣੂ ਕਰਵਾਇਆ।ਇਸ ਪ੍ਰੋਗਰਾਮ ਵਿੱਚ ਨਰਸਰੀ ਤੋਂ ਲੈ ਕੇ ਯੂ.ਕੇ.ਜੀ. ਤੱਕ ਦੇ ਇੰਚਾਰਜ ਤੇ ਕੋਰਡੀਨੇਟਰ ਅਮਨਦੀਪ ਕੌਰ ਨਾਗਰਾ, ਜਸਪਾਲ ਕੌਰ, ਕਰਮਜੀਤ ਕੌਰ ਨੇ ਜਮਾਤਾਂ ਨਾਲ ਸੰਬੰਧਤ ਪਾਠ-ਪੁਸਤਕਾਂ, ਲਿਖਤੀ ਪੁਸਤਕਾਂ, ਪਾਠਕ੍ਰਮ ਨਾਲ ਸੰਬੰਧਤ ਗਤੀਵਿਧੀਆਂ ਨਾਲ ਜਾਣੂ ਕਰਵਾਇਆ।ਅੰਤ ਵਿੱਚ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਮਾਪਿਆਂ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਬੱਚਿਆਂ ਦਾ ਪਾਲਣ-ਪੋਸ਼ਣ ਪਿਆਰ ਨਾਲ ਕਰਨ ਤੇ ਉਨ੍ਹਾਂ ਦੀ ਨੀਂਹ ਮਜ਼ਬੂਤ ਕਰਨ ਲਈ ਮਾਤਾ-ਪਿਤਾ ਨੂੰ ਅੱਗੇ ਆਉਣ ਲਈ ਕਿਹਾ ਅਤੇ ਸਾਰੇ ਮਾਪਿਆਂ ਦਾ ਧੰਨਵਾਦ ਕੀਤਾ।ਰਾਸ਼ਟਰੀ ਗਾਣ ਗਾ ਕੇ ਇਸ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।

## ਸਰਕਾਰੀ ਹਾਈ ਸਮਾਰਟ ਸਕੂਲ ਬਰਕੰਦੀ ਦਾ ਨਤੀਜਾ ਸ਼ਾਨਦਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਰਕਾਰੀ ਹਾਈ ਸਮਾਰਟ ਸਕੂਲ ਬਰਕੰਦੀ ਦਾ ਦਸਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ।ਦਸਵੀਂ ਜਮਾਤ ਦੇ ਕੁੱਲ 27 ਬੱਚਿਆਂ ਵੱਲੋਂ ਪ੍ਰੀਖਿਆ ਦਿੱਤੀ ਗਈ ਤੇ ਸਾਰੇ ਹੀ ਬੱਚਿਆਂ ਵੱਲੋਂ ਇਹ ਪ੍ਰੀਖਿਆ ਵਧੀਆ ਅੰਕ ਹਾਸਲ ਕਰਕੇ ਪਾਸ ਕੀਤੀ ਗਈ।ਇਸ ਮੌਕੇ ਸਕੂਲ ਦੇ ਹੈੱਡ ਮਿਸਟ੍ਰੈੱਸ ਨੀਤੂ ਚੋਪੜਾ ਨੇ ਦੱਸਿਆ ਕਿ ਰਮਨਦੀਪ ਕੌਰ ਪੁੱਤਰੀ ਸੁਖਦੇਵ ਸਿੰਘ ਨੇ 585/650 ਅੰਕ ਹਾਸਲ ਕਰਕੇ ਸਕੂਲ ਵਿੱਚੋਂ ਪਹਿਲਾ, ਅਰਸ਼ਦੀਪ ਕੌਰ ਪੁੱਤਰੀ ਬਲਵਿੰਦਰ ਸਿੰਘ ਨੇ 557/650 ਅੰਕ ਲੈ ਕੇ ਦੂਜਾ, ਲਵਜੋਤ ਕੌਰ ਪੁੱਤਰੀ ਸੁਖਵਿੰਦਰ ਸਿੰਘ ਨੇ 556/650 ਅੰਕ ਹਾਸਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਇਨਾਮ ਵੰਡ ਸਮਾਰੋਹ ਦੌਰਾਨ ਛੇਵੀਂ, ਸੱਤਵੀਂ ਤੇ ਨੌਵੀਂ ਜਮਾਤ ਦੇ ਵਿਦਿਆਰਥੀ, ਜਿਨ੍ਹਾਂ ਨੇ ਸਾਲਾਨਾ ਇਮਤਿਹਾਨ ਵਿੱਚੋਂ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਹਾਸਲ ਕੀਤਾ ਸੀ, ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਜਿਨਾਂ ਵਿਦਿਆਰਥੀਆਂ ਦੀ ਸਕੂਲ ਵਿੱਚ 100 ਪ੍ਰਤੀਸ਼ਤ ਹਾਜ਼ਰੀ ਸੀ, ਨੂੰ ਵੀ ਸਟਾਫ਼ ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਮੈਡਮ ਨੀਤੂ ਚੋਪੜਾ ਨੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੰਦਿਆਂ ਬੱਚਿਆਂ ਨੂੰ ਭਵਿੱਖ ਵਿੱਚ ਹੋਰ ਚੰਗੇ ਨਤੀਜੇ ਲਿਆਉਣ ਦੀ ਕਾਮਨਾ ਕੀਤੀ।ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ 'ਚ ਸਾਲਾਨਾ ਖੇਡਾਂ ਕਰਾਈਆਂ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਥਾਨਕ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਵਿਖੇ ਸਾਲਾਨਾ ਖੇਡ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਕੂਲੀ ਵਿਦਿਆਰਥੀਆਂ ਦੇ ਅੰਤਰ ਹਾਊਸ ਮੁਕਾਬਲੇ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਦੀ ਸਰਪ੍ਰਸਤੀ ਹੇਠ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਸ਼ਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਹਾਊਸ, ਬਾਬਾ ਜੁਝਾਰ ਸਿੰਘ ਜੀ ਹਾਊਸ, ਬਾਬਾ ਜ਼ੋਰਾਵਰ ਸਿੰਘ ਜੀ ਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਹਾਊਸ ਦੇ ਖਿਡਾਰੀਆਂ ਨੇ ਹਿੱਸਾ ਲਿਆ। ਇਸ ਦੌਰਾਨ ਫੁੱਟਬਾਲ, ਵਾਲੀਬਾਲ, ਹੈਂਡਬਾਲ, ਟੇਬਲ ਟੈਨਿਸ, ਬੈਡਮਿੰਟਨ, ਸ਼ਤਰੰਜ ਤੇ ਰੱਸਾਕਸੀ ਦੇ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।ਇਨ੍ਹਾਂ ਅੰਤਰ ਹਾਊਸ ਮੁਕਾਬਲਿਆਂ ਵਿੱਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਹਾਊਸ ਨੇ ਓਵਰਆਲ ਪਹਿਲਾ, ਬਾਬਾ ਜ਼ੋਰਾਵਰ ਸਿੰਘ ਜੀ ਹਾਊਸ ਨੇ ਦੂਜਾ ਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਹਾਊਸ ਨੇ ਤੀਸਰਾ ਸਥਾਨ ਹਾਸਲ ਕੀਤਾ।ਇਸ ਸਮੇਂ ਜੇਤੂ ਖਿਡਾਰੀਆਂ ਨੂੰ ਸਕੂਲ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਤੇ ਵਾਈਸ ਪ੍ਰਿੰਸੀਪਲ ਸੀਮਾ ਠਾਕੁਰ ਨੇ ਮੈਡਲ ਪਾ ਕੇ ਸਨਮਾਨਤ ਕੀਤਾ ਅਤੇ ਵਧਾਈ ਦਿੱਤੀ।ਓਵਰਆਲ ਟਰਾਫੀ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਹਾਊਸ ਨੇ ਪ੍ਰਾਪਤ ਕੀਤੀ।ਇਸ ਮੌਕੇ ਡੀ.ਪੀ.ਈ. ਹਰਪ੍ਰੀਤ ਸਿੰਘ, ਮੈਡਮ ਕੁਲਵਿੰਦਰ ਕੌਰ, ਮੈਡਮ ਭੁਪਿੰਦਰ ਕੌਰ ਨੇ ਵਿਸ਼ੇਸ਼ ਭੂਮਿਕਾ ਨਿਭਾਈ।ਇਸ ਸਮੇਂ ਮੈਡਮ ਰਜਿੰਦਰ ਕੌਰ, ਸੁਨੀਲ ਕੁਮਾਰ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਗੁਰੂ ਗੋਬਿੰਦ ਸਿੰਘ ਪਾਰਕ 'ਚ ਮਨਾਇਆ ਜਾਵੇਗਾ ਮਈ ਦਿਹਾੜਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੀ ਆਈ ਟੀ ਯੂ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਇੱਕ ਅਹਿਮ ਮੀਟਿੰਗ ਕਰਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਮਈ ਦਿਹਾੜਾ ਗੁਰੂ ਗੋਬਿੰਦ ਸਿੰਘ ਪਾਰਕ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ।ਮੀਟਿੰਗ ਦੀ ਪ੍ਰਧਾਨਗੀ ਧਰਮਪਾਲ ਵੱਲੋਂ ਕੀਤੀ ਗਈ।ਇਸ ਮੌਕੇ ਆਗੂਆਂ ਨੇ ਕਿਹਾ ਕਿ ਸ਼ਿਕਾਗੋ ਵਿੱਚ ਮਜ਼ਦੂਰਾਂ ਨੇ ਲਹੂ ਚੀਰਵੇਂ ਸੰਘਰਸ਼ ਵਿੱਚ ਆਪਣੀਆਂ ਜਾਨਾਂ ਦੀ ਕੁਰਬਾਨੀ ਦੇ ਕੇ ਕਿਰਤ ਦੀ ਦਿਹਾੜੀ ਦਾ ਸਮਾਂ 8 ਘੰਟੇ ਤਹਿ ਕਰਵਾਇਆ ਤੇ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਕਿਰਤ ਸਬੰਧੀ ਕਾਨੂੰਨ ਬਣਵਾਇਆ ਤੇ ਜਗੀਰੂ ਪ੍ਰਬੰਧ ਤੋਂ ਮੁਕਤੀ ਲਈ ਰਾਹ ਪੱਧਰਾ ਕੀਤਾ, ਪਰ ਸਾਡੇ ਦੇਸ਼ ਦੇ ਹੁਕਮਰਾਨਾਂ ਸਮੇਂ ਸਮੇਂ 'ਤੇ ਸਰਮਾਏਦਾਰੀ ਦੀ ਬੁਕਲ ਵਿੱਚ ਬਹਿ ਕੇ ਕਿਰਤ ਕਾਨੂੰਨ ਨੂੰ ਕਮਜ਼ੋਰ ਕਰਨ ਲਈ ਹਰ ਤਰ੍ਹਾਂ ਦੇ ਹੱਥਕੰਡਿਆਂ ਨੂੰ ਵਰਤਿਆ ਹੈ।ਕੇਂਦਰ ਸਰਕਾਰ ਵੱਲੋਂ ਕਿਰਤ ਕਾਨੂੰਨ ਨੂੰ ਤੋੜ ਕੇ ਇਸ ਦੇ ਚਾਰ ਕੋਡ ਬਣਾਉਣੇ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ।ਇਸ ਸਰਕਾਰ ਦੀਆਂ ਮਜ਼ਦੂਰਾਂ, ਮੁਲਾਜ਼ਮਾਂ ਤੇ ਕਿਸਾਨ ਵਿਰੋਧੀ ਨੀਤੀਆਂ ਜੱਗ ਜ਼ਾਹਰ ਹਨ।ਆਗੂਆਂ ਨੇ ਕਿਹਾ ਕਿ ਪੱਕੀਆਂ ਸਰਕਾਰੀ ਨੌਕਰੀਆਂ ਨੂੰ ਖ਼ਤਮ ਕਰਨਾ ਤੇ ਆਊਟਸੋਰਸ ਠੇਕਾ ਪ੍ਰਣਾਲੀ ਰਾਹੀਂ ਮੁਲਾਜ਼ਮਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਕਰਨਾ ਹੈ।ਮੀਟਿੰਗ ਵਿੱਚ ਪਸਸਫ ਵਿਗਿਆਨਕ ਦੇ ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਜੰਬਰ, ਸੀਟੂ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਤਰਸੇਮ ਲਾਲ, ਗੌਰਮਿੰਟ ਟੀਚਰ ਯੂਨੀਅਨ ਵਿਗਿਆਨਕ ਦੇ ਜ਼ਿਲ੍ਹਾ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਸੰਧੂ, ਹਰਵਿੰਦਰ ਪਾਲ ਤੇ ਕਸ਼ਮੀਰੀ ਲਾਲ ਚਾਵਲਾ ਆਦਿ ਹਾਜ਼ਰ ਸਨ।

## ਪੰਜਾਬੀ ਸੱਭਿਆਚਾਰਕ ਮੰਚ ਦੀ ਮਹਿਫ਼ਲ 'ਚ ਕਵੀਆਂ ਨੇ ਬਿਖੇਰਿਆ ਰੰਗ

■ ਬੰਦਿਸ਼ 'ਚ ਕਵਿਤਾ ਦਾ ਪਿੰਗਲ ਰਸ ਜ਼ਰੂਰੀ : ਸੰਤ ਸਿੰਘ ਸੋਹਲ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪੰਜਾਬੀ ਸੱਭਿਆਚਾਰਕ ਮੰਚ ਪੰਜਾਬ ਦੀ ਬੈਠਕ ਲੋਕ ਰੰਗ ਲਾਇਬ੍ਰੇਰੀ ਬਾੜਾ (ਸਰਹਿੰਦ) ਵਿਖੇ ਉੱਘੇ ਸਾਹਿਤਕਾਰ ਡਾ. ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਤੇ ਸੁਰਿੰਦਰ ਕੌਰ ਬਾੜਾ ਦੀ ਰਹਿਨੁਮਾਈ ਹੇਠ ਹੋਈ।ਇਸ ਮੌਕੇ ਗ਼ਜ਼ਲਗੋ ਸੰਤ ਸਿੰਘ ਸੋਹਲ ਨੇ ਕਵਿਤਾ ਤੇ ਗ਼ਜ਼ਲ ਬਾਰੇ ਵਿਚਾਰ ਪ੍ਰਗਟ ਕੀਤੇ।ਅਮਰਜੀਤ ਕੌਰ ਮੋਰਿੰਡਾ ਨੇ ਆਪਣੀ ਗ਼ਜ਼ਲ ਸਾਂਝੀ ਕੀਤੀ ਤੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਵਿਤਾ ਸੁਣਾਈ।ਕੁਲਵੰਤ ਸਿੰਘ ਜੱਸਲ ਨੇ ਤੂੰਬੀ ਨਾਲ ਲੋਕ ਗੀਤ 'ਤਿੰਨਾਂ ਚੀਜ਼ਾਂ ਨੂੰ ਬਚਾ ਲੈ, ਬੇਟੀ, ਪਾਣੀ ਤੇ ਰੁੱਖ' ਪੇਸ਼ ਕੀਤਾ, ਜੋ ਕਾਬਲੇ ਤਾਰੀਫ ਸੀ।ਪ੍ਰੋ. ਲਵਲੀ ਸਲੂਜਾ ਪਨੂੰ ਨੇ ਆਪਣੀ ਪੁਆਧੀ ਬੋਲੀ ਉੱਪਰ ਖੋਜ ਭਰਪੂਰ ਸਿੱਠਣੀਆਂ, ਘੋੜੀਆਂ ਤੇ ਸੁਹਾਗ ਸੁਣਾ ਕੇ ਦਰਸ਼ਕਾਂ ਦਾ ਮਨ ਮੋਹ ਲਿਆ।ਡਾ. ਗੁਰਵਿੰਦਰ ਅਮਨ ਨੇ ਆਪਣੀ ਚਰਚਿੱਤ ਮਿੰਨੀ ਕਹਾਣੀ 'ਸਾਧ' ਤੇ ਕਵਿਤਾ 'ਕਾਰੀ' ਸੁਣਾ ਕੇ ਅਜੋਕੇ ਸਮਾਜ 'ਤੇ ਕਟਾਖਸ਼ ਕੀਤਾ।ਕਰਮ ਸਿੰਘ ਹਕੀਰ ਨੇ ਕੈਨੇਡਾ ਵਿੱਚ ਰਹਿੰਦੇ ਬਜ਼ੁਰਗਾਂ ਦੀ ਦਸ਼ਾ ਬਾਰੇ ਆਪਣੀ ਭਾਵਪੂਰਨ ਕਵਿਤਾ ਪੇਸ਼ ਕੀਤੀ।ਨਾਹਰ ਸਿੰਘ ਸੁਪਰਡੈਂਟ ਨੇ ਗੀਤ ਪੇਸ਼ ਕਰਕੇ ਵਾਹ-ਵਾਹ ਖੱਟੀ।ਰਣਜੀਤ ਸਿੰਘ ਫ਼ਤਹਿਗੜ੍ਹ ਸਾਹਿਬ ਨੇ ਕਵਿਤਾ ਸੁਣਾਈ।ਵਾਤਾਵਰਣ ਪ੍ਰੇਮੀ ਹਰਮਨ ਪ੍ਰੀਤ ਸਿੰਘ ਨੇ ਆਪਣੀ ਕਵਿਤਾ ਨਾਲ ਰੰਗ ਬੰਨ੍ਹਿਆ।ਪੰਜਾਬੀ ਸੱਭਿਆਚਾਰਕ ਮੰਚ ਪੰਜਾਬ ਦੀ ਪ੍ਰਧਾਨ ਸੁਰਿੰਦਰ ਕੌਰ ਬਾੜਾ ਨੇ ਆਪਣੀ ਬੁਲੰਦ ਆਵਾਜ਼ ਵਿੱਚ ਘੋੜੀਆਂ ਤੇ ਸਿੱਠਣੀਆਂ ਸੁਣਾ ਕੇ ਮਾਹੌਲ ਖੁਸ਼ਨੁਮਾ ਬਣਾ ਦਿੱਤਾ।ਗਜ਼ਲਗੋ ਸੰਤ ਸਿੰਘ ਸੋਹੀ ਨੇ ਕਵਿਤਾ ਤੇ ਗ਼ਜ਼ਲ ਦੀ ਛੰਦਬੱਧ ਬਾਰੇ ਭਰਪੂਰ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬੰਧਿਸ਼ ਵਿੱਚ ਕਵਿਤਾ ਗੀਤ ਵਿੱਚ ਪਿੰਗਲ ਦਾ ਰਸ ਆਉਣਾ ਜ਼ਰੂਰੀ ਹੈ।ਉਨ੍ਹਾਂ ਗ਼ਜ਼ਲ ਲਿਖਣ ਦੀਆਂ ਬਾਰੀਕੀਆਂ ਬਾਰੇ ਵੀ ਜਾਣਕਾਰੀ ਦਿੱਤੀ।ਅੰਤ ਵਿੱਚ ਬੈਠਕ ਦੀ ਪ੍ਰਧਾਨਗੀ ਕਰ ਰਹੇ ਡਾ. ਗੁਰਵਿੰਦਰ ਅਮਨ ਨੇ ਕਿਹਾ ਕਿ ਹਰ ਰਚਨਾ ਵਿੱਚ ਸੱਤਿਅਮ, ਸ਼ਿਵਮ, ਸੁੰਦਰਮ ਹੋਣਾ ਜ਼ਰੂਰੀ ਹੈ, ਜਿਸ ਨਾਲ ਹਰ ਰਚਨਾ ਲੋਕ ਪ੍ਰਿਆ ਹੋ ਸਕਦੀ ਹੈ।ਉਨ੍ਹਾਂ ਸਾਰੇ ਕਵੀਆਂ ਦੀਆਂ ਰਚਨਾਵਾਂ ਦਾ ਘੋਖਪੂਰਨ ਮੁਲਾਂਕਣ ਕੀਤਾ ਤੇ ਪ੍ਰੋਗਰਾਮ ਦੀ ਭਰਪੂਰ ਪ੍ਰਸ਼ੰਸਾ ਕੀਤੀ।

## ਬਿਕਰਮਜੀਤ ਸਿੰਘ ਅੱਜ ਫਤਿਹਗੜ੍ਹ ਸਾਹਿਬ 'ਚ ਕਰਨਗੇ ਪਿੰਡਾਂ ਦੇ ਤੂਫਾਨੀ ਦੌਰੇ : ਜਗਦੀਪ ਚੀਮਾ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਆਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣਾ ਚੋਣ ਪ੍ਰਚਾਰ ਵੱਡੇ ਪੱਧਰ 'ਤੇ ਸਰਗਰਮੀ ਨਾਲ ਕੀਤਾ ਜਾ ਰਿਹਾ ਹੈ, ਜਿਸ ਨੂੰ ਲੈ ਕੇ ਹਲਕਾ ਫਤਿਹਗੜ੍ਹ ਸਾਹਿਬ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੇ ਗਏ ਹਲਕਾ ਫਤਿਹਗੜ੍ਹ ਸਾਹਿਬ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ 22 ਅਪ੍ਰੈਲ ਨੂੰ ਤੂਫਾਨੀ ਦੌਰੇ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਜਗਦੀਪ ਸਿੰਘ ਚੀਮਾ ਨੇ 22 ਅਪ੍ਰੈਲ ਨੂੰ ਕੀਤੇ ਜਾਣ ਵਾਲੇ ਤੂਫਾਨੀ ਦੌਰਿਆਂ ਦੇ ਪ੍ਰਬੰਧਾਂ ਨੂੰ ਲੈ ਕੇ ਵੱਖ ਵੱਖ ਪਿੰਡਾਂ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਜਥੇਦਾਰ ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਕੇਵਲ ਹਲਕਾ ਫਤਿਹਗੜ੍ਹ ਸਾਹਿਬ ਵਿੱਚ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਵਿੱਚ ਵੱਡਾ ਹੁੰਗਾਰਾ ਮਿਲ ਰਿਹਾ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੱਢੀ ਜਾ ਰਹੀ ਪੰਜਾਬ ਬਚਾਓ ਯਾਤਰਾ ਨੇ ਇਹ ਸਾਬਿਤ ਕਰਕੇ ਰੱਖ ਦਿੱਤਾ ਹੈ ਕਿ ਪੂਰਾ ਪੰਜਾਬ ਸ਼੍ਰੋਮਣੀ ਅਕਾਲੀ ਦਲ ਦੀ ਪਿੱਠ 'ਤੇ ਚਟਾਨ ਵਾਂਗ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਫਤਿਹਗੜ੍ਹ ਸਾਹਿਬ ਵਿੱਚ ਉਤਾਰੇ ਗਏ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੂੰ ਹਲਕਾ ਫਤਿਹਗੜ੍ਹ ਸਾਹਿਬ ਨਿਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਮੋਹਨ ਸਿੰਘ ਮਕਾਰੋਂਪੁਰ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਅਵਤਾਰ ਸਿੰਘ ਰਿਆ ਮੈਂਬਰ ਸ਼੍ਰੋਮਣੀ ਕਮੇਟੀ, ਹਰਬੰਸ ਸਿੰਘ ਸਾਬਕਾ ਸਰਪੰਚ ਬਡਾਲੀ, ਗਗਨਜੀਤ ਸਿੰਘ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਜਸਵੀਰ ਸਿੰਘ ਨੰਬਰਦਾਰ ਮਕਾਰੋਂਪੁਰ, ਗੁਰਦੀਪ ਸਿੰਘ ਨੌਲੱਖਾ ਜਨ. ਸਕੱਤਰ ਸ਼੍ਰੋਮਣੀ ਅਕਾਲੀ ਦਲ, ਕਮਲਜੀਤ ਸਿੰਘ ਸਾਬਕਾ ਸਰਪੰਚ ਬਡਾਲੀ ਆਲਾ ਸਿੰਘ, ਜਗਤਾਰ ਸਿੰਘ ਬਡਾਲੀ ਆਲਾ ਸਿੰਘ, ਬਲਵਿੰਦਰ ਸਿੰਘ ਸਿਲਕੱਪੜ, ਨਿਰਮਲ ਸਿੰਘ ਬਡਾਲੀ ਆਲਾ ਸਿੰਘ ਸਾਬਕਾ ਪੰਚ, ਸੁੱਚਾ ਸਿੰਘ ਸਿਲਕੱਪੜ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਵੱਲੋਂ ਜੇਠੂਕੇ ਤੇ ਗਿੱਲ ਕਲਾਂ ਦੀਆਂ ਮੰਡੀਆਂ ਦਾ ਦੌਰਾ

■ ਕਣਕ ਦੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਵੱਲੋਂ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਜੇਠੂਕੇ ਤੇ ਗਿੱਲ ਕਲਾਂ ਦੀਆਂ ਅਨਾਜ ਮੰਡੀਆਂ ਦਾ ਦੌਰਾ ਕਰਕੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ 'ਚ ਕਣਕ ਦੀ ਫ਼ਸਲ ਵੇਚਣ ਸਮੇਂ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਹਦਾਇਤ ਕਰਦਿਆਂ ਕਿਹਾ ਕਿ ਮੰਡੀਆਂ 'ਚ ਲਾਇਟਾਂ ਦਾ ਵਿਸ਼ੇਸ਼ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਮੰਡੀਆਂ 'ਚ ਦਰਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਸੁਣਿਆ, ਜਿਨ੍ਹਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਦਿਵਾਇਆ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਰਾਤ ਦੇ ਸਮੇਂ ਕਣਕ ਦੀ ਕਟਾਈ ਨਾ ਕੀਤੀ ਜਾਵੇ ਤੇ ਮੰਡੀਆਂ 'ਚ ਸੁੱਕੀ ਫ਼ਸਲ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਖ੍ਰੀਦ ਦੌਰਾਨ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਾ ਆਵੇ।ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਡਾ. ਰੂਪਪ੍ਰੀਤ ਕੌਰ, ਸਹਾਇਕ ਖੁਰਾਕ ਤੇ ਸਪਲਾਈ ਕੰਟਰੋਲਰ ਸ਼੍ਰੀ ਹਰਸ਼ਿਤ ਮਹਿਤਾ, ਜ਼ਿਲ੍ਹਾ ਮੰਡੀ ਅਫ਼ਸਰ ਸ਼੍ਰੀ ਸਲੋਧ ਬਿਸ਼ਨੋਈ ਤੋਂ ਇਲਾਵਾ ਮਾਰਕਫ਼ੈੱਡ ਤੇ ਹੋਰ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਆਦਿ ਹਾਜ਼ਰ ਸਨ।

## ਅੱਗ ਲੱਗਣ ਨਾਲ ਕਣਕ ਦੀ ਫਸਲ ਮੱਚੀ



**ਬਰੇਟਾ (ਰੀਤਵਾਲ)**-ਨਜ਼ਦੀਕੀ ਪਿੰਡ ਚੱਕ ਅਲੀਸ਼ੇਰ ਵਿਖੇ ਅੱਗ ਨਾਲ ਕਣਕ ਦੀ ਖੜੀ ਫਸਲ ਤੇ ਨਾੜ ਦੇ ਮੱਚ ਕੇ ਸੁਆਹ ਹੋਣ ਦਾ ਸਮਾਚਾਰ ਹੈ।ਇਸ ਸਬੰਧੀ ਕਿਸਾਨ ਆਗੂ ਲਛਮਣ ਸਿੰਘ ਚੱਕ ਅਲੀਸ਼ੇਰ ਤੇ ਸਰਪੰਚ ਜਸਵੀਰ ਸਿੰਘ ਨੇ ਦੱਸਿਆ ਕਿ ਪਾਲਾ ਸਿੰਘ ਤੇ ਬਿੰਦਰ ਸਿੰਘ ਵਾਸੀ ਭਾਵਾ ਨੇ ਠੇਕੇ ਉੱਤੇ ਜ਼ਮੀਨ ਲਈ ਹੋਈ ਸੀ, ਦੁਪਹਿਰ ਵੇਲੇ ਅੱਗ ਲੱਗ ਗਈ ਤੇ ਕਰੀਬ 11 ਏਕੜ ਕਣਕ ਤੇ ਦਰਸ਼ਨ ਸਿੰਘ ਵਾਸੀ ਚੱਕ ਅਲੀਸ਼ੇਰ ਦੀ 2 ਏਕੜ ਕਣਕ ਮੱਚ ਗਈ।ਇਸ ਤੋਂ ਇਲਾਵਾ ਹਰਵਿੰਦਰ ਸਿੰਘ, ਮਨਦੀਪ ਸਿੰਘ ਤੇ ਕੁਲਦੀਪ ਸਿੰਘ ਦਾ ਕਰੀਬ ਠੇਕੇ ਉਤੇ ਲਿਆ ਹੋਇਆ 25 ਏਕੜ ਤੋਂ ਵੱਧ ਤੂੜੀ ਲਈ ਰੱਖਿਆ ਹੋਇਆ ਸਾਕੜ ਵੀ ਮੱਚ ਗਿਆ।

## ਵੱਖ-ਵੱਖ ਸਕੂਲਾਂ ਦੇ ਦਸਵੀਂ ਦੇ ਨਤੀਜੇ ਵਧੀਆ ਰਹੇ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਦੀ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚ ਵਿਦਿਆਰਥਣ ਇਸ਼ਮੀਤ ਕੌਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੀ ਮੈਰਿਟ ਸੂਚੀ ਵਿੱਚ 15ਵਾਂ ਸਥਾਨ ਹਾਸਲ ਕੀਤਾ, ਜੋ ਪੂਰੇ ਇਲਾਕੇ ਤੇ ਸੰਸਥਾ ਲਈ ਮਾਣ ਵਾਲੀ ਗੱਲ ਹੈ। ਸਕੂਲ ਦੀ ਵਿਦਿਆਰਥਣ ਇਸ਼ਮੀਤ ਨੇ 650 'ਚੋਂ 631 ਅੰਕ (97 ਪ੍ਰਤੀਸ਼ਤ) ਪ੍ਰਾਪਤ ਕਰਕੇ ਪਹਿਲਾ, ਰਾਜਵੀਰ ਕੌਰ ਨੇ 581/650 (89.4 ਪ੍ਰਤੀਸ਼ਤ) ਅੰਕ ਪ੍ਰਾਪਤ ਕਰਕੇ ਦੂਸਰਾ ਤੇ ਰਜਨੀ ਨੇ 560/650 (86 ਪ੍ਰਤੀਸ਼ਤ) ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਸਟਾਫ਼ ਤੇ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਐਲਾਨ ਅਨੁਸਾਰ ਮੈਰਿਟ ਵਿੱਚ ਆਈ ਵਿਦਿਆਰਥਣ ਇਸ਼ਮੀਤ ਕੌਰ ਨੂੰ 21,000/- ਰੁਪਏ ਦਾ ਚੈੱਕ ਭੇਟ ਕੀਤਾ ਗਿਆ। ਇਸ ਸਮੇਂ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਰਿੰਦਰ ਕੁੰਦਰਾ, ਸਕੱਤਰ ਗੁਰਨਾਮ ਸਿੰਘ ਨਾਗਰਾ, ਜੁਆਇੰਟ ਸੈਕਟਰੀ ਜੈਦੀਪ ਸਿੰਘ ਕਾਹਲੋਂ, ਪ੍ਰਿੰਸੀਪਲ ਬਲਜੀਤ ਸਿੰਘ, ਮੈਡਮ ਰਵਿੰਦਰ ਕੌਰ ਤੇ ਸਮੂਹ ਸਟਾਫ਼ ਸ਼ਾਮਲ ਸਨ। ਇਸੇ ਤਰ੍ਹਾਂ ਸਰਕਾਰੀ ਹਾਈ ਸਮਾਰਟ ਸਕੂਲ ਸ਼ੇਰਪੁਰ ਬੇਟ ਦੇ ਵਿਦਿਆਰਥੀ ਰਣਜੋਧ ਸਿੰਘ ਨੇ 609 ਅੰਕ ਪ੍ਰਾਪਤ ਕਰ ਬਲਾਕ ਮਾਛੀਵਾੜਾ ਦੇ ਸਰਕਾਰੀ ਸਕੂਲਾਂ 'ਚੋਂ ਪਹਿਲਾ ਸਥਾਨ ਪ੍ਰਾਪਤ ਕਰ ਸਟਾਫ਼ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸੇ ਤਰ੍ਹਾਂ ਅੰਮ੍ਰਿਤਪਾਲ ਸਿੰਘ ਨੇ ਸਕੂਲ 'ਚੋਂ ਦੂਜਾ ਤੇ ਹਰਸ਼ ਚੋਪੜਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਮੁਖੀ ਜਤਿੰਦਰ ਚੋਪੜਾ, ਅਵਤਾਰ ਸਿੰਘ, ਸਮਸ਼ੇਰ ਸਿੰਘ, ਰਾਜ ਕੁਮਾਰ, ਨੀਲਮ ਰਾਣੀ, ਮਨੀ ਭੱਟ, ਰੁਪਿੰਦਰ ਕੌਰ, ਹਰਿੰਦਰਪਾਲ ਸਿੰਘ ਤੇ ਮਿਸ ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ।

## ਟਰੇਡ ਯੂਨੀਅਨ ਕੌਂਸਲ ਵੱਲੋਂ ਮਜ਼ਦੂਰ ਦਿਵਸ ਮਨਾਉਣ ਸੰਬੰਧੀ ਮੀਟਿੰਗ



**ਜ਼ੀਰਾ (ਨਰਿੰਦਰ ਅਨੇਜਾ)**-ਟਰੇਡ ਯੂਨੀਅਨ ਕੌਂਸਲ ਜ਼ੀਰਾ ਵੱਲੋਂ ਮਜ਼ਦੂਰ ਦਿਵਸ ਮਨਾਉਣ ਸੰਬੰਧੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਤਰਸੇਮ ਸਿੰਘ ਬਰਾੜ ਹਰਾਜ ਦੀ ਪ੍ਰਧਾਨਗੀ ਹੇਠ ਬੱਸ ਅੱਡਾ ਜ਼ੀਰਾ ਵਿਖੇ ਹੋਈ, ਜਿਸ ਵਿੱਚ ਅਹੁਦੇਦਾਰਾਂ ਤੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਦੌਰਾਨ ਮਜ਼ਦੂਰ ਦਿਵਸ ਮਨਾਉਣ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੈਂਬਰਾਂ ਨੇ ਆਪੋ ਆਪਣੇ ਸੁਝਾਓ ਪੇਸ਼ ਕੀਤੇ ਅਤੇ ਅਹੁਦੇਦਾਰਾਂ ਤੇ ਮੈਂਬਰਾਂ ਦੀਆਂ ਵੱਖ-ਵੱਖ ਡਿਊਟੀਆਂ ਲਗਾਈਆਂ ਗਈਆਂ।ਇਸ ਸਮੇਂ ਪ੍ਰਧਾਨ ਤਰਸੇਮ ਸਿੰਘ ਹਰਾਜ, ਸਰਪ੍ਰਸਤ ਨਛੱਤਰ ਸਿੰਘ, ਖਜ਼ਾਨਚੀ ਹਰਨੇਕ ਸਿੰਘ ਤੇ ਜਨਰਲ ਸਕੱਤਰ ਬਲਦੇਵ ਰਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਮਈ ਨੂੰ ਬੱਸ ਅੱਡਾ ਜ਼ੀਰਾ ਵਿਖੇ ਸਵੇਰੇ ਦਸ ਵਜੇ ਤੋਂ ਬਾਅਦ ਦੁਪਹਿਰ ਦੋ ਵਜੇ ਤੱਕ ਮਜ਼ਦੂਰ ਦਿਵਸ ਮਨਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਹਰਕੇਸ਼ ਚੌਧਰੀ ਦੀ ਟੀਮ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇਗੀ, ਜਿਸ ਵੱਲੋਂ ਇਨਕਲਾਬੀ ਨਾਟਕ, ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਜਾਣਗੀਆਂ।ਇਸ ਦੌਰਾਨ ਉੱਘੇ ਟਰੇਡ ਯੂਨੀਅਨ ਆਗੂ ਮਜ਼ਦੂਰ ਦਿਵਸ ਦੇ ਇਤਿਹਾਸ ਤੇ ਅਜੋਕੇ ਹਲਾਤਾਂ ਆਪਣੇ ਵਿਚਾਰ ਪੇਸ਼ ਕਰਨਗੇ।ਉਕਤ ਆਗੂਆਂ ਨੇ ਇਲਾਕੇ ਦੇ ਲੋਕਾਂ ਨੂੰ ਪ੍ਰੋਗਰਾਮ ਵਿੱਚ ਹੁੰਮ ਹੁਮਾ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।ਇਹ ਮੌਕੇ ਕਾਮਰੇਡ ਕੁਲਵੰਤ ਸਿੰਘ, ਪਿਆਰ ਕੌਰ, ਬਲਵਿੰਦਰ ਕੌਰ, ਸਾਹਿਤਕਾਰ ਅਮਰਜੀਤ ਸਿੰਘ ਸਨ੍ਹੇਰਵੀ, ਪੱਤਰਕਾਰ ਹਰਮੇਸ਼ਪਾਲ ਨੀਲੇਵਾਲਾ, ਅੰਗਰੇਜ਼ ਸਿੰਘ ਜੇ ਈ ਮੰਡੀ ਬੋਰਡ, ਗੁਰਵਿੰਦਰ ਪਾਲ ਸਿੰਘ, ਹਿੰਮਤ ਸਿੰਘ ਜੇ ਈ, ਸਾਧੂ ਸਿੰਘ, ਗਗਨਦੀਪ ਸਿੰਘ, ਤਰਸੇਮ ਸਿੰਘ ਨਹਿਰੀ ਵਿਭਾਗ, ਬਲਵੀਰ ਸਿੰਘ ਅਲੀਪੁਰ, ਜਗਸੀਰ ਸਿੰਘ, ਮੁਖਤਿਆਰ ਸਿੰਘ ਪ੍ਰਧਾਨ ਪੀ ਐੱਸ ਪੀ ਸੀ ਐੱਲ ਪੈਨਸ਼ਨ ਯੂਨੀਅਨ, ਸੁਖਦੇਵ ਸਿੰਘ ਪੰਜਾਬ ਰੋਡਵੇਜ਼, ਬਲਵੀਰ ਸਿੰਘ, ਬਲਦੇਵ ਸਿੰਘ ਬੰਬ, ਐਡਵੋਕੇਟ ਨਵਦੀਪ ਸਿੰਘ ਕਰੀਰ, ਜੋਗਿੰਦਰ ਸਿੰਘ, ਜੋਬਨਜੀਤ ਸਿੰਘ, ਡਾਕਟਰ ਜਸਵੰਤ ਸਿੰਘ ਭੱਟੀ, ਕਮਲਜੀਤ ਕੌਰ ਤੇ ਸੁਰਮੇਲ ਕੌਰ ਆਦਿ ਹਾਜ਼ਰ ਸਨ।

## ਗੁਰਬਚਨ ਸਿੰਘ ਬਾਲਿਆਂਵਾਲੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ



**ਮਾਨਸਾ (ਆਤਮਾ ਸਿੰਘ ਪਮਾਰ)**-ਸੀ ਪੀ ਆਈ ਨੈਸ਼ਨਲ ਕੌਂਸਲ ਦੇ ਮੈਂਬਰ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਦੇ ਭਣੋਈਏ ਗੁਰਬਚਨ ਸਿੰਘ ਬਾਲਿਆਂਵਾਲੀ ਨਮਿਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸੁੱਖ ਸਾਗਰ ਸਾਹਿਬ ਉਨ੍ਹਾਂ ਦੇ ਜੱਦੀ ਪਿੰਡ ਬਾਲਿਆਂਵਾਲੀ ਵਿਖੇ ਰੱਖਿਆ ਗਿਆ, ਜਿੱਥੇ ਵੱਖ ਵੱਖ ਧਾਰਮਿਕ, ਸਮਾਜਿਕ ਤੇ ਰਾਜਸੀ ਆਗੂਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਸਮੇਂ ਪਾਰਟੀ ਦੀ ਸੂਬਾ ਟੀਮ ਦੇ ਆਗੂ ਤੇ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਪੰਜਾਬ ਏਟਕ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਨਿਰਮਲ ਧਾਲੀਵਾਲ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਅਜੋਕੇ ਦੌਰ ਤੇ ਮਹਿੰਗਾਈ ਯੁਗ ਵਿੱਚ ਜਿੱਥੇ ਰਿਸ਼ਤਿਆਂ ਵਿੱਚਲੀ ਪਵਿੱਤਰਤਾ ਭੰਗ ਹੋ ਰਹੀ ਹੈ, ਪ੍ਰੰਤੂ ਅਰਸ਼ੀ ਵਰਗੀਆਂ ਮਹਾਨ ਸ਼ਖ਼ਸੀਅਤਾਂ ਦੇ ਰਿਸ਼ਤਿਆਂ ਦਾ ਗੁਰਬਚਨ ਸਿੰਘ ਦੇ ਪਰਿਵਾਰ ਨਾਲ ਦੁੱਖ ਸੁੱਖ ਵਿੱਚ ਖੜਾ ਹੋਣਾ ਕੁਦਰਤੀ ਤੌਰ 'ਤੇ ਸਹੀ ਸਾਬਿਤ ਹੋਣਾ ਸੁਭਾਵਿਕ ਤੇ ਸਮਾਜਿਕ ਕਦਰਾਂ ਕੀਮਤਾਂ ਦੀ ਗਵਾਹੀ ਵੀ ਦਿੰਦਾ ਹੈ।ਗੁਰਬਚਨ ਸਿੰਘ ਦੀ ਨੇਕ ਸ਼ਖ਼ਸੀਅਤ, ਸਾਫ ਛਵੀ ਤੇ ਸਾਦਗੀ ਨੇ ਵੱਡੀ ਪੱਧਰ 'ਤੇ ਸਮਾਜਿਕ ਰਿਸ਼ਤਿਆਂ ਨੂੰ ਜਨਮ ਦਿੱਤਾ ਸੀ, ਜਿਸ ਦਾ ਉਨ੍ਹਾਂ ਦੇ ਹੋਣਹਾਰ ਪਰਿਵਾਰ ਤੇ ਬੇਟੇ ਹਰਜੀਤ ਸਿੰਘ ਸਿਹਤ ਵਿਭਾਗ ਰਾਹੀਂ ਨਿਰਸਵਾਰਥ ਸੇਵਾ ਕਰਕੇ ਬਾਖੂਬੀ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈ ਜਾ ਰਹੀ ਹੈ ਅਤੇ ਸਮਾਜਿਕ ਤੌਰ 'ਤੇ ਭਾਈਚਾਰਕ ਏਕਤਾ ਵੀ ਮਜ਼ਬੂਤ ਕੀਤੀ ਜਾ ਰਹੀ ਹੈ।

ਇਸ ਸਮੇਂ ਸੀ ਪੀ ਆਈ ਜ਼ਿਲ੍ਹਾ ਕੌਂਸਲ ਦੇ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ, ਜ਼ਿਲ੍ਹਾ ਸਹਾਇਕ ਸਕੱਤਰ ਸੀਤਾਰਾਮ ਗੋਬਿੰਦਪੁਰਾ, ਦਲਜੀਤ ਸਿੰਘ ਮਾਨਸ਼ਾਹੀਆ, ਰੂਪ ਸਿੰਘ ਢਿੱਲੋਂ, ਵੇਦ ਪ੍ਰਕਾਸ਼ ਬੁਢਲਾਡਾ ਦੋਵੇਂ ਸਬ ਡਵੀਜ਼ਨ ਸਕੱਤਰ, ਮਨਜੀਤ ਕੌਰ ਗਾਮੀਵਾਲਾ, ਕਿਸਾਨ ਆਗੂ ਸੁਖਵਿੰਦਰ ਸਿੰਘ ਤੁੰਬੜ ਭੰਨ ਫਰੀਦਕੋਟ, ਮਲਕੀਤ ਮੰਦਰਾਂ, ਜਗਰਾਜ ਹੀਰਕੇ, ਸ਼ਹਿਰੀ ਸਕੱਤਰ ਰਤਨ ਭੋਲਾ, ਏਟਕ ਆਗੂ ਨਰੇਸ਼ ਬੁਰਜ ਹਰੀ, ਸਾਬਕਾ ਮੈਨੇਜਰ ਗੁਰਤੇਜ ਸਿੰਘ ਜਗਰੀ, ਬੀ ਕੇ ਯੂ ਧਨੇਰ ਦੇ ਕੁਲਵੰਤ ਸਿੰਘ ਕਿਸ਼ਨਗੜ੍ਹ, ਜਮਹੂਰੀ ਕਿਸਾਨ ਸਭਾ ਦੇ ਦੇ ਮੇਜ਼ਰ ਸਿੰਘ ਦੂਲੋਵਾਲ, ਐਕਸੀਅਨ ਜਗਦੀਪ ਸਿੰਘ ਬਠਿੰਡਾ, ਬੈਂਕ ਇੰਪਲਾਇਜ਼ ਯੂਨੀਅਨ ਬਠਿੰਡਾ ਦੇ ਸੁਰਿੰਦਰ ਸਿੰਗਲਾ, ਰਾਜ ਕੁਮਾਰ ਸ਼ਰਮਾ ਸਾਬਕਾ ਸੁਪਰਡੈਂਟ ਸਿਹਤ ਵਿਭਾਗ, ਡਾ. ਅਮਰੀਕ ਸਿੰਘ ਸਾਬਕਾ ਸਿਵਲ ਸਰਜਨ, ਡਾ. ਕਮਲਜੀਤ ਸਿੰਘ, ਡਾ. ਹਰਬੰਸ ਸਿੰਘ, ਡਾ. ਬਲਦੇਵ ਸਿੰਘ ਐੱਸ ਐੱਮ ਓ ਬਾਲਿਆਂਵਾਲੀ, ਡਾ. ਗੁਰਮੇਲ ਸਿੰਘ, ਡਾ. ਸਿਮਰਨਪ੍ਰੀਤ ਕੌਰ ਮਾਨ, ਡਾ. ਲਵਦੀਪ ਰੋਇਲ ਡੈਂਟਲ ਸਰਜਨ ਤੋਂ ਇਲਾਵਾ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਸ਼ਾਮਲ ਸਨ।ਅੰਤ ਵਿੱਚ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਦੁੱਖ ਵਿੱਚ ਸ਼ਰੀਕ ਸਮੁੱਚੀਆਂ ਸ਼ਖ਼ਸੀਅਤਾਂ ਸਮੇਤ ਸਭ ਦਾ ਧੰਨਵਾਦ ਕੀਤਾ।ਇਸ ਮੌਕੇ ਪਰਵਾਰ ਵੱਲੋਂ ਵੱਖ ਵੱਖ ਸੰਸਥਾਵਾਂ ਦੀ ਮਾਇਕ ਸਹਾਇਤਾ ਵੀ ਕੀਤੀ ਗਈ।

## ...ਸ.ਫਾ 1 ਦੇ ਬਾਕੀ

### ਫਰੀਦਕੋਟ ਦੇ ਉਮੀਦਵਾਰ...

ਜਗਤਾਰ ਸਿੰਘ ਭਾਣਾ, ਸੁਖਦਰਸ਼ਨ ਰਾਮ ਔਲਖ, ਬਲਵੀਰ ਸਿੰਘ ਔਲਖ, ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜਭੰਨ, ਵਪਾਰ ਮੰਡਲ ਦੇ ਬਜ਼ੁਰਗ ਆਗੂ ਸ਼ਾਮ ਸੁੰਦਰ, ਟਰੇਡ ਯੂਨੀਅਨ ਏਟਕ ਨਾਲ ਸੰਬੰਧਤ ਪੈਨਸ਼ਨਰ ਆਗੂ ਕੁਲਵੰਤ ਸਿੰਘ ਚਾਨੀ, ਸੋਮ ਨਾਥ ਅਰੋੜਾ, ਸੁਖਚਰਨ ਸਿੰਘ ਪੀ ਆਰ ਟੀ ਸੀ, ਹਰਪਾਲ ਮਚਾਕੀ, ਨਛੱਤਰ ਸਿੰਘ ਭਾਣਾ ਅਤੇ ਪੰਜਾਬ ਇਸਤਰੀ ਸਭਾ ਦੇ ਮਨਜੀਤ ਕੌਰ ਅਤੇ ਸ਼ਸ਼ੀ ਸ਼ਰਮਾ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਮਿਹਨਤਕਸ਼ ਅਵਾਮ ਦੇ ਹੱਕਾਂ ਲਈ ਲਗਾਤਾਰ ਸੰਘਰਸ਼ ਅਤੇ ਕੁਰਬਾਨੀਆਂ ਕਰਨ ਵਾਲੀ ਭਾਰਤੀ ਕਮਿਊਨਿਸਟ ਪਾਰਟੀ ਦੇ ਉਮੀਦਵਾਰ ਦੀ ਡਟ ਕੇ ਤਨ, ਮਨ ਅਤੇ ਧਨ ਨਾਲ ਮਦਦ ਕੀਤੀ ਜਾਵੇਗੀ। ਵਰਨਣਯੋਗ ਹੈ ਕਿ ਸੀ ਪੀ ਆਈ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਬਾਕੀ ਦੇਸ਼ ਵਾਂਗ ਪੰਜਾਬ ਵਿੱਚ ਵੀ ਮਿਲ ਕੇ ਇਹ ਚੋਣਾਂ ਲੜ ਰਹੀਆਂ ਹਨ।

### ਖੇਤੀ ਸੰਕਟ ਦੇ ਹੱਲ...

ਉਤਪਾਦਨ, ਹੋਰ ਧੰਦਿਆਂ ਬਾਰੇ ਚਰਚਾ ਕਰਦਿਆਂ ਡਾ. ਦੇਵਿੰਦਰ ਸ਼ਰਮਾ ਨੇ ਕਿਹਾ ਕਿ ਸਮੁੱਚੇ ਬਜਟ ਵਿੱਚ ਕਾਣੀ ਕੌਡੀ ਵੀ ਰੱਖੀ ਨਹੀਂ ਜਾ ਰਹੀ, ਸਗੋਂ ਅਜਿਹੇ ਕਦਮ ਚੁੱਕੇ ਜਾ ਰਹੇ ਹਨ, ਜਿਨ੍ਹਾਂ ਸਦਕਾ ਖੇਤੀ ਦਾ ਭੋਗ ਪੈ ਜਾਏ। ਖੇਤੀ ਨੂੰ ਜੇਕਰ ਪੈਰਾਂ 'ਤੇ ਖੜ੍ਹੇ ਕੀਤਾ ਜਾਵੇ, ਫਿਰ ਕੌਣ ਚਾਹੇਗਾ ਵੱਡੀਆਂ ਕੰਪਨੀਆਂ ਦੇ ਚੌਕੀਦਾਰ ਬਣਨਾ। ਡਾ. ਦੇਵਿੰਦਰ ਸ਼ਰਮਾ ਨੇ ਕਿਹਾ ਕਿ ਸਾਢੇ ਪੰਜ ਕਰੋੜ ਲੋਕ ਕੋਰੋਨਾ ਉਪਰੰਤ ਪਿੰਡਾਂ ਨੂੰ ਪਰਤ ਗਏ। ਉਨ੍ਹਾ ਕਿਹਾ ਕਿ 64 ਮੁਲਕਾਂ ਵਿੱਚ ਇਸ ਸਮੇਂ ਕਿਸਾਨ ਪ੍ਰਤੀਰੋਧ ਚੱਲ ਰਿਹਾ ਹੈ। ਦੁਨੀਆ ਭਰ 'ਚ ਹੀ ਖੁਦਕੁਸ਼ੀਆਂ ਹੋ ਰਹੀਆਂ ਨੇ। ਵਿਸ਼ਵ ਚਿਤਰ ਅਤੇ ਸਾਡੇ ਮੁਲਕ ਦੀਆਂ ਠੋਸ ਚੁਣੌਤੀਆਂ ਅਲਾਰਮ ਕਰ ਰਹੀਆਂ ਹਨ ਕਿ ਗ਼ਦਰ ਪਾਰਟੀ ਵਰਗੀ ਭਾਵਨਾ ਨਾਲ ਸਾਨੂੰ ਸੰਘਰਸ਼ ਕਰਨਾ ਪੈ ਸਕਦਾ ਹੈ। ਉਨ੍ਹਾ ਤੱਥਾਂ ਸਹਿਤ ਕਿਹਾ ਕਿ ਐੱਮ ਐੱਸ ਪੀ ਦੀ ਜ਼ਾਮਨੀ ਕਰਨਾ ਲਾਜ਼ਮੀ ਹੈ, ਕਿਸਾਨ ਨੂੰ ਨਿੱਜੀ ਮੰਡੀ ਦੇ ਹਵਾਲੇ ਹੋਣ ਲਈ ਮਜਬੂਰ ਕਿਉਂ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ 200 ਬਿਲੀਅਨ ਡਾਲਰ ਕੌਫ਼ੀ ਇੰਡਸਟਰੀ ਦੀ ਆਰਥਿਕਤਾ ਹੈ, ਇਹੋ ਹਾਲ ਚਾਕਲੇਟ ਦਾ ਹੈ। ਸਭ ਢੇਰਾਂ ਕਮਾ ਰਹੇ ਨੇ, ਪਰ ਕਿਸਾਨ ਕੰਗਾਲ ਹੋ ਰਹੇ ਨੇ। ਉਹਨਾ ਪੰਡਾਲ 'ਚੋਂ ਦਰਜਨਾਂ ਹੀ ਆਏ ਸੁਆਲਾਂ ਦੇ ਸਾਰਥਕ ਜਵਾਬ ਦਿੱਤੇ। ਬਹੁਤ ਅਹਿਮ ਸੁਆਲਾਂ ਨੇ ਭਵਿੱਖ ਵਿੱਚ ਹੋਰ ਵਿਚਾਰ-ਚਰਚਾ ਸਮਾਗਮਾਂ ਦਾ ਦੁਆਰ ਖੋਲ੍ਹਿਆ।

ਕਮੇਟੀ ਪ੍ਰਧਾਨ ਅਜਮੇਰ ਸਿੰਘ ਨੇ ਗ਼ਦਰ ਪਾਰਟੀ ਦੀ ਮਹਾਨ ਇਤਿਹਾਸਕ ਵਿਰਾਸਤ ਅਤੇ ਸੰਘਰਸ਼ ਤੋਂ ਪ੍ਰੇਰਨਾ ਲੈਂਦਿਆਂ ਬੁਨਿਆਦੀ ਸਮਾਜਕ ਤਬਦੀਲੀ ਰਾਹੀਂ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਵੱਲ ਵਧਣ 'ਤੇ ਜ਼ੋਰ ਦਿੱਤਾ।

ਡਾ. ਦੇਵਿੰਦਰ ਸ਼ਰਮਾ ਨੂੰ ਭਰੇ ਪੰਡਾਲ ਅਤੇ ਮੰਚ ਵੱਲੋਂ ਖੜ੍ਹੇ ਹੋ ਕੇ ਗ਼ਦਰ ਪਾਰਟੀ ਦਾ ਝੰਡਾ ਉਹਨਾ ਦੇ ਸਨਮਾਨ 'ਚ ਦਿੱਤਾ ਗਿਆ ਤਾਂ ਸਾਰਾ ਪੰਡਾਲ ਤਾੜੀਆਂ ਨਾਲ਼ ਗੂੰਜ ਉੱਠਿਆ। ਸਮਾਗਮ 'ਚ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਕੁਲਬੀਰ ਸੰਘੇੜਾ, ਗੁਰਮੀਤ, ਰਮਿੰਦਰ ਪਟਿਆਲਾ, ਦਰਸ਼ਨ ਖਟਕੜ, ਹਰਮੇਸ਼ ਮਾਲੜੀ, ਪ੍ਰਗਟ ਸਿੰਘ ਜਾਮਾਰਾਏ, ਵਿਜੈ ਬੰਬੇਲੀ, ਡਾ. ਸੈਲੇਸ਼, ਕ੍ਰਿਸ਼ਨਾ, ਦੇਵ ਰਾਜ ਨਯੀਅਰ ਅਤੇ ਮਨਜੀਤ ਬਾਸਰਕੇ ਹਾਜ਼ਰ ਸਨ।

### ਲੁਬਾਣਾ ਸੂਬਾ ਪ੍ਰਧਾਨ...

ਨਾ ਕਰਨ, ਕਲਾਸ-ਡੀ ਦੀ ਰੈਗੂਲਰ ਭਰਤੀ ਨਾ ਕਰਨਾ, ਠੇਕਾ ਪ੍ਰਣਾਲੀ ਨੂੰ ਬੜਾਵਾ ਦੇਣਾ, ਬੰਦ ਕੀਤੇ 37 ਭੱਤੇ ਬਹਾਲ ਨਾ ਕਰਨਾ, ਮੈਡੀਕਲ ਭੱਤੇ ਵਿੱਚ ਵਾਧਾ ਨਾ ਕਰਨ ਤੇ ਇਸ ਦੇ ਉਲਟ ਪੈਨਸ਼ਨਰਾਂ ਤੋਂ 200 ਰੁਪਏ ਪ੍ਰਤੀ ਮਹੀਨਾ ਡਿਵੈੱਲਪਮੈਂਟ ਟੈਕਸ ਦੇ ਰੂਪ ਵਿੱਚ ਜਜ਼ੀਆ ਲਾਉਣ ਦੀ ਵੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ।ਸਰਬ-ਸੰਮਤੀ ਨਾਲ ਪਾਸ ਕੀਤੇ ਗਏ ਇੱਕ ਮਤੇ ਰਾਹੀਂ 1 ਜੂਨ ਨੂੰ ਪੰਜਾਬ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਆਪਣੇ ਵੋਟ ਦੇ ਲੋਕਤੰਤਰੀ ਹੱਕ ਦੀ ਵੱਧ ਤੋਂ ਵੱਧ ਵਰਤੋਂ ਕਰਨ ਸੰਬੰਧੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਭਾਜਪਾ ਅਤੇ ਆਪ ਨੂੰ ਸਬਕ ਸਿਖਾਉਣ ਅਤੇ ਮਾਤ ਦੇਣ ਦਾ ਐਲਾਨ ਕੀਤਾ ਗਿਆ।ਇਸ ਤੋਂ ਇਲਾਵਾ 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਸਾਰੇ ਜ਼ਿਲ੍ਹਿਆਂ ਵਿੱਚ ਵੱਡੇ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ।

ਅਜਲਾਸ ਦੌਰਾਨ ਪਿਛਲੀ ਸੂਬਾ ਕਮੇਟੀ ਨੂੰ ਭੰਗ ਕੀਤਾ ਗਿਆ ਅਤੇ ਸੂਬਾ ਕਾਰਜਕਾਰਨੀ ਵੱਲੋਂ ਸੂਬਾਈ ਫੈਡਰੇਸ਼ਨ ਆਗੂ ਗੁਰਮੇਲ ਸਿੰਘ ਮੈਲਡੇ ਨੇ ਨਵੀਂ ਟੀਮ ਦੇ ਆਗੂਆਂ ਦਾ ਪੈਨਲ ਪੇਸ਼ ਕੀਤਾ।ਇਸ ਪੈਨਲ ਨੂੰ ਸਾਰੇ ਡੈਲੀਗੇਟਾਂ ਨੇ ਨਾਅਰਿਆਂ ਦੀ ਗੂੰਜ ਵਿੱਚ ਪ੍ਰਵਾਨ ਕਰ ਲਿਆ ਗਿਆ। ਇਸ ਮੌਕੇ ਸੂਬਾ ਕਮੇਟੀ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਐਕਟਿੰਗ ਪ੍ਰਧਾਨ ਜਸਵਿੰਦਰ ਪਾਲ ਉੱਗੀ, ਚੇਅਰਮੈਨ ਸੁਖਦੇਵ ਸਿੰਘ ਸੁਰਤਾਪੁਰੀ, ਸੀਨੀਅਰ ਮੀਤ ਪ੍ਰਧਾਨ ਵੇਦ ਪ੍ਰਕਾਸ਼, ਮੇਲਾ ਸਿੰਘ ਪੁੰਨਾਂਵਾਲ, ਮੀਤ ਪ੍ਰਧਾਨ ਪਵਨ ਗੋਡਿਆਲ, ਰਾਮ ਲਾਲ ਰਾਮਾ, ਰਾਮ ਪ੍ਰਸਾਦ ਪਾਸੀ, ਰਮੇਸ਼ ਕੁਮਾਰ ਹਮਦਰਦ, ਉੱਪ ਚੇਅਰਮੈਨ ਰਾਜ ਕੁਮਾਰ ਰੰਗਾ, ਜਸਪਾਲ ਸਿੰਘ ਗੜਹੇੜਾ, ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਬਲਜਿੰਦਰ ਸਿੰਘ, ਡਿੰਪਲ ਰਹੇਲਾ, ਐਡੀਸ਼ਨਲ ਜਨਰਲ ਸਕੱਤਰ ਹੰਸ ਰਾਜ ਦੀਦਾਰਗੜ੍ਹ, ਸੱਤਪਾਲ ਸਿੰਘ ਭੱਟੀ, ਵਿੱਤ ਸਕੱਤਰ ਚੰਦਨ ਸਿੰਘ, ਆਡੀਟਰ ਸੀਤਾ ਰਾਮ ਸ਼ਰਮਾ, ਚੀਫ ਆਰਗੇਨਾਈਜ਼ਰ ਗੁਰਮੇਲ ਸਿੰਘ ਮੈਲਡੇ, ਜਥੇਬੰਦਕ ਸਕੱਤਰ ਹਰਭਗਵਾਨ, ਕ੍ਰਿਸ਼ਨ ਸਿੰਘ, ਸਹਾਇਕ ਸਕੱਤਰ ਰਮਨ ਸ਼ਰਮਾ, ਪ੍ਰਚਾਰ ਸਕੱਤਰ ਕੁਲਦੀਪ ਸਿੰਘ, ਮੇਘ ਰਾਜ, ਮੁੱਖ ਸਲਾਹਕਾਰ ਕਰਤਾਰ ਸਿੰਘ ਪਾਲ, ਪ੍ਰੇਮ ਚਾਵਲਾ ਅਤੇ ਜਗਮੋਹਣ ਨੌਲੱਖਾ ਚੁਣੇ ਗਏ। ਇਸ ਤੋਂ ਇਲਾਵਾ 5 ਮਈ ਨੂੰ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਕੀਤੀ ਜਾ ਰਹੀ ਜਲੰਧਰ ਸੂਬਾਈ ਕਨਵੈਨਸ਼ਨ ਵਿੱਚ ਵੱਡੀ ਗਿਣਤੀ ਨਾਲ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।

## ਬਸਪਾ ਉਮੀਦਵਾਰ ਛੜਬੜ ਨੇ ਵਰਕਰਾਂ ਨਾਲ ਕੀਤੀ ਮੀਟਿੰਗ



**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**-ਬੀਤੀ ਦਿਨੀਂ ਬਸਪਾ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ, ਜਿਸ ਦੇ ਤਹਿਤ ਲੋਕ ਸਭਾ ਪਟਿਆਲਾ ਤੋਂ ਬਸਪਾ ਉਮੀਦਵਾਰ ਜਗਜੀਤ ਸਿੰਘ ਛੜਬੜ ਨੂੰ ਐਲਾਨਿਆ ਗਿਆ। ਉਮੀਦਵਾਰ ਬਣਨ ਉਪਰੰਤ ਉਨ੍ਹਾਂ ਨੇ ਅੱਜ ਬਸਪਾ ਨਾਭਾ ਦੇ ਅਹੁਦੇਦਾਰਾਂ ਤੇ ਸਰਗਰਮ ਵਰਕਰਾਂ ਨਾਲ਼ ਮਿਲਣੀ ਕੀਤੀ ਤੇ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਲੋਕ ਸਭਾ ਹਲਕਾ ਪਟਿਆਲਾ ਤੋਂ ਬਸਪਾ ਉਮੀਦਵਾਰ ਜਗਜੀਤ ਸਿੰਘ ਛੜਬੜ, ਬਲਦੇਵ ਸਿੰਘ ਮਹਿਰਾ ਉੱਪ ਪ੍ਰਧਾਨ ਬਸਪਾ ਪੰਜਾਬ, ਐਡਵੋਕੇਟ ਜਸਪਾਲ ਸਿੰਘ ਘਨੌਰ ਆਦਿ ਨੇ ਵਰਕਰਾਂ ਨੂੰ ਸੰਬੋਧਨ ਕੀਤਾ।ਉਨ੍ਹਾਂ ਬਦਲਾਅ ਦੇ ਨਾਂ 'ਤੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀਆਂ ਨਾਕਾਮੀਆਂ, ਭਾਜਪਾ ਦੇ ਸੰਵਿਧਾਨ ਬਦਲਣ ਦੇ ਇਰਾਦੇ, ਕਾਂਗਰਸ ਪਾਰਟੀ ਦੇ ਲੰਮੇ ਰਾਜ ਵਿੱਚ ਦਲਿਤ ਸਮਾਜ ਦੇ ਹੋਈਆਂ ਵਧੀਕੀਆਂ ਦੀ ਗੱਲ ਕੀਤੀ।ਉਨ੍ਹਾਂ ਬਹੁਜਨ ਸਮਾਜ ਨੂੰ ਇੱਕਜੁੱਟ ਹੋ ਕੇ ਆਪਣੇ ਰਹਿਬਰਾਂ ਦੇ ਮਿਸ਼ਨ ਬੇਗਮਪੁਰਾ ਵਸਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਟੇਜ ਸਕੱਤਰ ਦੀ ਡਿਊਟੀ ਦਲਵੀਰ ਸਿੰਘ ਛੀਂਟਾਂਵਾਲਾ ਨੇ ਬਾਖੂਬੀ ਨਿਭਾਈ।ਅੰਤ ਵਿੱਚ ਅਮਰ ਸਿੰਘ ਟੋਡਰਵਾਲ ਹਲਕਾ ਇੰਚਾਰਜ ਬਸਪਾ ਨਾਭਾ ਨੇ ਆਏ ਵਰਕਰਾਂ ਦਾ ਧੰਨਵਾਦ ਕੀਤਾ ਤੇ ਤਨ ਮਨ ਧਨ ਨਾਲ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ।ਇਸ ਮੌਕੇ ਹਲਕਾ ਨਾਭਾ ਦੇ ਪ੍ਰਧਾਨ ਸਰਦਾਰ ਗੁਰਮੁੱਖ ਸਿੰਘ ਤੁੰਗਾਂ, ਸਤਪਾਲ ਸਿੰਘ ਦਰਗਾਪੁਰ ਹਲਕਾ ਇੰਚਾਰਜ, ਸ੍ਰ. ਜਗਵੀਰ ਸਿੰਘ ਭਾਦਸੋਂ, ਨਿਰਮਲ ਸਿੰਘ ਰਾਮਗੜ੍ਹ ਭਾਦਸੋਂ ਜਰਨੈਲ ਸਿੰਘ ਦਿੱਤੂਪੁਰ, ਸੁੱਚਾ ਸਿੰਘ ਭਾਦਸੋਂ, ਨਾਜ਼ਰ ਸਿੰਘ ਭੋੜੇ, ਰਾਮਧਨ ਸਿੰਘ ਰਾਮਗੜ੍ਹ ਬੌੜਾਂ, ਲਛਮਣ ਸਿੰਘ ਤੰਬੂਆਂ, ਗੁਰਮੇਲ ਸਿੰਘ ਬੁਰਜ ਕਲੋਨੀ, ਕ੍ਰਿਸ਼ਨ ਸਿੰਘ ਰਾਜਗੜ੍ਹ, ਅੰਮ੍ਰਿਤ ਪਾਲ ਸਿੰਘ ਨਾਭਾ, ਭਾਨ ਸਿੰਘ ਨਾਭਾ, ਸਤਿੰਦਰਪਾਲ ਸਿੰਘ ਰਿੰਕੂ ਆਦਿ ਹਾਜ਼ਰ ਸਨ।

## ਮਾਨਸਾ ਸ਼ਹਿਰ ਦਾ ਸੀਵਰੇਜ ਸਿਸਟਮ ਬੁਰੀ ਤਰ੍ਹਾਂ ਪ੍ਰਭਾਵਿਤ, ਲੋਕਾਂ 'ਚ ਮਚੀ ਹਾਹਾਕਾਰ

■ ਪੰਜਾਬ ਸਰਕਾਰ, ਨਗਰ ਕੌਂਸਲ ਤੇ ਰਾਜਸੀ ਆਗੂਆਂ ਨੂੰ ਕੋਸ ਰਹੇ ਸ਼ਹਿਰ ਵਾਸੀ



**ਮਾਨਸਾ (ਆਤਮ ਸਿੰਘ ਪਮਾਰ)**-ਮਾਨਸਾ ਸ਼ਹਿਰ ਵਿੱਚ ਲੰਮੇ ਸਮੇਂ ਤੋਂ ਸ਼ਹਿਰ ਦੀ ਸਫ਼ਾਈ ਤੇ ਸੀਵਰੇਜ ਸਿਸਟਮ ਦਾ ਬੰਦ ਰਹਿਣ ਕਾਰਨ ਅਤੇ ਗਰੀਬ ਮੁਹੱਲਿਆਂ ਵਿੱਚ ਗਲੀਆਂ ਦਾ ਨਾ ਬਣਨਾ ਬਹੁਤ ਵੱਡੀ ਸਮੱਸਿਆ ਪੈਦਾ ਕਰ ਰਿਹਾ ਹੈ।ਸ਼ਹਿਰ ਦੇ ਮੌਜੂਦਾ ਰਾਜਨੀਤਕ ਲੀਡਰਾਂ ਤੇ ਨਗਰ ਕੌਂਸਲ ਦੇ ਪ੍ਰਧਾਨ ਤੇ ਕੌਂਸਲਰ 'ਤੇ ਇਸ ਦਾ ਕੋਈ ਅਸਰ ਹੁੰਦਾ ਦਿਖਾਈ ਨਹੀਂ ਦੇ ਰਿਹਾ।ਸ਼ਹਿਰ ਵਾਸੀ ਤੇ ਸ਼ਹਿਰ ਵਿੱਚ ਕੰਮ ਧੰਦਿਆਂ ਲਈ ਆ ਰਹੇ ਪੇਂਡੂ ਖੇਤਰ ਦੇ ਲੋਕਾਂ ਨੂੰ ਵੀ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਨੇ ਵਾਰਡ ਨੰਬਰ 27 ਵਿੱਚ ਮੁਹੱਲਾ ਨਿਵਾਸੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ।

ਪ੍ਰੈੱਸ ਬਿਆਨ ਜਾਰੀ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾ. ਬਲਵਿੰਦਰ ਸਿੰਘ ਘਰਾਂਗਣਾ ਤੇ ਲਿਬਰੇਸ਼ਨ ਦੇ ਤਹਿਸੀਲ ਸਕੱਤਰ ਕਾਮਰੇਡ ਗੁਰਸੇਵਕ ਮਾਨਬੀਬੜੀਆਂ, ਜਥੇਬੰਦੀ ਦੇ ਸ਼ਹਿਰੀ ਪ੍ਰਧਾਨ ਕਾ. ਕ੍ਰਿਸ਼ਨ ਕੌਰ ਮਾਨਸਾ ਨੇ ਕਿਹਾ ਕਿ ਜਦੋਂ ਤੋਂ ਹੀ ਮਾਨਸਾ ਜ਼ਿਲ੍ਹਾ ਬਣਿਆ, ਉਦੋਂ ਤੋਂ ਹੀ ਰਾਜਨੀਤਕ ਲੋਕਾਂ ਨੇ ਮਾਨਸਾ ਸ਼ਹਿਰ ਨੂੰ ਰਾਜਨੀਤੀ ਦੀ ਭੇਟ ਚੜ੍ਹਇਆ ਹੋਇਆ ਹੈ, ਸ਼ਹਿਰ ਸੁੰਦਰ ਬਣਾਉਣ ਦੀ ਥਾਂ ਰਾਜਨੀਤਕ ਲੋਕਾਂ ਨੇ ਆਪਣੇ ਕਾਰੋਬਾਰ ਦੀ ਸੁੰਦਰਤਾ ਵਧਾਉਣ ਨੂੰ ਤਰਜੀਹ ਦਿੱਤੀ ਹੈ।ਅਫਸਰਸ਼ਾਹੀ, ਠੇਕੇਦਾਰ ਤੇ ਰਾਜਨੀਤਕ ਲੋਕਾਂ ਦੇ ਲੁਟੇਰੇ ਗੱਠਜੋੜ ਨੇ ਸ਼ਹਿਰ ਦਾ ਵਿਨਾਸ਼ ਕਰ ਕੇ ਰੱਖ ਦਿੱਤਾ ਹੈ।ਗਰੀਬ ਮੁਹੱਲਿਆਂ ਵਿੱਚ ਗਲੀਆਂ ਤੇ ਸੀਵਰੇਜ ਨਾ ਬਣਨ ਕਾਰਨ ਸੀਵਰੇਦ ਦਾ ਦੂਸ਼ਿਤ ਪਾਣੀ ਵੱਡਿਆਂ ਟੋਇਆਂ ਵਿੱਚ ਖੜਨ ਨਾਲ ਮਾਰੂ ਬਿਮਾਰੀਆਂ ਨਾਲ ਲੋਕ ਜੂਝਣ ਲਈ ਮਜਬੂਰ ਹੋ ਰਹੇ ਹਨ। ਆਗੂਆਂ ਨੇ ਕਿਹਾ ਵਾਰਡ ਨੰਬਰ 27 ਗੁਰੂ ਨਾਨਕ ਹਸਪਤਾਲ ਵਾਲੀ ਗਲੀ ਨੰਬਰ 5 ਵਿੱਚ ਜਲਦੀ ਸੀਵਰੇਜ ਪਾ ਕੇ ਗਲੀ ਨੂੰ ਨਾ ਪੱਕਾ ਕੀਤਾ ਜਾਵੇ।ਜੇਕਰ ਸੀਵਰੇਜ ਦੇ ਪਾਣੀ ਦਾ ਨਗਰ ਕੌਂਸਲ ਵੱਲੋਂ ਜਲਦੀ ਹੱਲ ਨਾ ਕੀਤਾ ਗਿਆ ਤਾਂ ਪਾਰਟੀ ਵੱਲੋਂ ਸਮੂਹ ਜਨਤਕ ਜਥੇਬੰਦੀਆਂ ਤੇ ਸ਼ਹਿਰ ਵਾਸੀਆਂ ਨੂੰ ਨਾਲ ਲੈ ਕੇ ਨਗਰ ਕੌਂਸਲ ਦੇ ਪ੍ਰਧਾਨ ਦੇ ਘਰ ਅੱਗੇ ਧਰਨਾ ਦਿੱਤਾ ਜਾਵੇਗਾ।ਸ਼ਹਿਰ ਵਾਸੀਆਂ ਵੱਲੋਂ ਇਸ ਸਮੇਂ ਪੰਜਾਬ ਸਰਕਾਰ, ਅਫਸਰਸ਼ਾਹੀ ਤੇ ਰਾਜਸੀ ਨੇਤਾਵਾਂ ਵਿਰੁੱਧ ਵੀ ਜੰਮ ਕੇ ਭੜਾਸ ਕੱਢੀ ਗਈ।ਮੀਟਿੰਗ ਵਿੱਚ ਮੋਟਰਸਾਈਕਲ ਰੇਹੜੀ ਯੂਨੀਅਨ ਦੇ ਪ੍ਰਧਾਨ ਕਾਮਰੇਡ ਜਰਨੈਲ ਸਿੰਘ ਮਾਨਸਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਆਗੂ ਕਾਮਰੇਡ ਦਰਸ਼ਨ ਦਾਨੇਵਾਲਾ, ਵਾਰਡ ਦੇ ਆਗੂ ਹਰਮਨ ਕੌਰ, ਗੁਰਮੀਤ ਕੌਰ ਆਟੋ ਚਾਲਕ, ਰਾਮੂ ਮਾਨਸਾ ਨੇ ਵੀ ਸੰਬੋਧਨ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

# ਕੇਂਦਰ ਸਰਕਾਰ 'ਤੇ ਜੰਮ ਕੇ ਵਰ੍ਹੇ ਮੁੱਖ ਮੰਤਰੀ ਭਗਵੰਤ ਮਾਨ

ਹੁਸ਼ਿਆਰਪੁਰ, 21 ਅਪ੍ਰੈਲ (ਬਲਵੀਰ ਸਿੰਘ ਸੈਣੀ)-ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਨੂੰ ਚੱਬੇਵਾਲ (ਹੁਸ਼ਿਆਰਪੁਰ) ਵਿੱਚ ਇੱਕ ਵਿਸ਼ਾਲ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਆਪ ਵਰਕਰਾਂ ਦੇ ਸਮਰਪਣ ਅਤੇ ਆਮ ਲੋਕਾਂ ਦੇ ਉਨ੍ਹਾਂ ਅਤੇ ਉਨ੍ਹਾਂ ਦੀ ਪਾਰਟੀ ਪ੍ਰਤੀ ਪਿਆਰ ਨੂੰ ਸਲਾਮ ਕੀਤਾ। ਮਾਨ ਨੇ ਕਿਹਾ ਕਿ 'ਆਪ' ਵਲੰਟੀਅਰਾਂ ਦਾ ਜਜ਼ਬਾ ਤੇ ਜੋਸ਼ ਅਤੇ ਸਾਡੀ ਮਿਹਨਤ ਸਾਨੂੰ ਹੋਰਨਾਂ ਪਾਰਟੀਆਂ ਨਾਲੋਂ ਵੱਖਰਾ ਬਣਾਉਂਦੀ ਹੈ। ਉਨ੍ਹਾਂ ਕਿਹਾ ਕਿ 'ਆਪ' ਦੀਆਂ ਰੈਲੀਆਂ ਵਿੱਚ ਪਹੁੰਚਣ ਲਈ ਲੋਕਾਂ ਵੱਲੋਂ ਚੁੱਕਿਆ ਗਿਆ ਹਰ ਕਦਮ ਇਨਕਲਾਬ ਦੀ ਦਿਸ਼ਾ ਵਿੱਚ ਚੁੱਕਿਆ ਗਿਆ ਕਦਮ ਹੈ। ਮਾਨ ਨੇ ਕਿਹਾ ਕਿ ਉਹ ਲੋਕਾਂ ਦੇ ਪਿਆਰ, ਸਤਿਕਾਰ ਅਤੇ ਸਹਿਯੋਗ ਦੀ ਬਹੁਤ ਕਦਰ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ 4 ਜੂਨ ਤੋਂ ਬਾਅਦ ਆਪ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਲੋਕ ਸਭਾ 'ਚ ਹੁਸ਼ਿਆਰਪੁਰ ਦੀ ਆਵਾਜ਼ ਬਣਨਗੇ। ਮਾਨ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਆਪ' ਆਗੂ ਆਮ ਪਰਵਾਰਾਂ ਵਿੱਚੋਂ ਹਨ, ਦੂਜੀਆਂ ਪਾਰਟੀਆਂ ਦੇ ਉਲਟ ਇੱਥੇ ਕੋਈ ਵੀ ਵੰਸ਼ਵਾਦੀ ਜਾਂ ਪੇਸ਼ੇਵਾਰ ਸਿਆਸਤਦਾਨ ਨਹੀਂ ਹੈ। ਉਨ੍ਹਾਂ (ਭਾਜਪਾ) ਨੇ ਅਰਵਿੰਦ ਕੇਜਰੀਵਾਲ ਨੂੰ ਇਸ ਲਈ ਜੇਲ੍ਹ ਵਿੱਚ ਡੱਕ ਦਿੱਤਾ ਹੈ ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਵਿੱਚ ਪਾ ਕੇ ਉਹ ਆਮ ਆਦਮੀ ਪਾਰਟੀ ਦੀ ਆਵਾਜ਼ ਨੂੰ ਦਬਾ ਸਕਦੇ ਹਨ। ਪਰ ਉਹ ਗ਼ਲਤ ਹਨ, ਉਹ ਸਾਨੂੰ ਡਰਾ ਨਹੀਂ ਸਕਦੇ ਜਾਂ ਸਾਨੂੰ ਰੋਕ ਨਹੀਂ ਸਕਦੇ। ਅਸੀਂ ਕੰਮ ਕੀਤਾ ਹੈ, ਅਸੀਂ ਆਪਣੇ ਕੰਮ ਦੇ ਅਧਾਰ 'ਤੇ ਵੋਟਾਂ ਮੰਗ ਰਹੇ ਹਾਂ, ਅਤੇ ਉਹ ਕੇਂਦਰ ਵਿੱਚ ਆਪਣੀ ਸਰਕਾਰ ਦੇ 10 ਸਾਲ ਬਾਅਦ ਵੀ ਧਰਮ ਅਤੇ ਜਾਤ ਦੇ ਅਧਾਰ 'ਤੇ ਵੋਟਾਂ ਮੰਗ ਰਹੇ ਹਨ। ਕੇਂਦਰ ਦੀ ਮੋਦੀ ਸਰਕਾਰ ਨੇ ਦਸ ਸਾਲਾਂ ਵਿੱਚ ਕੁਝ ਨਹੀਂ ਕੀਤਾ, ਸਿਰਫ਼ ਰੇਲ, ਭੇਲ, ਐਲ ਆਈ ਸੀ ਅਤੇ ਹਵਾਈ ਅੱਡਿਆਂ ਵਰਗੇ ਜਨਤਕ ਵਿਭਾਗਾਂ ਨੂੰ ਵੇਚ ਦਿੱਤਾ। ਭਾਜਪਾ ਨੇ ਆਮ ਲੋਕਾਂ ਨੂੰ ਸਿਰਫ਼ ਮਹਿੰਗਾਈ ਅਤੇ ਬੇਰੁਜ਼ਗਾਰੀ ਦਿੱਤੀ ਹੈ, ਜਿਸ ਦਾ ਅਸਲ ਲਾਭ ਮੋਦੀ ਸਰਕਾਰ ਦੇ ਸਰਮਾਏਦਾਰ ਦੋਸਤਾਂ ਨੂੰ ਦਿੱਤਾ ਗਿਆ ਹੈ। ਅੱਜ ਮੈਂ ਆਪਣੇ ਨੌਜਵਾਨਾਂ ਨੂੰ 43,000 ਸਰਕਾਰੀ ਨੌਕਰੀਆਂ ਦੇਣ ਤੋਂ ਬਾਅਦ ਇੱਥੇ ਖੜ੍ਹਾ ਹਾਂ, ਉਹ ਵੀ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਸ਼ ਦੇ। ਸਾਡੇ ਬੱਚੇ ਪੁਲਸ ਵਿਭਾਗ, ਪੀ ਐਸ ਪੀ ਸੀ ਐਲ ਵਿੱਚ ਚੁਣੇ ਜਾ ਰਹੇ ਹਨ ਅਤੇ ਮੈਰਿਟ ਦੇ ਅਧਾਰ 'ਤੇ ਜੱਜ ਬਣ ਰਹੇ ਹਨ। ਹੁਣ ਮੈਂ ਤੁਹਾਡੇ ਵਿਚਕਾਰ ਹਾਂ, ਇਸ ਵਾਰ ਲੋਕ ਸਭਾ ਚੋਣਾਂ ਲਈ ਇੱਕ ਵਾਰ ਫਿਰ ਤੁਹਾਡੇ ਸਮਰਥਨ ਦੀ ਮੰਗ ਕਰ ਰਿਹਾ ਹਾਂ। 'ਆਪ' ਉਮੀਦਵਾਰਾਂ ਨੂੰ ਵੋਟ ਪਾਓ, ਪੰਜਾਬ ਪੱਖੀ ਅਤੇ ਲੋਕ-ਪੱਖੀ ਅਵਾਜ਼ਾਂ ਨੂੰ ਪਾਰਲੀਮੈਂਟ ਵਿੱਚ ਭੇਜੋ। ਉਹ ਉੱਥੇ ਤੁਹਾਡੇ ਮੁੱਦੇ ਉਠਾਉਣਗੇ ਅਤੇ ਉੱਥੇ ਤੁਹਾਡਾ ਕੰਮ ਕਰਵਾਉਣਗੇ। ਬਾਦਲ 'ਤੇ ਚੁਟਕੀ ਲੈਂਦਿਆਂ ਮਾਨ ਨੇ ਕਿਹਾ ਕਿ ਉਹ ਪਰਵਾਰ ਪੱਖੀ ਹਨ, ਅਸੀਂ ਪੰਜਾਬ ਪੱਖੀ ਹਾਂ (ਉਹ ਪਰਵਾਰ ਵਾਲੇ ਸੀ, ਅਸੀਂ ਪੰਜਾਬ ਵਾਲੇ ਹਾਂ), ਪੂਰਾ ਪੰਜਾਬ ਮੇਰਾ ਪਰਵਾਰ ਹੈ, ਮੈਂ ਸਿਰਫ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਫ਼ੈਸਲੇ ਲੈਂਦਾ ਹਾਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਲਈ ਗੋਇੰਦਵਾਲ ਸਾਹਿਬ ਵਿਖੇ ਬਿਜਲੀ ਘਰ ਵੀ ਖ਼ਰੀਦਿਆ ਹੈ ਅਤੇ ਇਸ ਦਾ ਨਾਂ ਗੁਰੂ ਅਮਰਦਾਸ ਜੀ ਦੇ ਨਾਂ 'ਤੇ ਰੱਖਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਝਾਰਖੰਡ ਵਿੱਚ ਪੰਜਾਬ ਦੀ ਕੋਲਾ ਖਾਣ ਤੋਂ ਮੁੜ ਮਾਈਨਿੰਗ ਸ਼ੁਰੂ ਕੀਤੀ ਹੈ ਅਤੇ ਹੁਣ ਪੰਜਾਬ ਵਿੱਚ 3 ਸਰਕਾਰੀ ਪਾਵਰ ਪਲਾਂਟ ਸਸਤਾ ਕੋਲਾ ਪ੍ਰਾਪਤ ਕਰ ਰਹੇ ਹਨ ਅਤੇ 90% ਘਰਾਂ ਨੂੰ ਜ਼ੀਰੋ ਬਿਜਲੀ ਦਾ ਬਿੱਲ ਆ ਰਿਹਾ ਹੈ, ਕਿਸਾਨਾਂ ਨੂੰ ਨਿਰਵਿਘਨ ਬਿਜਲੀ ਮਿਲ ਰਹੀ ਹੈ ਅਤੇ ਉਦਯੋਗਾਂ ਲਈ ਵੀ ਸਸਤੀ ਬਿਜਲੀ ਹੈ। ਉਨ੍ਹਾਂ ਕਿਹਾ ਕਿ 2014 'ਚ ਪੰਜਾਬ ਨੇ ਹੀ ਆਪ ਨੂੰ 4 ਸੀਟਾਂ ਦਿੱਤੀਆਂ ਸਨ, ਹੁਣ ਤਾਨਾਸ਼ਾਹੀ ਵਿਰੁੱਧ ਲੜਾਈ 'ਚ ਪੰਜਾਬ ਵਾਸੀ ਇਕ ਵਾਰ ਫਿਰ ਸਾਡੇ ਸਭ ਤੋਂ ਵੱਡੇ ਸਮਰਥਕ ਹੋਣਗੇ । ਇਸ ਮੌਕੇ ਆਪ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਹ ਅਰਵਿੰਦ ਕੇਜਰੀਵਾਲ, ਭਗਵੰਤ ਮਾਨ ਅਤੇ ਆਪ ਪਰਵਾਰ ਦੇ ਧੰਨਵਾਦੀ ਹਨ ਕਿ ਉਨ੍ਹਾਂ 'ਤੇ ਭਰੋਸਾ ਕਰਕੇ ਹੁਸ਼ਿਆਰਪੁਰ ਲੋਕ ਸਭਾ ਸੀਟ ਲਈ ਉਮੀਦਵਾਰੀ ਦਿੱਤੀ। ਉਨ੍ਹਾਂ ਕਿਹਾ ਕਿ ਲੋਕਾਂ ਅਤੇ ਪਾਰਟੀ ਵਰਕਰਾਂ ਵੱਲੋਂ ਮਿਲੇ ਹਾਂ-ਪੱਖੀ ਹੁੰਗਾਰੇ ਤੋਂ ਉਹ ਬਹੁਤ ਖ਼ੁਸ਼ ਹਨ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਪੰਜਾਬ ਦੇ ਲੋਕ ਮਹਿਸੂਸ ਕਰ ਰਹੇ ਹਨ ਕਿ ਇਹ ਉਨ੍ਹਾਂ ਦੀ ਆਪਣੀ ਸਰਕਾਰ ਹੈ ਅਤੇ ਇਹ ਉਨ੍ਹਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੋ ਵੀ ਇਹ ਸਮਝਦਾ ਹੈ ਕਿ ਹੁਸ਼ਿਆਰਪੁਰ ਅਕਾਲੀ-ਭਾਜਪਾ ਦਾ ਗੜ੍ਹ ਹੈ, ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ 'ਆਪ' ਗੜ੍ਹਾਂ ਨੂੰ ਤੋੜਨਾ ਚੰਗੀ ਤਰ੍ਹਾਂ ਜਾਣਦੀ ਹੈ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਆਪ ਦੇ ਕੈਬਨਿਟ ਮੰਤਰੀ ਅਤੇ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਹੁਸ਼ਿਆਰਪੁਰ ਵਿੱਚ ਆਪ ਸਰਕਾਰ ਦੇ ਕੰਮਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਨੂੰ ਮੈਡੀਕਲ ਕਾਲਜ ਦਾ ਪ੍ਰੋਜੈਕਟ ਮਿਲ ਗਿਆ ਹੈ ਅਤੇ 2026 ਤੋਂ ਦੁਆਬੇ ਦੇ ਕਿਸੇ ਵੀ ਵਿਅਕਤੀ ਨੂੰ ਐਮ ਬੀ ਬੀ ਐਸ ਦੀ ਡਿਗਰੀ ਲੈਣ ਲਈ ਪੰਜਾਬ ਜਾਂ ਭਾਰਤ ਨਹੀਂ ਛੱਡਣਾ ਪਵੇਗਾ। ਮਾਨ ਸਰਕਾਰ ਨੇ ਆਦਮਪੁਰ ਹਵਾਈ ਅੱਡੇ ਨੂੰ ਸਿੱਧੀ ਸੜਕ ਬਣਾ ਕੇ ਇਸ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਪਹਿਲ ਦੇ ਆਧਾਰ 'ਤੇ ਆਦਮਪੁਰ-ਚਿੰਤਪੁਰਨੀ ਸੜਕ ਵੀ ਬਣਾਈ ਗਈ ਹੈ।






## ਮਾਂ ਸ਼ਾਰਦਾ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਰਿਹਾ ਸੌ ਫੀਸਦੀ

**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)**-ਸਥਾਨਕ ਕਸਬੇ ਦੀ ਨਾਮਵਰ ਵਿੱਦਿਅਕ ਸੰਸਥਾ ਮਾਂ ਸ਼ਾਰਦਾ ਸੀਨੀਅਰ ਸੈਕੰਡਰੀ ਸਕੂਲ ਚਵਿੰਡਾ ਦੇਵੀ ਵਿਖੇ ਦਸਵੀਂ ਜਮਾਤ ਦਾ ਨਤੀਜਾ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਾਨਦਾਰ ਰਿਹਾ ਅਤੇ ਸਕੂਲ ਦੇ ਸਾਰੇ ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋ ਕੇ ਚੰਗੀਆਂ ਪੁਜ਼ੀਸ਼ਨਾਂ ਤੇ ਆ ਕੇ ਸਕੂਲ ਅਤੇ ਆਪਣੇ ਮਾਂ ਬਾਪ ਦਾ ਨਾਮ ਰੌਸ਼ਨ ਕੀਤਾ।ਇਹ ਜਾਣਕਾਰੀ ਦਿੰਦਿਆਂ ਪ੍ਰਿੰ. ਮੈਡਮ ਸੀਮਾ ਸ਼ਰਮਾ ਤੇ ਸਹਾਇਕ ਪ੍ਰਿੰ. ਕਰਿਸ਼ਮਾ ਸ਼ਰਮਾ ਨੇ ਦੱਸਿਆ ਕਿ ਦਸਵੀਂ ਕਲਾਸ ਦੇ ਬੋਰਡ ਦੇ ਨਤੀਜੇ ਵਿਚੋਂ ਦੋ ਬੱਚੇ 90 ਫੀਸਦੀ, 8 ਬੱਚੇ 80 ਫੀਸਦੀ ਤੋਂ ਵੱਧ ਤੇ ਬਾਕੀ ਬੱਚੇ 70 ਫੀਸਦੀ ਤੋਂ ਵੱਧ ਅੰਕ ਹਾਸਲ ਕਰਕੇ ਪਾਸ਼ ਹੋਏ।ਇਸ ਮੌਕੇ ਸਾਰਿਆਂ ਨੇ ਬੱਚਿਆਂ, ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਦੇ ਚੰਗੇ ਭੱਵਿਖ ਲਈ ਸ਼ੁਭਕਾਮਨਾਵਾਂ ਦਿੱਤੀਆਂ ।




## ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ 'ਚ ਵੀਡੀਓ ਰੈਜ਼ਿਊਮੇ ਰਾਈਟਿੰਗ 'ਤੇ ਸੈਸ਼ਨ



**ਜਲੰਧਰ (ਸ਼ੈਲੀ ਐਲਬਰਟ)**-ਸ਼ਾਹਪੁਰ ਕੈਂਪਸ ਵਿਖੇ ਸੈਂਟਰ ਫਾਰ ਕਰੀਅਰ ਪਲੈਨਿੰਗ ਐਂਡ ਕਾਊਂਸਲਿੰਗ (ਸੀ.ਸੀ.ਪੀ.ਸੀ), ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਹਾਲ ਹੀ ਵਿੱਚ ਵੀਡੀਓ ਰੈਜ਼ਿਊਮੇ ਰਾਈਟਿੰਗ 'ਤੇ ਇੱਕ ਸੈਸ਼ਨ ਦਾ ਆਯੋਜਨ ਕੀਤਾ। ਸੈਸ਼ਨ ਦਾ ਉਦੇਸ਼ ਖਾਸ ਤੌਰ ਤੇ ਬੀ.ਟੈੱਕ ਵਿੱਚ ਕੰਪਿਊਟਰ ਸਾਇੰਸ ਇੰਜੀਨੀਅਰਿੰਗ (ਸੀ.ਐਸ.ਈ) ਅਤੇ ਬੈਚਲਰ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ (ਬੀ.ਬੀ.ਏ) ਵਿੱਚ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਵੀਡੀਓ ਰੈਜ਼ਿਊਮੇ ਬਣਾਉਣ ਲਈ ਲੋੜੀਂਦੇ ਹੁਨਰ ਬਾਰੇ ਜਾਣਕਾਰੀ ਦੇਣਾ ਸੀ ਜੋ ਅੱਜ ਦੇ ਮੁਕਾਬਲੇ ਵਾਲੇ ਸਮੇਂ ਵਿੱਚ ਉਨ੍ਹਾਂ ਦੀਆਂ ਨੌਕਰੀਆਂ ਦੀਆਂ ਸੰਭਾਵਨਾਵਾਂ ਨੂੰ ਵਧਾਉਂਦੇ ਹਨ।ਸੈਸ਼ਨ ਦੇ ਮਾਹਿਰ ਰਿਸ਼ਬ ਸ਼ਰਮਾ, ਸੀ ਟੀ ਯੂਨੀਵਰਸਿਟੀ ਦੇ ਹਿਊਮਨ ਰਿਸੋਰਸ ਡਿਵੈਲਪਮੈਂਟ (ਐਚ.ਆਰ.ਡੀ.ਸੀ) ਦੇ ਡਿਪਟੀ ਡਾਇਰੈਕਟਰ ਸਨ। ਸੀ.ਸੀ.ਪੀ.ਸੀ. ਦੇ ਡਿਪਟੀ ਡਾਇਰੈਕਟਰ ਡਾ. ਨਿਤਨ ਅਰੋੜਾ ਨੇ ਵੀਡੀਓ ਰੈਜ਼ਿਊਮੇ ਦੀ ਮਹੱਤਤਾ ਅਤੇ ਆਧੁਨਿਕ ਭਰਤੀ ਪ੍ਰਕਿਰਿਆਵਾਂ ਵਿੱਚ ਉਨ੍ਹਾਂ ਦੀ ਸਾਰਥਕਤਾ ਬਾਰੇ ਜਾਣਕਾਰੀ ਦਿੱਤੀ।ਰਿਸ਼ਬ ਸ਼ਰਮਾ ਨੇ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਵੀਡੀਓ ਰੈਜ਼ਿਊਮੇ ਬਣਾਉਣ ਲਈ ਬੁਨਿਆਦੀ ਲੋੜਾਂ ਬਾਰੇ ਮਾਰਗਦਰਸ਼ਨ ਕੀਤਾ, ਸ਼ਖ਼ਸੀਅਤ, ਸੰਚਾਰ ਹੁਨਰ ਅਤੇ ਸੰਬੰਧਿਤ ਅਨੁਭਵਾਂ ਨੂੰ ਦਿਖਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਮਾਰਗਦਰਸ਼ਨ ਦੇ ਬਾਅਦ, ਵਿਦਿਆਰਥੀਆਂ ਨੂੰ ਉਹਨਾਂ ਦੇ ਵੀਡੀਓ ਰੈਜ਼ਿਊਮੇ ਨੂੰ ਸ਼ੂਟ ਕਰਨ ਵਿੱਚ ਹੱਥੀਂ ਸਹਾਇਤਾ ਪ੍ਰਦਾਨ ਕੀਤੀ ਗਈ। ਡਾ. ਨਿਤਨ ਅਰੋੜਾ ਨੇ ਟਿੱਪਣੀ ਕਰਦੇ ਕਿਹਾ ਕਿ ਅਜੋਕੇ ਨੌਕਰੀ ਦੇ ਬਾਜ਼ਾਰ ਵਿੱਚ ਪ੍ਰਭਾਵਸ਼ਾਲੀ ਵੀਡੀਓ ਰੈਜ਼ਿਊਮੇ ਬਣਾਉਣ ਦੀ ਸਮਰੱਥਾ ਲਗਾਤਾਰ ਜ਼ਰੂਰੀ ਹੁੰਦੀ ਜਾ ਰਹੀ ਹੈ। ਇਹ ਸੈਸ਼ਨ ਨਾ ਸਿਰਫ਼ ਵਿਦਿਆਰਥੀਆਂ ਦੇ ਤਕਨੀਕੀ ਹੁਨਰ ਨੂੰ ਵਧਾਉਂਦਾ ਹੈ, ਸਗੋਂ ਉਨ੍ਹਾਂ ਨੂੰ ਇੱਕ ਯਾਦਗਾਰੀ ਪਹਿਲੀ ਛਾਪ ਬਣਾਉਣ ਲਈ ਵੀ ਹੁਨਰ ਪ੍ਰਦਾਨ ਕਰਦਾ ਹੈ।

## ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਪਿੰਡ ਮੇਹਰਬਾਨਪੁਰਾ ਦੇ ਗੁਰਦੁਆਰਾ ਸਾਹਿਬ ਵਿਖੇ ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਮਹੀਨਾਵਾਰ ਮੀਟਿੰਗ ਸੂਬਾ ਪ੍ਰਧਾਨ ਡਾ. ਦੀਪਕ ਤੇ ਸੂਬਾ ਕਮੇਟੀ ਮੈਂਬਰ ਡਾ. ਸ਼ਾਮ ਲਾਲ ਦੀ ਅਗਵਾਈ ਹੇਠ ਹੋਈ ।ਇਸ ਮੌਕੇ ਕਈ ਅਹਿਮ ਭਖਦੇ ਮੁੱਦਿਆਂ ਤੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਪਰੈਕਟਿਸ ਕਰ ਰਹੇ ਆਰਐੱਮਪੀ ਡਾਕਟਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਯੂਨੀਅਨ ਦੇ ਪ੍ਰਧਾਨ ਡਾ. ਦੀਪਕ ਤੇ ਹੋਰ ਬੁਲਾਰਿਆਂ ਨੇ ਵੱਖ-ਵੱਖ ਤਰ੍ਹਾਂ ਨਾਲ ਡਾਕਟਰਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ।ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਨੇ ਫੈਸਲਾ ਕੀਤਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਉਸ ਪਾਰਟੀ ਨੂੰ ਸਮਰਥਨ ਦੇਣਗੇ ਜੋ ਉਨ੍ਹਾਂ ਦੀ ਐਸੋਸੀਏਸ਼ਨ ਦੀਆਂ ਮੁਸ਼ਕਲਾਂ ਦਾ ਹੱਲ ਕਰੇਗੀ ਤੇ ਸਾਫ-ਸੁਥਰੇ ਉਮੀਦਵਾਰਾਂ ਨੂੰ ਜਿਤਾਉਣ ਲਈ ਦਿਨ-ਰਾਤ ਇੱਕ ਕਰਨਗੇ।ਮੀਟਿੰਗ ਦੌਰਾਨ ਇਕੱਠੇ ਹੋਏ ਫੰਡਾਂ ਦੀ ਜਾਣਕਾਰੀ ਵੀ ਦਿੱਤੀ ਗਈ ਤੇ ਨਾਲ ਹੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਹੋਰ ਵੀ ਡਾਕਟਰਾਂ ਨੂੰ ਅਪੀਲ ਕੀਤੀ ਕਿ ਉਹ ਵੀ ਉਨ੍ਹਾਂ ਦੀ ਯੂਨੀਅਨ ਦਾ ਹਿੱਸਾ ਬਣਨ।ਹੋਰਨਾਂ ਤੋਂ ਇਲਾਵਾ ਇਸ ਮੌਕੇ ਪ੍ਰਧਾਨ ਦੀਪਕ, ਡਾ. ਸ਼ਾਮ ਲਾਲ, ਡਾ. ਅਸ਼ਵਨੀ ਕੁਮਾਰ, ਡਾ. ਵਰਿੰਦਰ ਸਿੰਘ, ਡਾ. ਦਲੇਰ ਸਿੰਘ ਜੌਹਲ, ਡਾ. ਬਿਕਰਮਜੀਤ ਸਿੰਘ, ਡਾ. ਜਤਿੰਦਰ ਸਿੰਘ, ਡਾ. ਰਛਪਾਲ ਸਿੰਘ, ਡਾ. ਤਰਸੇਮ ਸਿੰਘ, ਡਾ. ਸੁਖਚੰਦਨ ਸਿੰਘ, ਡਾ. ਬਲਕਾਰ ਸਿੰਘ ਵਡਾਲਾ ਜੌਹਲ ਅਤੇ ਹੋਰ ਵੀ ਕਈ ਆਰਐੱਮਪੀ ਡਾਕਟਰ ਸਾਥੀ ਹਾਜ਼ਰ ਸਨ ।



## ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ 'ਚ ਸੈਮੀਨਾਰ




**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਇੱਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ ਜਿਸ ਦਾ ਵਿਸ਼ਾ ਸੀ ਬੱਚਿਆਂ ਵਿੱਚ ਗੁਰਮਤਿ ਗਿਆਨ ਅਤੇ ਇਨਸਾਨੀਅਤ ਦੇ ਚੰਗੇ ਗੁਣ ਪੈਦਾ ਕਰਨ ਅਤੇ ਜੀਵਨ ਨੂੰ ਸਹੀ ਸੇਧ ਦੇਣ ਸਬੰਧੀ ਜਾਣਕਾਰੀ ਦਿੱਤੀ ਗਈ । ਇਸ ਸੈਮੀਨਾਰ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਬੱਚਿਆਂ ਨੇ ਭਾਗ ਲਿਆ ਜਿਸ ਦੀ ਅਗਵਾਈ ਦਿਲਬਾਗ ਸਿੰਘ ਅਤੇ ਸਰਦਾਰਨੀ ਪੂਨਮ ਕੌਰ ਵੱਲੋਂ ਕੀਤੀ ਗਈ। ਉਨ੍ਹਾਂ ਨੇ ਬੱਚਿਆਂ ਨੂੰ ਰੋਜ਼ ਗੁਰਬਾਣੀ ਪੜ੍ਹਨ, ਕੀਰਤਨ ਕਰਨ ਅਤੇ ਨਿਤਨੇਮ ਕਰਨ ਦੀ ਪ੍ਰੇਰਨਾ ਦਿੱਤੀ । ਉਨ੍ਹਾ ਵਿਦਿਆਰਥੀਆਂ ਨੂੰ ਸਹੀ ਗੁਰਮਤਿ ਸਿਧਾਂਤਾਂ 'ਤੇ ਚੱਲਦਿਆਂ ਆਪਣੇ ਜੀਵਨ ਨੂੰ ਵਧੀਆ ਢੰਗ ਨਾਲ ਜਿਊਣ ਲਈ ਪ੍ਰੇਰਿਤ ਕੀਤਾ ।ਇਸ ਮੌਕੇ ਸਕੂਲ ਪ੍ਰਿੰਸੀਪਲ ਨਵਦੀਪ ਕੌਰ ਅਤੇ ਸਮੂਹ ਸਟਾਫ ਨੇ ਦਿਲਬਾਗ ਸਿੰਘ ਵੱਲੋਂ ਦਿੱਤੇ ਗਏ ਇਸ ਭਾਸ਼ਣ ਦੀ ਸ਼ਲਾਘਾ ਕੀਤੀ । ਅੰਤ ਵਿੱਚ ਸਕੂਲ ਪ੍ਰਿੰਸੀਪਲ ਨਵਦੀਪ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਉਨਾਂ ਦਾ ਸਨਮਾਨ ਵੀ ਕੀਤਾ ਗਿਆ।

## ਚੱਕ ਸ਼ਰੀਫ ਵਿਖੇ ਕਰਵਾਏ ਵੇਟ ਲਿਫਟਿੰਗ ਮੁਕਾਬਲੇ




**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਆਉਂਦੇ ਪਿੰਡ ਚੱਕ ਸ਼ਰੀਫ ਵਿਖੇ ਡਾਊਨ ਟਾਊਨ ਜਿੰਮ ਵਿਖੇ ਲੈਫ ਵੇਟ ਲਿਫਟਿੰਗ ਮੁਕਾਬਲੇ ਕਰਾਏ ਗਏ। ਇਹ ਉਪਰਾਲਾ ਗੁਰਪ੍ਰੀਤ ਸਿੰਘ ਸੋਨੂੰ ਯੂਥ ਵਿੰਗ ਸੈਕਟਰੀ ਆਮ ਪਾਰਟੀ, ਤੇਜਿੰਦਰ ਸਿੰਘ ਸੰਨੀ ਬਲਾਕ ਮੰਡੀ ਪ੍ਰਧਾਨ ਸਰੀ ਯੂਐੱਸਏ ਅਤੇ ਜਗਬੀਰ ਸਿੰਘ ਸਰਕਾਰੀਆ ਦੇ ਯਤਨਾਂ ਸਦਕਾ ਕਰਵਾਏ ਗਏ ਜਿਸ ਵਿੱਚ ਵੱਖ-ਵੱਖ ਜ਼ਿਲਿਆਂ ਦੇ ਸੀਨੀਅਰ ਪਲੇਅਰਾਂ ਨੇ ਹਿੱਸਾ ਲਿਆ ਅਤੇ ਮਾਸਟਰ ਕੈਟਾਗਰੀ ਵਿੱਚ ਦੀਦਾਰ ਸਿੰਘ ਦਾਰਾ ਨੇ ਹੈਵੀ ਲਿਫਟਿੰਗ ਕੀਤੀ ਅਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਗਬੀਰ ਸਿੰਘ ਸਰਕਾਰੀਆ ਨੇ ਇਸ ਮੌਕੇ ਦੀਦਾਰ ਸਿੰਘ ਦੀ ਮਿਹਨਤ ਨੂੰ ਦੇਖਦੇ ਹੋਏ ਆਪਣੇ ਗਲੇ ਦੀ ਸੋਨੇ ਦੀ ਚੇਨ ਲਾਹ ਕੇ ਇਨਾਮ ਵਜੋਂ ਉਸ ਨੂੰ ਦੇ ਦਿੱਤੀ। ਇਸ ਮੌਕੇ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਦੇ ਨਾਲ ਹਰਮਿੰਦਰ ਸਿੰਘ ਸ਼ੈਲੀ, ਚੰਚਲ ਸਿੰਘ ਬਾਗੜੀਆਂ, ਬਲਾਕ ਪ੍ਰਧਾਨ ਗੁਰਨਾਮ ਸਿੰਘ ਰਾਜੂ, ਸੁਰਿੰਦਰ ਸਿੰਘ ਬੱਲ, ਨਿਸ਼ਾਨ ਸਿੰਘ, ਇੰਦਰਜੀਤ ਸਿੰਘ, ਬਲਜੀਤ ਸਿੰਘ ਫੌਜੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

## ਅਣਪਛਾਤੇ ਵਾਹਨ ਦੀ ਲਪੇਟ 'ਚ ਆਉਣ ਨਾਲ ਨੌਜਵਾਨ ਦੀ ਮੌਤ, ਛੋਟਾ ਭਰਾ ਗੰਭੀਰ ਜ਼ਖਮੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਬੀਤੀ ਦੇਰ ਰਾਤ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਕੋਟਲੀ ਸੂਰਤ ਮੱਲ੍ਹੀ ਦੇ ਦੋ ਸਕੇ ਭਰਾ ਆਕਾਸ਼ਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਅਤੇ ਦਲਜੀਤ ਸਿੰਘ ਜੋ ਕਿ ਫਤਿਹਗੜ੍ਹ ਚੂੜੀਆਂ ਵਿੱਚ ਨਿਊਡਲ ਬਰਗਰ ਦੀ ਦੁਕਾਨ ਕਰਦੇ ਸਨ ਤੇ ਰੋਜ਼ਾਨਾ ਦੀ ਤਰ੍ਹਾਂ ਬੀਤੀ ਰਾਤ ਆਪਣੀ ਦੁਕਾਨ ਬੰਦ ਕਰਕੇ ਆਪਣੇ ਮੋਟਰਸਾਈਕਲ ਤੇ ਸਵਾਰ ਹੋ ਕੇ ਫਤਿਹਗੜ੍ਹ ਚੂੜੀਆਂ ਤੋਂ ਵਾਇਆ ਕਾਲਾ ਅਫਗਾਨਾ ਰੋਡ ਰਾਹੀਂ ਵਾਪਿਸ ਆਪਣੇ ਪਿੰਡ ਕੋਟਲੀ ਸੂਰਤ ਮੱਲ੍ਹੀ ਨੂੰ ਆ ਰਹੇ ਸਨ ਤਾਂ ਜਦੋਂ ਉਹ ਨਜ਼ਦੀਕ ਪਿੰਡ ਮੰਜਿਆਂਵਾਲੀ ਦੇ ਅੱਡੇ 'ਤੇ ਪਹੁੰਚੇ ਤਾਂ ਕਿਸੇ ਅਣਪਛਾਤੇ ਵਾਹਨ ਦੀ ਲਪੇਟ 'ਚ ਆ ਜਾਣ ਨਾਲ ਆਕਾਸ਼ਦੀਪ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਜਦਕਿ ਉਸ ਦਾ ਛੋਟਾ ਭਰਾ ਦਲਜੀਤ ਸਿੰਘ ਗੰਭੀਰ ਜ਼ਖਮੀ ਹੋ ਗਿਆ ਅਤੇ ਉਸਨੂੰ ਰਾਹਗੀਰਾਂ ਅਤੇ ਆਸਪਾਸ ਦੇ ਲੋਕਾਂ ਵੱਲੋਂ ਅੰਮ੍ਰਿਤਸਰ ਦੇ ਕਿਸੇ ਨਿੱਜੀ ਹਸਪਤਾਲ ਲਿਜਾਇਆ ਗਿਆ ਜਿੱਥੇ ਉਹ ਇਲਾਜ ਅਧੀਨ ਹੈ। ਉਧਰ ਮੌਕੇ ਤੇ ਪਹੁੰਚੇ ਥਾਣਾ ਘਣੀਕੇ ਬਾਂਗਰ ਦੀ ਪੁਲਸ ਵੱਲੋਂ ਮ੍ਰਿਤਕ ਦੇ ਭਰਾ ਲਵਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਵਾਹਨ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਮ੍ਰਿਤਕ ਆਕਾਸ਼ਦੀਪ ਸਿੰਘ ਦਾ ਸਿਵਲ ਹਸਪਤਾਲ ਬਟਾਲਾ ਤੋਂ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ, ਜਦਕਿ ਦਲਜੀਤ ਸਿੰਘ ਨੂੰ ਅੰਮ੍ਰਿਤਸਰ ਦੇ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਉਧਰ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਆਸ ਪਾਸ ਲੱਗੇ ਸੀਸੀਟੀਵੀ ਕੈਮਰੇ ਖੰਗਾਲੇ ਜਾ ਰਹੇ ਹਨ ਤੇ ਜਲਦੀ ਹੀ ਅਣਪਛਾਤੇ ਵਾਹਨ ਤੇ ਉਸ ਦੇ ਚਾਲਕ ਨੂੰ ਗ੍ਰਿਫਤਾਰ ਕੀਤਾ ਜਾਵੇਗਾ।

## ਗਰਭਵਤੀ, ਅਪੰਗ ਤੇ ਕਰੋਨਿਕ ਬਿਮਾਰੀ ਨਾਲ ਪੀੜਤ ਮੁਲਾਜ਼ਮਾਂ ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ : ਡੀ ਟੀ ਐੱਫ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਭਾਰਤੀ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਦੀਆਂ ਆਮ ਚੋਣਾਂ, 2024 ਕਰਵਾਉਣ ਸਬੰਧੀ ਸਾਰਨੀ ਜਾਰੀ ਕੀਤੀ ਜਿਸ ਅਨੁਸਾਰ ਦੇਸ਼ ਵਿੱਚ ਕੁਲ 7 ਗੇੜਾਂ ਵਿੱਚ ਚੋਣਾਂ ਦਾ ਕੰਮ ਮੁਕੰਮਲ ਕਰਵਾਇਆ ਜਾਣਾ ਹੈ ਅਤੇ ਨਤੀਜਿਆਂ ਦਾ ਐਲਾਨ 4 ਜੂਨ, 2024 ਕੀਤਾ ਜਾਣਾ ਹੈ। ਪੰਜਾਬ ਵਿੱਚ ਇਹ ਚੋਣਾਂ ਸੱਤਵੇਂ ਗੇੜ 'ਚ 1 ਜੂਨ ਨੂੰ ਹੋਣ ਜਾ ਰਹੀਆਂ ਹਨ। ਚੋਣਾਂ ਦੌਰਾਨ ਅਧਿਆਪਕਾਂ ਅਤੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਚੋਣਾਂ ਦੇ ਪ੍ਰਬੰਧਾਂ ਦੀਆਂ ਘਾਟਾਂ ਕਾਰਨ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਡੈਮੋਕਰੇਟਿਕ ਟੀਚਰ ਫਰੰਟ, ਪੰਜਾਬ ਦੇ ਸੂਬਾ ਵਿੱਤ ਸਕੱਤਰ ਅਤੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਅਸ਼ਵਨੀ ਅਵਸਥੀ, ਜ਼ਿਲ੍ਹਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਖਹਿਰਾ ਤੇ ਜ਼ਿਲ੍ਹਾ ਵਿੱਤ ਸਕੱਤਰ ਹਰਜਾਪ ਸਿੰਘ ਬੱਲ ਨੇ ਦੱਸਿਆ ਕਿ ਪਿਛਲੀਆਂ ਚੋਣਾਂ ਦੌਰਾਨ ਸੂਬੇ ਦੇ ਸਮੂਹ ਮੁਲਾਜ਼ਮਾਂ ਨੂੰ ਪ੍ਰਬੰਧਕੀ ਘਾਟਾ ਕਾਰਨ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਜਿਵੇਂ ਇਸਤਰੀ ਅਧਿਆਪਕਾਂ/ਮੁਲਾਜ਼ਮਾਂ ਦੀਆਂ ਚੋਣ ਡਿਊਟੀਆਂ ਬਲਾਕਾਂ ਤੇ ਹਲਕਿਆਂ ਤੋਂ ਬਾਹਰ ਲਗਾਈਆਂ ਗਈਆਂ ਜਿਸ ਕਾਰਨ ਡਿਊਟੀ ਨਿਭਾਉਣ ਦੀ ਥਾਂ ਡਿਊਟੀ ਕਟਵਾਉਣ ਦਾ ਰੁਝਾਨ ਵਧਿਆ, ਅਪੰਗ ਤੇ ਕਰੋਨਿਕ ਬਿਮਾਰੀ ਨਾਲ ਪੀੜਤ ਮੁਲਾਜ਼ਮਾਂ ਦੀਆਂ ਡਿਊਟੀਆਂ ਲੱਗੀਆਂ, ਕੁਆਰੀ ਇਸਤਰੀ ਮੁਲਾਜ਼ਮਾਂ ਦੀ ਡਿਊਟੀਆਂ ਦੂਰ ਦਰਾਡੇ ਲਗਾਉਣਾ, ਭੋਜਨ ਪਾਣੀ ਤੇ ਚਾਹ ਦੇ ਉਚਿਤ ਪ੍ਰਬੰਧ ਦੀਆਂ ਘਾਟਾਂ, ਮਿਡ-ਡੇ-ਮੀਲ ਵਿਚੋਂ ਭੋਜਨ ਬਣਵਾਉਣ ਉਪਰੰਤ ਸਮੇਂ ਸਿਰ ਤੇ ਬਣਦੀ ਅਦਾਇਗੀ ਦਾ ਨਾ ਹੋਣਾ, ਪਤੀ ਤੇ ਪਤਨੀ ਦੋਵਾਂ ਦੀਆਂ ਡਿਊਟੀਆਂ ਲਗਾਉਣਾ, ਬੇਲੋੜੀ ਕਾਗਜ਼ੀ ਕਾਰਵਾਈ ਅਤੇ ਕਾਗਜ਼ਾਂ ਦੀ ਬਰਬਾਦੀ ਆਦਿ। ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀ ਚੋਣ ਡਿਊਟੀ ਲੱਗਣ ਕਾਰਨ ਪਹਿਲਾਂ ਤੋਂ ਹੀ ਅਧਿਆਪਕਾਂ ਦੀ ਘਾਟ ਝੱਲ ਰਹੇ ਸਕੂਲਾਂ ਦੇ ਤਰਸਯੋਗ ਹਾਲਤ ਬਣ ਗਏ ਅਤੇ ਦੇਸ਼ ਦੇ ਭਵਿੱਖ ਵਜੋਂ ਜਾਣੇ ਜਾਂਦੇ ਵਿਦਿਆਰਥੀ ਅਧਿਆਪਕਾਂ ਨੂੰ ਉਡੀਕਦੇ ਰਹੇ। ਸਮੁੱਚਾ ਸਕੂਲੀ ਸਿੱਖਿਆ ਤੰਤਰ ਬੁਰੀ ਤਰਾਂ ਪ੍ਰਭਾਵਿਤ ਹੋਇਆ। ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵੀ ਪਿਛਲੇ ਲੱਗਭਗ ਛੇ ਸੱਤ ਮਹੀਨਿਆਂ ਤੋਂ ਜ਼ਿਲ੍ਹਾ ਪ੍ਰਬੰਧਕੀ ਦਫ਼ਤਰਾਂ ਵਿੱਚ ਬਿਨਾਂ ਕਿਸੇ ਕਿਰਤ ਕਾਨੂੰਨਾਂ ਨੂੰ ਧਿਆਨ ਵਿੱਚ ਰੱਖਦਿਆਂ ਦਿਨ ਰਾਤ ਦਸ ਬਾਰਾਂ ਘੰਟੇ ਚੋਣ ਕੰਮ ਕਰਨ ਲਈ ਮਜਬੂਰ ਨੇ। ਇਸ ਵਾਧੂ ਕੰਮ ਨਾਲ ਜਿੱਥੇ ਸਕੂਲ ਪ੍ਰਬੰਧ ਵਿਗੜਦਾ ਹੈ ਉਥੇ ਹੀ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਮਾਨਸਿਕ, ਸਮਾਜਿਕ ਤੰਗੀ ਝੱਲਣੀ ਪੈ ਰਹੀ ਹੈ। ਜ਼ਿਲ੍ਹਾ ਅੰਮ੍ਰਿਤਸਰ ਦੇ ਆਗੂਆਂ ਜਰਮਨਜੀਤ ਸਿੰਘ, ਗੁਰਦੇਵ ਸਿੰਘ, ਨਿਰਮਲ ਸਿੰਘ, ਰਾਜੇਸ਼ ਕੁਮਾਰ ਪਰਾਸ਼ਰ, ਸੁਖਜਿੰਦਰ ਸਿੰਘ ਜੱਬੋਵਾਲ, ਮਨਪ੍ਰੀਤ ਸਿੰਘ, ਕੰਵਲਜੀਤ ਕੌਰ, ਗੁਰਪ੍ਰੀਤ ਸਿੰਘ ਨਾਭਾ, ਕੰਵਲਜੀਤ ਸਿੰਘ, ਨਰੇਸ਼ ਕੁਮਾਰ, ਸੁਖਵਿੰਦਰ ਸਿੰਘ ਬਿੱਟਾ, ਨਰਿੰਦਰ ਮੱਲੀਆਂ, ਕੇਵਲ ਸਿੰਘ, ਵਿਪਨ ਰਿਖੀ, ਮੁਨੀਸ਼ ਪੀਟਰ, ਸ਼ਰਨਜੀਤ ਕੌਰ, ਪਰਮਿੰਦਰ ਸਿੰਘ, ਸ਼ਮਸ਼ੇਰ ਸਿੰਘ ਆਦਿ ਨੇ ਭਾਰਤੀ ਚੋਣ ਕਮਿਸ਼ਨ ਅਤੇ ਮੁੱਖ ਚੋਣ ਕਮਿਸ਼ਨਰ, ਪੰਜਾਬ ਕੋਲੋਂ ਉਪਰੋਕਤ ਅੰਕਿਤ ਦੇ ਸੰਬੰਧ ਵਿੱਚ ਮੰਗ ਕੀਤੀ ਕਿ ਅਗਾਮੀ ਲੋਕ ਸਭਾ ਦੀਆਂ ਆਮ ਚੋਣਾਂ, 2024 ਦੌਰਾਨ ਇਸਤਰੀ ਮੁਲਾਜ਼ਮਾਂ ਨੂੰ ਪਿਤਰੀ ਬਲਾਕਾਂ/ਹਲਕਿਆਂ ਵਿੱਚ ਹੀ ਨਿਯੁਕਤ ਕੀਤਾ ਜਾਵੇ, ਅਪੰਗ ਕਰੋਨਿਕ ਬਿਮਾਰੀ ਨਾਲ ਪੀੜਤ ਮੁਲਾਜ਼ਮਾਂ, ਗਰਭਵਤੀ ਮੁਲਾਜ਼ਮਾਂ ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ, ਪਤੀ ਪਤਨੀ ਵਿਚੋਂ ਕਿੱਸੇ ਇੱਕ ਦੀ ਡਿਊਟੀ ਜਾਰੀ ਕੀਤੀ ਜਾਵੇ, ਸਿੱਖਿਆ ਵਿਭਾਗ ਵਿਚੋਂ ਅਨੁਪਾਤ ਅਨੁਸਾਰ ਡਿਊਟੀਆਂ ਲਗਾਈਆਂ ਜਾਣ ਤਾਂ ਜੋ ਸਕੂਲਾਂ ਦਾ ਪ੍ਰਬੰਧ ਸੁੱਚਜੇ ਢੰਗ ਨਾਲ ਚਲਦਾ ਰਹੇ, ਕੁਆਰੀ ਇਸਤਰੀ ਮੁਲਾਜ਼ਮਾਂ ਨੂੰ ਨੇੜੇ ਡਿਊਟੀ ਦਿੱਤੀ ਜਾਵੇ, ਦਫ਼ਤਰਾਂ ਤੇ ਰਿਹਸਲਾਂ ਦੌਰਾਨ ਭੋਜਨ ਪਾਣੀ ਚਾਹ ਦਾ ਸੁਚੱਜਾ ਪ੍ਰਬੰਧ ਕੀਤਾ ਜਾਵੇ, ਪੋਲਿੰਗ ਸਟੇਸ਼ਨਾਂ ਤੇ ਪ੍ਰਬੰਧਾਂ ਲਈ ਅਗਾਊਂ ਬਜਟ ਜਾਰੀ ਕੀਤਾ ਜਾਵੇ, ਸੈਕਟਰ ਅਫ਼ਸਰਾਂ ਤੇ ਬੂਥ ਲੈਵਲ ਅਫਸਰਾਂ ਨੂੰ ਚੋਣ ਪ੍ਰਬੰਧਾਂ ਲਈ ਅਡਵਾਂਸ ਰਾਸ਼ੀ ਦਿੱਤੀ ਜਾਵੇ, ਬੇਲੋੜੇ ਕਾਗਜ਼ਾਂ ਦੀ ਬਰਬਾਦੀ ਨੂੰ ਫੌਰੀ ਬੰਦ ਕੀਤਾ ਜਾਵੇ।



## ਅਕਾਲੀ ਉਮੀਦਵਾਰ ਡਾ. ਚੀਮਾ ਦੇ ਹੱਕ 'ਚ ਰੱਖੀ ਚੋਣ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਹੱਕ ਵਿਚ ਅੱਜ ਪਿੰਡ ਭਟੋਆ ਵਿਚ ਵਿਧਾਨ ਸਭਾ ਹਲਕਾ ਦੀਨਾਨਗਰ ਤੋਂ ਹਲਕਾ ਇੰਚਾਰਜ ਕਮਲਜੀਤ ਚਾਵਲਾ ਵਲੋਂ ਰੱਖੀ ਚੋਣ ਮੀਟਿੰਗ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ।ਸ਼੍ਰੋਮਣੀ ਅਕਾਲੀ ਦਲ ਦੇ ਪੀਏਸੀ ਮੈਂਬਰ ਦਲਬੀਰ ਸਿੰਘ ਭਟੋਆ ਦੇ ਗ੍ਰਹਿ ਵਿਖੇ ਅਕਾਲੀ ਆਗੂਆਂ ਤੇ ਵਰਕਰਾਂ ਦੀ ਭਰਵੀਂ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਹੁਣ ਤੱਕ ਜਿੰਨੇ ਵੀ ਲੋਕ ਸਭਾ ਮੈਂਬਰ ਬਣਦੇ ਰਹੇ ਹਨ, ਉਹ ਜਿੱਤਣ ਤੋਂ ਬਾਅਦ ਕਦੇ ਵੀ ਹਲਕੇ ਵਿਚ ਦਿਖਾਈ ਨਹੀ ਦਿੱਤੇ, ਜਿਸ ਕਾਰਨ ਲੋਕਾਂ ਨੂੰ ਉਨ੍ਹਾਂ ਦੇ ਗੁੰਮਸ਼ੁਦਗੀ ਪੋਸਟਰ ਲਾਉਣੇ ਪੈਂਦੇ ਰਹੇ ਹਨ। ਉਨ੍ਹਾਂ ਆਖਿਆ ਕਿ ਮੁੰਬਈ ਤੋਂ ਆ ਕੇ ਇੱਥੇ ਲੋਕ ਸਭਾ ਚੋਣਾਂ ਲੜਨ ਵਾਲੇ ਫਿਲਮੀ ਕਲਾਕਾਰ ਆਮ ਲੋਕਾਂ ਦੇ ਦੁੱਖ-ਦਰਦ ਨੂੰ ਕਦੇ ਵੀ ਮਹਿਸੂਸ ਨਹੀਂ ਕਰ ਸਕਦੇ ਸਨ।ਉਨ੍ਹਾਂ ਆਖਿਆ ਕਿ ਕਿਸਾਨਾਂ ਨਾਲ ਕੀਤੇ ਜਬਰ ਕਾਰਨ ਭਾਰਤੀ ਜਨਤਾ ਪਾਰਟੀ ਨੂੰ ਲੋਕ ਪਿੰਡਾਂ ਵਿਚ ਨਹੀਂ ਵੜਨ ਦੇ ਰਹੇ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਵਿਚਲੀ ਭ੍ਰਿਸ਼ਟ ਸਰਕਾਰ ਦਾ ਹੰਕਾਰ ਤੋੜਨ ਲਈ ਲੋਕ ਮਨ ਬਣਾ ਚੁੱਕੇ ਹਨ।ਉਨ੍ਹਾਂ ਆਖਿਆ ਕਿ ਕਾਂਗਰਸ ਲੋਕ ਸਭਾ ਚੋਣਾਂ ਵਿਚ ਆਪਣੀ ਹਾਰ ਪਹਿਲਾਂ ਹੀ ਕਬੂਲ ਕਰ ਚੁੱਕੀ ਹੈ, ਜਿਸ ਕਾਰਨ ਉਸ ਨੂੰ ਕੋਈ ਉਮੀਦਵਾਰ ਹੀ ਨਹੀਂ ਲੱਭ ਰਿਹਾ।ਉਨ੍ਹਾਂ ਆਖਿਆ ਕਿ ਬੜੇ ਸਮੇਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਤੱਕੜੀ ਦੇ ਚੋਣ ਨਿਸ਼ਾਨ ਤੇ ਗੁਰਦਾਸਪੁਰ ਤੋਂ ਲੋਕ ਸਭਾ ਚੋਣ ਲੜਨ ਦਾ ਮੌਕਾ ਮਿਲਿਆ ਹੈ ਅਤੇ ਲੋਕਾਂ ਨੂੰ ਆਪਣੀ ਖੇਤਰੀ ਪਾਰਟੀ ਨੂੰ ਜਿਤਾ ਕੇ ਲੋਕ ਸਭਾ ਵਿਚ ਭੇਜਣਾ ਚਾਹੀਦਾ ਹੈ ਤਾਂ ਜੋ ਪੰਜਾਬ, ਪੰਥ ਅਤੇ ਘੱਟ-ਗਿਣਤੀਆਂ ਦੇ ਹਿਤਾਂ ਦੀ ਆਵਾਜ਼ ਲੋਕ ਸਭਾ ਵਿਚ ਬੁਲੰਦ ਕੀਤੀ ਜਾ ਸਕੇ।ਉਨ੍ਹਾਂ ਆਖਿਆ ਕਿ ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੇ ਜ਼ੋਰ ਪਾਉਣ 'ਤੇ ਵੀ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਸਿਧਾਂਤਾਂ ਤੋਂ ਪਿੱਛੇ ਹਟ ਕੇ ਗਠਜੋੜ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਲਈ ਪੰਥ ਤੇ ਪੰਜਾਬ ਦੇ ਹਿਤਾਂ, ਕਿਸਾਨੀ, ਵਪਾਰ, ਸਿਹਤ, ਸਿੱਖਿਆ, ਰੁਜ਼ਗਾਰ ਅਤੇ ਭਾਈਚਾਰਕ ਏਕਤਾ ਤੋਂ ਵੱਧ ਕੁਝ ਵੀ ਨਹੀਂ ਹੈ।ਉਨ੍ਹਾਂ ਆਖਿਆ ਕਿ ਹੁਣ ਤੱਕ ਸਭ ਕੇਂਦਰੀ ਸਰਕਾਰਾਂ ਨੇ ਪੰਜਾਬ ਨਾਲ ਵਿਤਕਰਾ ਕੀਤਾ ਹੈ ਜਦੋਂਕਿ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਆਰਥਿਕ ਪੈਕੇਜ ਦੇ ਕੇ ਉਥੇ ਉਦਯੋਗਿਕ ਵਿਕਾਸ ਨੂੰ ਪ੍ਰਫੁਲਤ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਇਨ੍ਹਾਂ ਸੂਬਿਆਂ ਦੇ ਬਿਲਕੁਲ ਨਾਲ ਲੱਗਦੇ ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹੇ ਪੰਜਾਬ ਵਿਚ ਪੈਂਦੇ ਹੋਣ ਕਾਰਨ ਕੇਂਦਰੀ ਸਰਕਾਰਾਂ ਦੇ ਵਿਤਕਰੇ ਦਾ ਸ਼ਿਕਾਰ ਹੋ ਰਹੇ ਹਨ।ਉਨ੍ਹਾਂ ਆਖਿਆ ਕਿ ਉਹ ਜਿੱਤ ਕੇ ਦੀਨਾਨਗਰ ਵਿਚ ਸਥਿਤ ਵਿਰਾਸਤੀ ਥਾਵਾਂ ਦੀ ਕਾਇਆਂ-ਕਲਪ ਕਰਕੇ ਦੀਨਾਨਗਰ ਨੂੰ ਸੈਰ-ਸਪਾਟਾ ਕੇਂਦਰ ਵਜੋਂ ਉਭਾਰਨਗੇ। ਇਸ ਮੌਕੇ ਹਲਕਾ ਇੰਚਾਰਜ ਕਮਲਜੀਤ ਚਾਵਲਾ ਨੇ ਦਾਅਵਾ ਕੀਤਾ ਕਿ ਡਾ. ਚੀਮਾ ਨੂੰ ਵੱਡੇ ਫਰਕ ਨਾਲ ਜਿਤਾਉਣ ਲਈ ਹਲਕੇ ਦੀ ਸਾਰੀ ਅਕਾਲੀ ਲੀਡਰਸ਼ਿਪ ਪੱਬਾਂ ਭਾਰ ਹੈ।ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਸਿੰਘ ਸੰਧੂ ਨੇ ਆਖਿਆ ਕਿ ਡਾ. ਦਲਜੀਤ ਸਿੰਘ ਚੀਮਾ ਦੀ ਜਿੱਤ ਇਤਿਹਾਸਕ ਹੋਵੇਗੀ ਅਤੇ ਉਨ੍ਹਾਂ ਦੇ ਹੱਕ 'ਚ ਜ਼ਿਲ੍ਹੇ ਦੀ ਸਮੁੱਚੀ ਅਕਾਲੀ ਲੀਡਰਸ਼ਿਪ ਇਕਜੁਟਤਾ ਦੇ ਨਾਲ ਡਟੀ ਹੋਈ ਹੈ।ਦਲਬੀਰ ਸਿੰਘ ਭਟੋਆ ਨੇ ਆਖਿਆ ਕਿ ਇਸ ਵਾਰ ਗੁਰਦਾਸਪੁਰ ਹਲਕੇ ਦੇ ਲੋਕਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਹੈ ਕਿਉਂਕਿ ਡਾ. ਦਲਜੀਤ ਸਿੰਘ ਚੀਮਾ ਇਸੇ ਹਲਕੇ ਦੇ ਜੰਮਪਲ ਅਤੇ ਪੜ੍ਹੇ-ਲਿਖੇ ਸੂਝਵਾਨ ਉਮੀਦਵਾਰ ਹਨ, ਜੋ ਜਿੱਤ ਕੇ ਹਲਕੇ ਦੇ ਸਰਬਪੱਖੀ ਵਿਕਾਸ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੇ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਸਿੰਘ ਸੰਧੂ, ਦੀਨਾਨਗਰ ਦੇ ਟਕਸਾਲੀ ਅਕਾਲੀ ਕਾਉਂਟਾ ਪਰਿਵਾਰ ਤੋਂ ਮਹਿੰਦਰਪਾਲ ਸਿੰਘ ਕਾਉਂਟਾ, ਵਿਜੇ ਮਹਾਜਨ, ਪਰਵੀਨ ਠਾਕੁਰ, ਕਿਰਪਾਲ ਸਿੰਘ ਖੁੱਜੀਆਂ, ਦਲਬੀਰ ਸਿੰਘ ਸੁਲਤਾਨੀ ਸਰਕਲ ਪ੍ਰਧਾਨ, ਕਰਨਜੀਤ ਸਿੰਘ ਚੀਮਾ, ਗੁਰਪ੍ਰੀਤ ਸਿੰਘ ਗੋਪੀ, ਗੁਰਨਾਮ ਸਿੰਘ ਗੰਜਾ, ਅਜੈਬ ਸਿੰਘ, ਸਰਬਜੀਤ ਸਿੰਘ ਲਾਲੀਆ, ਸੂਬਾ ਸਿੰਘ, ਗੁਰਭੇਜ ਸਿੰਘ, ਰੂਪ ਸਿੰਘ ਘੇਸਲ, ਗੁਰਦੀਪ ਸਿੰਘ ਨੰਗਲ ਡਾਲਾ, ਨਵਜੋਤ ਸਿੰਘ ਸੋਨੂੰ ਇੰਚਾਰਜ ਆਈਟੀ ਵਿੰਗ, ਬਲਜੀਤ ਸਿੰਘ ਵਤਮ ਅਤੇ ਹਰਵਿੰਦਰ ਸਿੰਘ ਜਨਰਲ ਸਕੱਤਰ ਯੂਥ ਵਿੰਗ, ਗੁੱਜਰ ਭਾਈਚਾਰੇ ਦੇ ਸੂਬਾ ਆਗੂ ਲਾਲ ਹੁਸੈਨ, ਹੀਰਾ ਗਿੱਲ, ਹੈਪੀ ਭਲਵਾਨ, ਗੁਰਨਾਮ ਸਿੰਘ ਦੁੱਗਰੀ, ਗੁਰਦੀਪ ਸਿੰਘ ਨੰਬਰਦਾਰ, ਬਲਦੇਵ ਸਿੰਘ ਤਾਜਪੁਰ ਅਤੇ ਹਰਦੀਪ ਜਗਤਪੁਰ ਸਮੇਤ ਵੱਡੀ ਗਿਣਤੀ ਅਕਾਲੀ ਵਰਕਰ ਹਾਜ਼ਰ ਸਨ।





## 'ਸੇਫ ਸਕੂਲ ਵਾਹਨ' ਯੋਜਨਾ ਤਹਿਤ ਸਕੂਲਾਂ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਜਲੰਧਰ (ਸ਼ੈਲੀ ਐਲਬਰਟ)**-ਉਪ ਮੰਡਲ ਮੈਜਿਸਟਰੇਟ ਬਲਬੀਰ ਰਾਜ ਵਲੋਂ ਸਕੂਲ ਬੱਸਾਂ ਰਾਹੀਂ ਸਕੂਲ ਜਾਣ ਵਾਲੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ਼ ਤਹਿਤ 'ਸੇਫ ਸਕੂਲ ਵਾਹਨ' ਯੋਜਨਾ ਤਹਿਤ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਸਕੂਲ ਪ੍ਰਬੰਧਕਾਂ ਨਾਲ ਮੀਟਿੰਗ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਉਪ ਮੰਡਲ ਮੈਜਿਸਟਰੇਟ ਬਲਬੀਰ ਰਾਜ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਸਕੂਲੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਪਾਬੰਦ ਹੈ। ਉਨ੍ਹਾਂ ਦੱਸਿਆ ਕਿ ਸਕੂਲੀ ਵਿਦਿਆਰਥੀਆਂ ਦੀ ਸੁਰੱਖਿਆ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸਕੂਲ ਪ੍ਰਿੰਸੀਪਲਾਂ ਅਤੇ ਪ੍ਰਬੰਧਕਾਂ ਨੂੰ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬੱਸਾਂ ਦੇ ਫਿਟਨੈਸ ਸਰਟੀਫਿਕੇਟ, ਪ੍ਰਦੂਸ਼ਣ ਸਰਟੀਫਿਕੇਟ, ਇੰਸ਼ੋਰੈਂਸ, ਸਪੀਡ ਗਵਰਨਰ, ਡਰਾਈਵਰ ਤੇ ਹੈਲਪਰ ਦੀ ਵਰਦੀ ਆਦਿ ਸਬੰਧੀ ਸਾਰੀਆਂ ਪ੍ਰਕਿਰਿਆਵਾਂ ਨੂੰ ਪੂਰਾ ਰੱਖਿਆ ਜਾਵੇ। ਉਪ ਮੰਡਲ ਮੈਜਿਸਟਰੇਟ ਨੇ ਇਹ ਵੀ ਹਦਾਇਤ ਕੀਤੀ ਕਿ ਸੇਫ ਸਕੂਲ ਵਾਹਨ ਸਕੀਮ ਤਹਿਤ ਨਿਯਮਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਸਕੂਲ ਬੱਸਾਂ ਦੇ ਸਾਹਮਣੇ ਸਕੂਲ ਬੱਸ ਜ਼ਰੂਰ ਲਿਖਿਆ ਜਾਵੇ ਅਤੇ ਡਰਾਈਵਰ ਪਾਸ ਹੈਵੀ ਲਾਇਸੰਸ ਲਾਜ਼ਮੀ ਹੋਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਮਰੱਥਾ ਤੋਂ ਵੱਧ ਵਿਦਿਆਰਥੀਆਂ ਨੂੰ ਸਕੂਲ ਬੱਸਾਂ ਵਿੱਚ ਨਾ ਬੈਠਾਇਆ ਜਾਵੇ। ਉਨ੍ਹਾਂ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ 'ਤੇ ਜਿਥੇ ਭਾਰੀ ਜੁਰਮਾਨੇ ਕੀਤੇ ਜਾਣਗੇ ਉਥੇ ਹੀ ਸਕੂਲ ਬੱਸਾਂ ਨੂੰ ਜ਼ਬਤ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵਿਦਿਆਰਥੀਆਂ ਦੀ ਸੁਰੱਖਿਆ ਲਈ ਸਕੂਲ ਬੱਸਾਂ ਦੀ ਵਿਆਪਕ ਜਾਂਚ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਭਵਿੱਖ ਵਿੱਚ ਇਸ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਸਕੂਲੀ ਵਿਦਿਆਰਥੀਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜ਼ੀਰੋ ਟਾਲਰੈਂਸ ਨੀਤੀ ਨੂੰ ਅਪਣਾਇਆ ਗਿਆ ਹੈ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।




## 5 ਮਈ ਦੀ ਕਨਵੈਨਸ਼ਨ 'ਚ ਕੀਤਾ ਜਾਵੇਗਾ ਅਗਲੀ ਰਣਨੀਤੀ ਦਾ ਐਲਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਆਨਲਾਈਨ ਮੀਟਿੰਗ ਫਰੰਟ ਦੇ ਕਨਵੀਨਰ ਰਤਨ ਸਿੰਘ ਮਜਾਰੀ ਦੀ ਪ੍ਰਧਾਨਗੀ ਹੇਠ ਹੋਈ ।

ਮੀਟਿੰਗ ਦੇ ਫੈਸਲੇ ਪ੍ਰੈਸ ਬਿਆਨ ਜਾਰੀ ਕਰਦਿਆਂ ਸਾਂਝਾ ਫਰੰਟ ਦੇ ਕਨਵੀਨਰਜ਼ ਸਤੀਸ਼ ਰਾਣਾ, ਜਰਮਨਜੀਤ ਸਿੰਘ, ਸਵਿੰਦਰਪਾਲ ਸਿੰਘ ਮੋਲੋਵਾਲੀ, ਕਰਮ ਸਿੰਘ ਧਨੋਆ, ਗਗਨਦੀਪ ਸਿੰਘ, ਸੁਖਦੇਵ ਸਿੰਘ ਸੈਣੀ ਤੋਂ ਇਲਾਵਾ ਸੂਬਾਈ ਆਗੂ ਸੁਰਿੰਦਰ ਰਾਮ ਕੁਸਾ, ਸੁਖਜੀਤ ਸਿੰਘ, ਕੁਲਵਰਨ ਸਿੰਘ, ਸੁਰਿੰਦਰ ਕੁਮਾਰ ਪੁਆਰੀ, ਅਮਰੀਕ ਸਿੰਘ ਕੰਗ, ਦਿਗਵਿਜੇ ਪਾਲ ਸ਼ਰਮਾ, ਨਰਿੰਦਰ ਬਲ, ਪ੍ਰੇਮ ਚਾਵਲਾ, ਅਮਿਤ ਕਟੋਚ, ਬੋਬਿੰਦਰ ਸਿੰਘ, ਕਰਮਜੀਤ ਸਿੰਘ ਬੀਹਲਾ, ਤੀਰਥ ਸਿੰਘ ਬਾਸੀ, ਐਨ. ਡੀ. ਤਿਵਾੜੀ, ਅਮਰਜੀਤ ਸਿੰਘ ਅਤੇ ਰਣਵੀਰ ਉਪਲ ਨੇ ਦਸਿਆ ਕਿ ਮੀਟਿੰਗ ਦੌਰਾਨ ਮੁਲਾਜ਼ਮ/ ਪੈਨਸ਼ਨਰ ਮੰਗਾਂ 'ਤੇ ਵਿਸਥਾਰ ਸਹਿਤ ਚਰਚਾ ਹੋਈ। ਕੇਂਦਰ ਦੀ ਮੋਦੀ ਸਰਕਾਰ ਵਲੋਂ ਅਦਾਰਿਆਂ ਦੇ ਕੀਤੇ ਜਾ ਰਹੇ ਨਿੱਜੀਕਰਨ / ਨਿਗਮੀਕਰਨ ਦੇ ਤਹਿਤ ਜਨਤਕ ਖੇਤਰ ਦੇ ਅਦਾਰਿਆਂ ਨੂੰ ਕਾਰਪੋਰੇਟਾਂ ਦੀ ਝੋਲੀ ਵਿੱਚ ਪਾਉਣ ਅਤੇ ਪੈਨਸ਼ਨ ਫੰਡ ਰੈਗੂਲੇਟਰੀ ਡਿਵੈਲਪਮੈਂਟ ਅਥਾਰਟੀ ਐਕਟ ਨੂੰ ਰੱਦ ਨਾ ਕਰਨ 'ਤੇ ਵੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਆਗੂਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਨਿਪਟਾਰਾ ਤਾਂ ਦੂਰ ਦੀ ਗੱਲ ਰਹੀ, ਇਹਨਾਂ ਮੰਗਾਂ ਦੇ ਨਿਪਟਾਰੇ ਹਿੱਤ ਮੁੱਖ ਮੰਤਰੀ ਵਲੋਂ ਆਗੂਆਂ ਨਾਲ ਮੀਟਿੰਗ ਤੱਕ ਨਾ ਕਰਨ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਆਖਿਆ ਕਿ ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਵਾਅਦਾ ਕਰਕੇ ਸਰਕਾਰ ਭੱਜ ਗਈ ਹੈ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਜੋ ਪਾਲਸੀ ਬਣਾਈ ਗਈ ਹੈ ਉਹ ਅੱਜ ਤੱਕ ਦੇ ਇਤਿਹਾਸ ਦੀ ਸਭ ਤੋਂ ਮਾੜੀ ਪਾਲਸੀ ਹੈ। ਆਗੂਆਂ ਆਖਿਆ ਕਿ ਹੁਣ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਕੇਂਦਰ ਦੀ ਮੋਦੀ ਸਰਕਾਰ ਜੋ ਦੇਸ਼ ਦੇ ਮਜ਼ਦੂਰ ਹਿਤੈਸ਼ੀ ਕਿਰਤ ਕਾਨੂੰਨਾਂ ਨੂੰ ਖਤਮ ਕਰਨ ਤੋਂ ਬਾਅਦ ਸੰਵਿਧਾਨ ਨੂੰ ਤੋੜਨ ਤੱਕ ਜਾ ਰਹੀ ਹੈ ਅਤੇ ਸੂਬੇ ਦੀ ਆਮ ਆਦਮੀ ਪਾਰਟੀ ਦੇ ਮੁਲਾਜ਼ਮ / ਪੈਨਸ਼ਨਰ ਵਿਰੋਧੀ ਵਤੀਰੇ ਦੇ ਖਿਲਾਫ ਲੋਕ ਸਭਾ ਚੋਣਾਂ ਦੇ ਸਨਮੁੱਖ 05 ਮਈ ਨੂੰ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਵਿਸ਼ਾਲ ਕਨਵੈਨਸ਼ਨ ਕੀਤੀ ਜਾਵੇਗੀ ਅਤੇ ਅਗਲੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ ।

## ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਅਰੁਣਜੋਤ ਸੋਢੀ ਵੀ ਟਿਕਟ ਦੇ ਦਾਅਵੇਦਾਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਹਲਕਾ ਸ੍ਰੀ ਅਨੰਦਪੁਰ ਸਾਹਿਬ ਜਿੱਥੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਆਮ ਆਦਮੀ ਪਾਰਟੀ ਵੱਲੋਂ ਮਾਲਵਿੰਦਰ ਸਿੰਘ ਕੰਗ ਸਮੇਤ ਦੋ ਹੋਰ ਉਮੀਦਵਾਰਾਂ ਵੱਲੋਂ ਖੜ੍ਹੇ ਹੋਣ ਦਾ ਐਲਾਨ ਕੀਤਾ ਗਿਆ ਹੈ ਉੱਥੇ ਭਾਰਤੀ ਜਨਤਾ ਪਾਰਟੀ ਵੱਲੋਂ ਅਜੇ ਤੱਕ ਕਿਸੇ ਨੂੰ ਵੀ ਉਮੀਦਵਾਰ ਨਹੀਂ ਐਲਾਨਿਆ ਗਿਆ। ਜਿਉਂ ਜਿਉਂ ਭਾਰਤੀ ਜਨਤਾ ਪਾਰਟੀ ਵੱਲੋਂ ਉਮੀਦਵਾਰ ਐਲਾਨ ਵਿੱਚ ਦੇਰੀ ਕੀਤੀ ਜਾ ਰਹੀ ਹੈ ਤਿਉਂ ਤਿਉਂ ਭਾਰਤੀ ਜਨਤਾ ਪਾਰਟੀ ਦੇ ਸੰਭਾਵੀ ਉਮੀਦਵਾਰਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।ਜਿੱਥੇ ਇਸ ਦੌੜ ਵਿੱਚ ਸਾਬਕਾ ਕੈਬਨਿਟ ਮੰਤਰੀ ਮਦਨ ਮੋਹਨ ਮਿੱਤਲ ਦੇ ਸਪੁੱਤਰ ਅਰਵਿੰਦ ਮਿੱਤਲ ਸ਼ਾਮਲ ਹਨ ਉੱਥੇ ਇਕਬਾਲ ਸਿੰਘ ਲਾਲਪੁਰਾ, ਅਵਿਨਾਸ਼ ਰਾਏ ਖੰਨਾ, ਗਾਇਕ ਤੇ ਕਲਾਕਾਰ ਸਤਿੰਦਰ ਸੱਤੀ ਸਮੇਤ ਅਰੁਣਜੀਤ ਸਿੰਘ ਸੋਢੀ ਵੀ ਟਿਕਟ ਦੀ ਦਾਅਵੇਦਾਰ ਵਜੋਂ ਇਸ ਦੌੜ ਵਿੱਚ ਸ਼ਾਮਲ ਹਨ। ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਸੀਟ 'ਤੇ ਆਪ ਵੱਲੋਂ ਮਾਲਵਿੰਦਰ ਸਿੰਘ ਕੰਗ ਨੂੰ ਉਮੀਦਵਾਰ ਐਲਾਨਿਆ ਗਿਆ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ। ਪਰ ਭਾਜਪਾ ਅਤੇ ਕਾਂਗਰਸ ਵੱਲੋਂ ਅਜੇ ਤੱਕ ਇਸ ਸੀਟ ਲਈ ਪੱਤੇ ਨਹੀਂ ਖੋਲ੍ਹੇ ਗਏ। ਸ੍ਰੀ ਆਨੰਦਪੁਰ ਸਾਹਿਬ ਤੋਂ ਭਾਜਪਾ ਟਿਕਟ ਲਈ ਦਾਅਵੇਦਾਰੀ ਇਕਬਾਲ ਸਿੰਘ ਲਾਲਪੁਰਾ ਨੇ ਵੀ ਜਤਾਈ ਹੈ, ਜੋ ਇਸ ਸਮੇਂ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵੀ ਹਨ। ਸਿਆਸੀ ਹਲਕਿਆਂ ਅਨੁਸਾਰ ਲਾਲਪੁਰਾ ਆਪਣੇ ਸਪੁੱਤਰ ਅਜੇਵੀਰ ਸਿੰਘ ਨੂੰ ਵੀ ਉਕਤ ਲੋਕ ਸਭਾ ਸੀਟ 'ਤੇ ਭਾਜਪਾ ਉਮੀਦਵਾਰ ਬਣਾਉਣਾ ਚਾਹੁੰਦੇ ਹਨ।ਬੀਤੀਆਂ ਵਿਧਾਨ ਸਭਾ ਚੋਣਾਂ ਵਿਚ ਖ਼ੁਦ ਇਕਬਾਲ ਸਿੰਘ ਲਾਲਪੁਰਾ ਭਾਜਪਾ ਦੇ ਚੋਣ ਨਿਸ਼ਾਨ 'ਤੇ ਵਿਧਾਨ ਸਭਾ ਚੋਣਾਂ ਲੜੇ, ਪਰ ਬੁਰੀ ਤਰ੍ਹਾਂ ਹਾਰ ਗਏ ਸਨ । ਪਰ ਅਜੇਵੀਰ ਲਾਲਪੁਰਾ ਨੇ ਹਲਕੇ ਵਿਚ ਆਪਣੀ ਸਿਆਸੀ ਸਰਗਰਮੀ ਤੇਜ਼ ਕੀਤੀ ਹੋਈ ਹੈ। ਉਕਤ ਉਮੀਦਵਾਰਾਂ ਤੋਂ ਇਲਾਵਾ ਅਰੁਣਜੋਤ ਸਿੰਘ ਸੋਢੀ ਅਤੇ ਪੰਜਾਬੀ ਫ਼ਿਲਮ ਜਗਤ ਦੀ ਅਦਾਕਾਰਾ ਸਤਿੰਦਰ ਕੌਰ ਸੱਤੀ ਵੀ ਭਾਜਪਾ ਟਿਕਟ ਤੇ ਲੋਕ ਸਭਾ ਸਭਾ ਚੋਣਾਂ ਲੜਨ ਦੇ ਇੱਛੁਕ ਹਨ। ਸੋਢੀ ਦਾ ਪਿਛੋਕੜ ਯੂਥ ਕਾਂਗਰਸ ਦਾ ਹੈ, ਤੇ ਉਹ ਕਾਂਗਰਸ ਦੇ ਵੱਖ ਵੱਖ ਅਹੁਦਿਆਂ 'ਤੇ ਸੇਵਾ ਨਿਭਾ ਚੁੱਕੇ ਹਨ। ਸੋਢੀ ਕਰੀਬ ਇੱਕ ਦਹਾਕੇ ਤੋਂ ਰਾਸ਼ਟਰੀ ਸਿੱਖ ਸੰਗਤ ਨਾਲ ਜੁੜੇ ਹੋਏ ਹਨ ਅਤੇ ਭਾਜਪਾ ਦੇ ਕੇਂਦਰੀ ਆਗੂ ਵਿਜੇ ਰੂਪਾਨੀ ਤੋਂ ਇਲਾਵਾ ਨਿਰਮਲ ਸੰਤ ਸੰਪਰਦਾਇ ਮੁਖੀ ਡਾਕਟਰ ਸਵਾਮੀ ਰਮੇਸ਼ਵਰਾ ਨੰਦ ਹਰੀ ਦੇ ਕਰੀਬੀ ਹਨ। ਸੋਢੀ ਦਾ ਮੰਨਣਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕਾ ਉਨ੍ਹਾਂ ਦਾ ਪੁਸ਼ਤੈਨੀ ਹਲਕਾ ਹੈ । ਇਸ ਮਹਾਨ ਪਵਿੱਤਰ ਧਰਤੀ 'ਤੇ ਉਹ ਸੇਵਾ ਨਿਭਾਉਣਾ ਚਾਹੁੰਦੇ ਹਨ ਆਉਣ ਵਾਲੇ ਸਮੇਂ ਵਿੱਚ ਭਾਜਪਾ ਦੀ ਟਿਕਟ ਕਿਸ ਨੂੰ ਮਿਲੇਗੀ ਇਹ ਤਾਂ ਸਮਾਂ ਹੀ ਦੱਸੇਗਾ ਪਰ ਜਿਉਂ ਜਿਉਂ ਟਿਕਟ ਐਲਾਨਣ ਵਿੱਚ ਦੇਰੀ ਹੋ ਰਹੀ ਹੈ ਤੂੰ ਤਿਉਂ ਭਾਜਪਾ ਦੀ ਟਿਕਟ ਦੇ ਦਾਵੇਦਾਰਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ।

22-Apral-PAGE-4-2024.qxd 4/21/2024 10:22 PM Page 1

ਨਵਾਂ ਜ਼ਮਾਨਾ
ਸੋਮਵਾਰ, 22 ਅਪ੍ਰੈਲ 2024

# ਕਸ਼ਮੀਰ 'ਚੋਂ ਭਾਜਪਾ ਭੱਜੀ

400 ਪਾਰ ਦਾ ਨਾਅਰਾ ਲਾਉਣ ਤੇ ਕਸ਼ਮੀਰ ਵਿਚ ਅਮਨ-ਅਮਾਨ ਕਰਨ ਦਾ ਦਾਅਵਾ ਕਰਨ ਵਾਲੀ ਭਾਜਪਾ ਦੱਖਣੀ ਕਸ਼ਮੀਰ ਵਿਚ ਅਨੰਤਨਾਗ-ਰਾਜੌਰੀ ਸੀਟ ਤੋਂ ਚੋਣ ਲੜਨ ਤੋਂ ਭੱਜ ਗਈ ਹੈ। ਇਸ ਸੀਟ ਤੋਂ 25 ਉਮੀਦਵਾਰ ਮੈਦਾਨ ਵਿਚ ਹਨ, ਪਰ ਭਾਜਪਾ ਨੇ ਉਮੀਦਵਾਰ ਖੜ੍ਹਾ ਨਹੀਂ ਕੀਤਾ। ਹੁਣ ਮੁੱਖ ਮੁਕਾਬਲਾ ਪੀ ਡੀ ਪੀ ਦੀ ਮਹਿਬੂਬਾ ਮੁਫਤੀ, ਨੈਸ਼ਨਲ ਕਾਨਫਰੰਸ ਦੇ ਮੀਆਂ ਅਲਤਾਫ ਤੇ 'ਅਪਨੀ ਪਾਰਟੀ' ਦੇ ਜ਼ਫਰ ਇਕਬਾਲ ਮਨਹਾਸ ਵਿਚਾਲੇ ਹੋਵੇਗਾ। ਕਾਂਗਰਸ ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਦੇ ਫੈਸਲੇ ਮੁਤਾਬਕ ਕਸ਼ਮੀਰ ਦੀਆਂ ਤਿੰਨੇਂ ਸੀਟਾਂ ਨਹੀਂ ਲੜ ਰਹੀ। ਧਾਰਾ 370 ਖਤਮ ਕਰਨ ਤੇ ਜੰਮੂ-ਕਸ਼ਮੀਰ ਸੂਬੇ ਨੂੰ ਜੰਮੂ-ਕਸ਼ਮੀਰ ਅਤੇ ਲੱਦਾਖ ਨਾਂਅ ਦੇ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਬਦਲਣ ਤੋਂ ਬਾਅਦ ਵਿਵਾਦਗ੍ਰਸਤ ਹਲਕਾਬੰਦੀ, ਜਿਸ ਤਹਿਤ ਜੰਮੂ ਦੇ ਪੀਰ ਪੰਚਾਲ ਖੇਤਰ ਨੂੰ ਅਨੰਤਨਾਗ-ਰਾਜੌਰੀ ਸੀਟ ਨਾਲ ਮਿਲਾਇਆ ਗਿਆ, ਕਰਨ ਤੋਂ ਬਾਅਦ ਭਾਜਪਾ ਦਾ ਭੱਜਣਾ ਦੱਸਦਾ ਹੈ ਕਿ ਕਸ਼ਮੀਰ ਦੇ ਲੋਕਾਂ ਦੇ ਗੁੱਸੇ ਤੋਂ ਉਹ ਡਰੀ ਹੋਈ ਹੈ। ਕਸ਼ਮੀਰ ਵਿਚ ਭਾਜਪਾ ਦੇ ਪੈਰ ਜਮਾਉਣ ਲਈ ਕੇਂਦਰ ਸਰਕਾਰ ਨੇ ਪਹਾੜੀਆਂ ਨੂੰ ਅਨੁਸੂਚਿਤ ਕਬਾਇਲੀ ਕੈਟਾਗਰੀ ਵਿਚ ਵੀ ਸ਼ਾਮਲ ਕੀਤਾ। ਪਹਾੜੀ ਬਹੁਤੇ ਮੁਸਲਮਾਨ ਹਨ ਤੇ ਨਵੀਂ ਬਣਾਈ ਸੀਟ ਅਨੰਤਨਾਗ-ਰਾਜੌਰੀ ਵਿਚ ਇਨ੍ਹਾਂ ਦੀ ਗਿਣਤੀ ਇਕ-ਚੁਥਾਈ ਹੈ। ਭਾਜਪਾ ਨੇ ਸੀਟ ਜਿੱਤਣ ਦੀ ਰਣਨੀਤੀ ਤਹਿਤ ਇਨ੍ਹਾਂ ਨੂੰ ਅਨੁਸੂਚਿਤ ਕਬੀਲੇ ਦਾ ਦਰਜਾ ਦਿੱਤਾ। ਹੁਣ ਭਾਜਪਾ ਆਪਣੀ ਦੋਸਤ 'ਅਪਨੀ ਪਾਰਟੀ' ਦੇ ਉਮੀਦਵਾਰ ਮਨਹਾਸ, ਜੋ ਕਿ ਪਹਾੜੀ ਹਨ, ਦੀ ਹਮਾਇਤ ਕਰੇਗੀ। ਇਸ ਤਰ੍ਹਾਂ ਲੁਕਵੀਂ ਲੜਾਈ ਲੜੇਗੀ।

ਕਸ਼ਮੀਰੀ ਪੰਡਤ ਭਾਈਚਾਰੇ ਦੀ ਵਕੀਲ ਦੀਪਿਕਾ ਪੁਸ਼ਕਰ ਨਾਥ ਦਾ ਕਹਿਣਾ ਹੈ ਕਿ ਭਾਜਪਾ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੋਣ ਦਾ ਦਾਅਵਾ ਕਰਦੀ ਹੈ, ਪਰ ਕਸ਼ਮੀਰ ਵਿਚ ਚੋਣਾਂ ਲੜਨ ਤੋਂ ਭੱਜ ਗਈ ਹੈ। ਇਹ ਸਾਬਤ ਕਰਦਾ ਹੈ ਕਿ ਸੂਬੇ ਨੂੰ ਦੋ ਟੋਟਿਆਂ ਵਿਚ ਵੰਡਣ ਤੋਂ ਬਾਅਦ ਹਾਲਾਤ ਆਮ ਵਰਗੇ ਕਰ ਦੇਣ ਦਾ ਉਸ ਦਾ ਦਾਅਵਾ ਜੁਮਲਾ ਹੀ ਹੈ।

ਭਾਜਪਾ ਹੀ ਨਹੀਂ ਭੱਜੀ, ਉਸ ਦੇ ਸਾਥੀ ਸਾਬਕਾ ਕਾਂਗਰਸੀ ਆਗੂ ਗੁਲਾਮ ਨਬੀ ਆਜ਼ਾਦ ਵੀ ਅਨੰਤਨਾਗ-ਰਾਜੌਰੀ ਤੋਂ ਚੋਣ ਲੜਨ ਦਾ ਐਲਾਨ ਕਰਨ ਤੋਂ ਬਾਅਦ ਭੱਜ ਗਏ ਹਨ। ਦਰਅਸਲ ਉਨ੍ਹਾ ਨੂੰ ਇਹ ਲੱਗਿਆ ਹੈ ਕਿ ਉਹ ਖੜ੍ਹੇ ਰਹੇ ਤਾਂ ਅਪਨੀ ਪਾਰਟੀ ਦੇ ਵੋਟ ਟੁੱਟਣਗੇ। ਉਂਜ ਤਾਂ ਭਾਜਪਾ ਦੇ ਕਸ਼ਮੀਰ ਦੇ ਚੋਣ ਮੈਦਾਨ ਤੋਂ ਭੱਜਣ ਦਾ ਸੰਕੇਤ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਗਏ ਸਨ, ਜਦੋਂ ਉਨ੍ਹਾ ਕਿਹਾ ਸੀ ਕਿ ਕਸ਼ਮੀਰ ਵਿਚ ਕਮਲ ਉਦੋਂ ਖਿੜੇਗਾ, ਜਦੋਂ ਪਾਰਟੀ ਕਸ਼ਮੀਰੀਆਂ ਦੇ ਦਿਲ ਜਿੱਤ ਲਵੇਗੀ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਕਿਸੇ ਵੀ ਉਮੀਦਵਾਰ ਨੂੰ ਵੋਟ ਪਾ ਦੇਣ, ਪਰ ਫਾਰੂਕ ਸਾਹਿਬ, ਮਹਿਬੂਬਾ ਜੀ ਤੇ ਸੋਨੀਆ ਗਾਂਧੀ ਦੀਆਂ ਖਾਨਦਾਨੀ ਪਾਰਟੀਆਂ ਨੂੰ ਨਾ ਪਾਉਣ। ਕਸ਼ਮੀਰ ਦੀ ਵੱਡੀ ਪਾਰਟੀ ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਦਾ ਕਹਿਣਾ ਹੈ ਕਿ ਭਾਜਪਾ ਉਮੀਦਵਾਰ ਖੜ੍ਹੇ ਨਹੀਂ ਕਰ ਰਹੀ, ਪਰ ਉਹ ਮੈਦਾਨ ਵਿਚ ਜ਼ਰੂਰ ਹੈ। ਉਹ ਕਮਲ ਦੇ ਨਿਸ਼ਾਨ 'ਤੇ ਕਿਸੇ ਨੂੰ ਚੋਣ ਨਹੀਂ ਲੜਾ ਰਹੀ, ਸਗੋਂ ਕ੍ਰਿਕਟ ਬੱਲੇ (ਅਪਨੀ ਪਾਰਟੀ ਦਾ ਚੋਣ ਨਿਸ਼ਾਨ) ਅਤੇ ਸੇਬ (ਪੀਪਲਜ਼ ਕਾਨਫਰੰਸ ਦਾ ਚੋਣ ਨਿਸ਼ਾਨ) ਵਾਲਿਆਂ ਦੀ ਹਮਾਇਤ ਕਰ ਰਹੀ ਹੈ। ਪੀਪਲਜ਼ ਕਾਨਫਰੰਸ ਦੇ ਸੱਜਾਦ ਲੋਨ ਦੀ ਵੀ ਭਾਜਪਾ ਨਾਲ ਆੜੀ ਹੈ। ਉਹ ਬਾਰਾਮੂਲਾ ਤੋਂ ਲੜ ਰਹੇ ਹਨ।

ਭਾਜਪਾ ਦੇ ਕਸ਼ਮੀਰ ਦੇ ਚੋਣ ਮੈਦਾਨ ਤੋਂ ਭੱਜਣ ਤੋਂ ਸਾਫ ਹੈ ਕਿ ਉਸ ਦੀਆਂ ਨੀਤੀਆਂ ਕਸ਼ਮੀਰੀਆਂ ਦੇ ਦਿਲ ਨਹੀਂ ਜਿੱਤ ਸਕੀਆਂ।

# ਮੋਬਾਇਲ ਦੀ ਦੁਨੀਆ ਤੇ ਇਸ ਦਾ ਵਧਦਾ ਦਾਇਰਾ

### ਸਰਬਜੀਤ ਕੌਰ

ਅੱਜ ਦੇ ਇਸ ਭੱਜ-ਦੌੜ ਵਾਲੇ ਯੁੱਗ ਵਿੱਚ ਮੋਬਾਇਲ ਤੇ ਸੋਸ਼ਲ ਮੀਡੀਆ ਨੇ ਜਿੰਨਾ ਸਾਡੀ ਜ਼ਿੰਦਗੀ ਨੂੰ ਅਸਾਨ ਬਣਾ ਦਿੱਤਾ ਹੈ, ਓਨਾ ਹੀ ਸਾਡੇ ਨੌਜਵਾਨ ਵਰਗ ਦੀ ਮਾਨਸਿਕਤਾ 'ਤੇ ਬਹੁਤ ਬੁਰਾ ਪ੍ਰਭਾਵ ਵੀ ਪਾਇਆ ਹੈ। ਕੋਈ ਸ਼ੱਕ ਨਹੀ ਕਿ ਇਹ ਵਿਕਾਸ ਦਾ ਯੁੱਗ ਹੈ ਤੇ ਇਹ ਸਮੇਂ ਦੀ ਲੋੜ ਵੀ ਹੈ, ਪਰ ਕਿਸ ਹੱਦ ਤੱਕ ? ਸਾਡਾ ਸਮਾਜ ਪਹਿਲਾਂ ਹੀ ਨਸ਼ਾ, ਭਰੂਣ ਹੱਤਿਆ,ਦਹੇਜ, ਲੁੱਟ-ਖੋਹ, ਬੇਰੁਜ਼ਗਾਰੀ, ਗਰੀਬੀ ਵਰਗੇ ਗੰਭੀਰ ਮਸਲਿਆਂ ਨਾਲ ਜੂਝ ਰਿਹਾ ਹੈ। ਉਥੇ ਹੁਣ ਮੋਬਾਇਲ ਤੇ ਸੋਸ਼ਲ ਮੀਡੀਆ ਦੇ ਰਲੇਵੇਂ ਨੇ ਰਹਿੰਦੀ ਕਸਰ ਵੀ ਕੱਢ ਦਿੱਤੀ ਹੈ। ਅੱਜ ਸਮਾਜ ਦਾ ਹਰ ਵਰਗ ਬੱਚੇ, ਨੌਜਵਾਨ, ਵਡੇਰੀ ਉਮਰ ਦੇ ਵਿਅਕਤੀ ਵੀ ਇਸ ਦੀ ਗਰਿਫਤ ਵਿੱਚ ਹਨ । ਸਭ ਤੋਂ ਬੁਰਾ ਅਸਰ ਸਾਡੀ ਨੌਜਵਾਨ ਪੀੜ੍ਹੀ 'ਤੇ ਪਿਆ ਹੈ । ਸੋਸ਼ਲ ਮੀਡੀਆ 'ਤੇ ਚੱਲੀ ਲਾਈਕ ਵਿਊ ਦੀ ਦੌੜ ਵਿੱਚ ਬਹੁਤ ਹੀ ਨੀਵੇਂ ਦਰਜੇ ਦਾ ਕੰਟੈਂਟ ਸਾਡੇ ਬੱਚਿਆਂ ਤੇ ਮਾਵਾਂ, ਭੈਣਾਂ ਦੇ ਮੋਬਾਇਲਾਂ ਤੱਕ ਪਹੁੰਚ ਰਿਹਾ ਹੈ।

ਮੋਬਾਇਲ ਤੇ ਸੋਸ਼ਲ ਮੀਡੀਆ ਦੀ ਜ਼ਿਆਦਾ ਵਰਤੋਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਬੌਧਿਕ ਪੱਧਰ ਨੂੰ ਵੀ ਸੱਟ ਮਾਰੀ ਹੈ । ਸਰਕਾਰੀ ਸਕੂਲ ਵਿੱਚ ਬਤੌਰ ਅਧਿਆਪਕਾ ਕੰਮ ਕਰਦੇ ਮੈ ਦੇਖਦੀ ਹਾਂ ਕਿ ਬਹੁਗਿਣਤੀ ਮਾਪੇ ਵੀ ਬਰਾਬਰ ਦੇ ਕਸੂਰਵਾਰ ਹਨ। ਉਹਨਾਂ ਕੋਲ ਬੱਚੇ ਦੀ ਪੜ੍ਹਾਈ ਨੂੰ ਲੈ ਕੇ ਸਵਾਲ ਘੱਟ ਤੇ ਮੋਬਾਇਲ ਦੀ ਵਰਤੋਂ ਦੇ ਗਿਲੇ-ਸ਼ਿਕਵੇ ਜ਼ਿਆਦਾ ਹਨ। ਅਸੀ ਅਕਸਰ ਦੇਖਦੇ ਹਾਂ ਕਿ ਸਾਡੇ ਘਰਾਂ ਵਿੱਚ ਛੋਟੀ ਉਮਰੇ ਹੀ ਬੱਚੇ ਨੂੰ ਮੋਬਾਇਲ ਵਰਤੋਂ ਦੀ ਮਾੜੀ ਆਦਤ ਲੱਗਦੀ ਜਾ ਰਹੀ ਹੈ। ਬੱਚੇ ਨੂੰ ਖਾਣਾ ਖਵਾਉਣ ਤੋਂ ਲੈ ਕੇ ਪੜ੍ਹਾਈ ਕਰਵਾਉਣ ਤੱਕ ਮੋਬਾਇਲ ਦੇਣ ਦੀ ਜੋ ਰੀਤ ਅਸੀ ਚਲਾ ਰਹੇ ਹਾਂ, ਇਹ ਆਉਣ ਵਾਲੇ ਸਮੇ ਵਿੱਚ ਬਹੁਤ ਘਾਤਕ ਸਿੱਧ ਹੋ ਸਕਦੀ ਹੈ ।

ਸਾਨੂੰ ਮਾਨਸਿਕ ਤੌਰ 'ਤੇ ਪ੍ਰਭਾਵਿਤ ਕਰਨ ਤੋਂ ਇਲਾਵਾ ਮੋਬਾਇਲ 'ਤੇ ਵਧ ਰਹੀ ਆਨਲਾਈਨ ਖਾਣੇ ਦੀ ਡਿਮਾਂਡ ਨੇ ਸਾਡੇ ਲੋਕਾਂ ਦੇ ਖਾਣ-ਪੀਣ ਦੇ ਪੱਧਰ ਨੂੰ ਹੋਰ ਵੀ ਵਿਗਾੜ ਦਿੱਤਾ ਹੈ। ਅਸੀ ਬਿਨਾਂ ਕੁਛ ਦੇਖੇ-ਪਰਖੇ ਘਰ ਬੈਠੇ ਕੁਛ ਵੀ ਮੰਗਵਾ ਕੇ ਖਾ ਰਹੇ ਹਾਂ। ਪਟਿਆਲਾ ਸ਼ਹਿਰ ਵਿੱਚ ਪਿਛਲੇ ਦਿਨੀਂ ਕੇਕ ਖਾਣ ਨਾਲ ਹੋਈ ਬੱਚੀ ਦੀ ਮੌਤ ਇਸ ਦੀ ਤਾਜ਼ਾ ਉਦਾਹਰਨ ਹੈ । ਇਸ ਤਰਾਂ ਦੀਆਂ ਆਨਲਾਈਨ ਸਰਵਿਸਾਂ ਨੇ ਸਾਡੇ ਬੱਚੇ ਪੰਜੀਰੀ, ਪਿੰਨੀਆਂ, ਦੁੱਧ ਤੇ ਘਰ ਵਿੱਚ ਬਣੀਆਂ ਚੀਜ਼ਾਂ ਤੋਂ ਦੂਰ ਕਰ ਦਿੱਤੇ ਹਨ । ਜਿਹੋ ਜਿਹਾ ਬਾਹਰਲਾ ਖਾਣਾ ਬੱਚੇ ਰੋਜ਼ਾਨਾ ਖਾ ਰਹੇ ਹਨ, ਉਹੋ ਜਿਹਾ ਸੁਭਾਅ ਤੇ ਸਰੀਰਕ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ ।

ਸਭ ਤੋ ਪਹਿਲਾਂ ਮਾਤਾ-ਪਿਤਾ ਨੂੰ ਆਪਣੀ ਜ਼ਿੰਮੇਵਾਰੀ ਤੈਅ ਕਰਨੀ ਪਵੇਗੀ । ਮਾਤਾ-ਪਿਤਾ ਆਪ ਮੋਬਾਇਲ ਦੀ ਵਰਤੋਂ ਘੱਟ ਕਰਕੇ ਹੀ ਬੱਚੇ ਦੀ ਵਧ ਰਹੀ ਮੋਬਾਇਲ ਦੀ ਆਦਤ ਨੂੰ ਰੋਕ ਸਕਦੇ ਹਨ।

ਛੋਟੀ ਉਮਰ ਤੋਂ ਹੀ ਬੱਚੇ ਨੂੰ ਗਰਾਉਂਡ ਜਾਂ ਖੇਡਾਂ ਦੀ ਚੇਟਕ ਲਾ ਦੇਣਾ ਵੀ ਬਹੁਤ ਹੱਦ ਤੱਕ ਬੱਚੇ ਨੂੰ ਮਸ਼ਰੂਫ ਰੱਖਦਾ ਹੈ, ਤਾਂ ਜੋ ਬੱਚੇ ਕੋਲ ਮੋਬਾਇਲ ਲਈ ਬਹੁਤਾ ਸਮਾਂ ਬਚੇ ਹੀ ਨਾ । ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਤੀਤ ਕਰਨਾ ਵੀ ਇਸ ਕੜੀ ਵਿੱਚ ਚੰਗੀ ਕੋਸ਼ਿਸ਼ ਹੋ ਸਕਦੀ ਹੈ ।

ਸਾਡੇ ਘਰਾਂ ਵਿੱਚ ਪੌਦੇ, ਫਲ, ਸ਼ਬਜ਼ੀਆਂ ਦੀ ਸਾਂਭ-ਸੰਭਾਲ ਵਿੱਚ ਬੱਚੇ ਦਾ ਸਹਿਯੋਗ ਲੈਣਾ ਵੀ ਬੱਚੇ ਨੂੰ ਮਸ਼ਰੂਫ ਰੱਖਣ ਦਾ ਇਕ ਵਧੀਆ ਤਰੀਕਾ ਹੈ।

ਅਖੀਰ ਵਿੱਚ ਮੈਂ ਇਹੀ ਕਹਾਂਗੀ ਕਿ ਜੇ ਸਾਡੇ ਅੰਦਰ ਚੰਗੀ ਇੱਛਾ ਸ਼ਕਤੀ ਹੋਵੇ ਤਾਂ ਅਸੀ ਆਪਣੇ ਬੱਚਿਆਂ ਦੇ ਨਾਲ-ਨਾਲ ਆਪਣੇ ਸਮਾਜ ਤੇ ਹੋਰਨਾਂ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਮੋਬਾਇਲ ਤੇ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਘਟਾ ਸਕਦੇ ਹਾਂ।

-ਸਮਾਜਿਕ ਸਿੱਖਿਆ ਅਧਿਆਪਕਾ, ਸ.ਹ.ਸ. ਭਾਮੀਆਂ ਕਲਾਂ (ਲੁਧਿਆਣਾ)

# ਭਾਰਤ : ਬੇਰੁਜ਼ਗਾਰੀ ਦੀ ਖ਼ਤਰਨਾਕ ਸਥਿਤੀ-2

### ਡਾ. ਅਨੂਪ ਸਿੰਘ

ਦੇਸ਼ ਦੇ ਜਨਤਕ ਉੱਦਮਾਂ ਬਾਰੇ 'ਤੇ ਨਜ਼ਰ ਰੱਖਣ ਵਾਲੀ ਵੈੱਬਸਾਈਟ ਪੀ ਐੱਸ ਯੂ ਕਾਮ ਦੀ 17 ਜੂਨ 2023 ਨੂੰ ਪ੍ਰਕਾਸ਼ਤ ਜਨਤਕ ਉੱਦਮਾਂ ਸਰਵੇ ਰਿਪੋਰਟ ਤੋਂ ਸਪੱਸ਼ਟ ਹੁੰਦਾ ਹੈ ਕਿ 2012-13 ਤੋਂ ਲੈ ਕੇ 2021-22 ਦੌਰਾਨ ਜਨਤਕ ਉੱਦਮਾਂ ਵਿਚ ਨੌਕਰੀਆਂ ਕਿੰਨੀ ਤੇਜ਼ੀ ਨਾਲ ਘਟੀਆਂ ਹਨ । ਸਰਵੇ ਦੇ ਅੰਕੜਿਆਂ ਨੂੰ ਦਸੰਬਰ 2023 ਵਿਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਦਸਤਖ਼ਤਾਂ ਹੇਠ ਜਾਰੀ ਕੀਤਾ ਗਿਆ । ਰਿਪੋਰਟ ਖੁਲਾਸਾ ਕਰਦੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੇ ਕਾਰਜਕਾਲ ਤੋਂ ਪਹਿਲਾਂ ਮਾਰਚ 2013 ਵਿਚ 13 ਲੱਖ 92 ਹਜ਼ਾਰ 650 ਪੱਕੇ ਮੁਲਾਜ਼ਮ ਸਨ ਅਤੇ ਇਹ 2022 ਵਿਚ ਘਟ ਕੇ 8 ਲੱਖ 38 ਹਜ਼ਾਰ 650 ਰਹਿ ਗਏ । ਸਪੱਸ਼ਟ ਹੈ ਕਿ ਮੋਦੀ ਰਾਜ ਦੇ ਪਹਿਲੇ 8 ਸਾਲਾਂ 'ਚ ਪੰਜ ਲੱਖ 54 ਹਜ਼ਾਰ ਸਥਾਈ ਨੌਕਰੀਆਂ ਖਤਮ ਹੋ ਗਈਆਂ । ਦੂਜੇ ਪਾਸੇ ਠੇਕਾ ਮਜ਼ਦੂਰਾਂ ਦੀ ਹਿੱਸੇਦਾਰੀ ਵਧ ਕੇ 36 ਫੀਸਦੀ ਤੇ ਦਿਹਾੜੀਦਾਰਾਂ ਦੀ 6.6 ਫੀਸਦੀ ਹੋ ਗਈ ਹੈ । ਇਹ ਨਹੀਂ ਕਿ ਜਨਤਕ ਉੱਦਮ ਘਾਟੇ ਵਿਚ ਚੱਲ ਰਹੇ ਸਨ ਅਤੇ ਦੇਸ਼ 'ਤੇ ਬੋਝ ਬਣ ਗਏ ਸਨ ਜਾਂ ਬਣ ਰਹੇ ਸਨ । ਸਾਲ 2022-23 ਦੇ ਅੰਕੜਿਆਂ ਅਨੁਸਾਰ ਚੋਟੀ ਦੇ 10 ਜਨਤਕ ਅਦਾਰਿਆਂ /ਉੱਦਮਾਂ ਨੇ 2.41 ਲੱਖ ਕਰੋੜ ਰੁਪਏ ਦਾ ਸ਼ੁੱਧ ਮੁਨਾਫ਼ਾ ਕਮਾਇਆ । ਐਕਸਾਈਜ਼ ਡਿਊਟੀ, ਜੀ ਐੱਸ ਟੀ ਕਾਰਪੋਰੇਟ ਟੈਕਸ ਤੇ ਵਿਆਜ ਕੇਂਦਰ ਸਰਕਾਰ ਦੇ ਖਜ਼ਾਨੇ ਵਿਚ 4.58 ਲੱਖ ਕਰੋੜ ਰੁਪਏ ਦਾ ਯੋਗਦਾਨ ਦਿੱਤਾ ।

ਬੀਤੇ ਇਕ ਦਹਾਕੇ ਵਿਚ ਜਿਨ੍ਹਾਂ ਜਨਤਕ ਉਦਮਾਂ ਵਿਚ ਸਭ ਤੋਂ ਵੱਧ ਨੌਕਰੀਆਂ ਦਾ ਨੁਕਸਾਨ ਹੋਇਆ, ਉਨ੍ਹਾਂ ਵਿਚ ਭਾਰਤ ਦੂਰਸੰਚਾਰ ਨਿਗਮ ਲਿਮਟਿਡ ਸਭ ਤੋਂ ਸਿਖ਼ਰ 'ਤੇ ਹੈ, ਜਿਸ ਵਿਚ ਕਰੀਬ ਇਕ ਲੱਖ 80 ਹਜ਼ਾਰ ਨੌਕਰੀਆਂ ਦਾ ਵਢਾਂਗਾ ਹੋਇਆ । ਇਸ ਤੋਂ ਬਾਅਦ ਸਟੀਲ ਅਥਾਰਿਟੀ ਆਫ ਇੰਡੀਆ ਤੇ ਐੱਮ ਟੀ ਐੱਨ ਐੱਲ ਦਾ ਨੰਬਰ ਹੈ, ਜਿਨ੍ਹਾਂ ਵਿਚ 30-30 ਹਜ਼ਾਰ ਨੌਕਰੀਆਂ ਖ਼ਤਮ ਕੀਤੀਆਂ ਗਈਆਂ । ਤੇਲ ਤੇ ਕੁਦਰਤੀ ਗੈਸ ਕੰਪਨੀ ਨੂੰ ਹਰ ਰੋਜ਼ ਕਮਾਈ ਦੇਣ ਵਾਲੀ ਸੰਸਥਾ ਮੰਨਿਆ ਜਾਂਦਾ ਹੈ, ਪਰ ਮੋਦੀ ਸਰਕਾਰ ਉਸ ਨੂੰ ਵੀ ਖ਼ਤਮ ਕਰਨ 'ਤੇ ਤੁਲੀ ਹੋਈ ਹੈ ਅਤੇ ਇਸ ਵਿਚ ਪ੍ਰਾਈਵੇਟ ਖੇਤਰ ਦੀ ਹਿੱਸੇਦਾਰੀ ਵਧਾਉਣਾ ਚਾਹੁੰਦੀ ਹੈ।

ਲਾਭ ਕਮਾਉਣ ਵਾਲੀਆਂ ਜਨਤਕ ਕੰਪਨੀਆਂ ਨੇ 2022-23 ਵਿਚ 2.6 ਲੱਖ ਕਰੋੜ ਰੁਪਏ ਦਾ ਲਾਭ ਕਮਾਇਆ ਅਤੇ ਘਾਟੇ ਵਿਚ ਚੱਲ ਰਹੀਆਂ ਕੰਪਨੀਆਂ ਨੇ 1.5 ਲੱਖ ਕਰੋੜ ਰੁਪਏ ਦਾ ਘਾਟਾ ਉਠਾਇਆ । ਇਸ ਤਰ੍ਹਾਂ ਸਮੁੱਚੇ ਤੌਰ 'ਤੇ ਜਨਤਕ ਅਦਾਰੇ/ਉੱਦਮ ਅਜੇ ਵੀ ਕਾਫ਼ੀ ਕਮਾਈ ਕਰਕੇ ਦੇ ਰਹੇ ਹਨ, ਪਰ ਮੋਦੀ ਸਰਕਾਰ ਨੇ 'ਏਅਰ ਇੰਡੀਆ' ਅਤੇ 'ਇੰਡੀਅਨ ਏਅਰਲਾਈਨਜ਼' ਦਾ ਰਲੇਵਾਂ ਕਰ ਕੇ ਘਾਟੇ ਵਿਚ ਦਿਖਾਇਆ ਅਤੇ ਫਿਰ ਟਾਟਾ ਗਰੁੱਪ ਨੂੰ ਵੇਚ ਦਿੱਤਾ। ਬੀ ਐੱਸ ਐੱਨ ਐੱਲ ਬਾਰੇ ਘਾਟੇ ਦੀ



ਧਾਰਨਾ ਬਣਾ ਕੇ ਉਸ ਨੂੰ ਨਿੱਜੀ ਹੱਥਾਂ ਵਿਚ ਦੇਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ ।

ਸੈਂਟਰ ਫ਼ਾਰ ਮੌਨੀਟਰਿੰਗ ਇੰਡੀਅਨ ਇਕਨੌਮੀ ਨੇ ਅਪ੍ਰੈਲ 2022 ਵਿਚ ਦੱਸਿਆ ਸੀ ਕਿ ਦੇਸ਼ ਦੇ 90 ਕਰੋੜ ਕਿਰਤੀਆਂ ਵਿੱਚੋਂ ਬਹੁਗਿਣਤੀ ਉਪਲੱਬਧ ਰੁਜ਼ਗਾਰ ਦੇ ਮੌਕਿਆਂ ਅਤੇ ਉਨ੍ਹਾਂ ਦੀ ਉਜਰਤ ਤੋਂ ਏਨੀ ਨਿਰਾਸ਼ ਹੈ ਕਿ ਉਨ੍ਹਾਂ ਰੁਜ਼ਗਾਰ ਦੀ ਭਾਲ ਹੀ ਛੱਡ ਦਿੱਤੀ ਹੈ । ਸਾਲ 2021-22 ਦੇ ਸਰਵੇ ਅਨੁਸਾਰ ਖੇਤੀਬਾੜੀ ਖੇਤਰ ਦੇਸ਼ ਦੇ ਕੁੱਲ ਕਿਰਤੀਆਂ 'ਚੋਂ 45.5 ਫੀਸਦੀ ਨੂੰ ਰੁਜ਼ਗਾਰ ਮੁਹੱਈਆ ਕਰਵਾ ਰਿਹਾ ਹੈ ਅਤੇ ਕੋਰੋਨਾ ਤੋਂ ਪਹਿਲਾਂ ਵਾਲੀ ਦਰ 42.5% (ਖੇਤੀਬਾੜੀ ਖੇਤਰ 'ਚ ਕਿਰਤ ਸ਼ਕਤੀ) ਤੋਂ ਇਹ 3 ਫੀਸਦੀ ਵੱਧ ਹੈ । ਸਪੱਸ਼ਟ ਹੈ ਕਿ ਕੋਰੋਨਾ ਨੇ ਵਿਹਲੇ ਕੀਤੇ ਕਿਰਤੀ ਖੇਤੀ ਖੇਤਰ ਵਿਚ ਖਪ/ਲੱਗ ਗਏ, ਜਿੱਥੇ ਕੰਮ ਮੌਸਮੀ ਹਨ ਅਤੇ ਉਜਰਤਾਂ ਬੇਹੱਦ ਘੱਟ ਹਨ । ਸਪੱਸ਼ਟ ਹੈ ਕਿ ਖੇਤੀ ਤੇ ਪਿੰਡਾਂ ਦਾ ਸੰਕਟ ਹੋਰ ਵਧਿਆ ਹੈ । ਇਕ ਅਨੁਮਾਨ ਅਨੁਸਾਰ 10 ਕਰੋੜ ਕਿਰਤੀ ਜਿਹੜੇ ਕੋਰੋਨਾ ਕਾਲ 'ਚ ਆਪਣੇ ਪਿੰਡਾਂ ਨੂੰ ਪਰਤੇ ਸਨ, ਉਹ 2021-22 ਤੱਕ ਸ਼ਹਿਰਾਂ ਵੱਲ ਨਹੀਂ ਪਰਤੇ ।

ਅਜ਼ੀਮ ਪ੍ਰੇਮ ਜੀ ਯੂਨੀਵਰਸਿਟੀ ਦੀ ਰੁਜ਼ਗਾਰ ਸੰਬੰਧੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿਚ 15 ਫੀਸਦੀ ਤੋਂ ਵੱਧ ਗਰੈਜੂਏਟ ਬੇਰੁਜ਼ਗਾਰ ਹਨ । ਕੇਵਲ ਇਹੀ ਨਹੀਂ, 25 ਸਾਲ ਤੋਂ ਘੱਟ ਉਮਰ ਦੇ ਡਿਗਰੀ-ਧਾਰਕਾਂ ਦੀ ਬੇਰੁਜ਼ਗਾਰੀ 42 ਫੀਸਦੀ ਹੈ । ਵਸੋਂ ਦਾ ਲਾਭਅੰਸ਼ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ? ਬਿਨਾਂ ਸ਼ੱਕ ਰਾਸ਼ਟਰੀ ਸੈਂਪਲ ਸਰਵੇ ਸੰਗਠਨ ਦੀ ਤਾਜ਼ਾ ਸਮਕਾਲੀ ਕਿਰਤ ਬਲ ਵਿਚ ਜੁਲਾਈ 2022 ਤੋਂ ਜੂਨ 2023 ਦੇ ਅਨੁਸਾਰ ਦੇਸ਼ ਵਿਚ 15 ਸਾਲ ਤੋਂ ਜ਼ਿਆਦਾ ਉਮਰ ਦੇ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ 3.2 ਫੀਸਦੀ ਦੱਸੀ ਗਈ ਹੈ । ਇਹ ਪਿਛਲੇ 6 ਸਾਲਾਂ ਵਿਚ ਸਭ ਤੋਂ ਘੱਟ ਹੈ । 2023-24 ਵਿਚ ਸਰਕਾਰ ਨੇ ਇਸ ਆਯੂ ਗੁੱਟ ਦੀ ਬੇਰੁਜ਼ਗਾਰੀ 4.1 ਫੀਸਦੀ ਦੱਸੀ ਹੈ । ਯਾਦ ਰਹੇ ਕਿ ਇਹ ਸਰਕਾਰੀ ਅੰਕੜੇ ਹਨ ਅਤੇ ਬੇਹੱਦ ਸ਼ੱਕੀ ਹਨ । ਇਨ੍ਹਾਂ ਨਾਲ ਹੇਠਾਂ ਤੋਂ ਲੈ ਕੇ ਉੱਪਰ ਤੱਕ ਕਈ ਪੱਧਰਾਂ 'ਤੇ ਛੇੜ-ਛਾੜ ਕੀਤੀ ਗਈ ਹੁੰਦੀ ਹੈ ।

ਨਿਊਜ਼ ਕਲਿੱਕ ਵਿਚ ਆਰਥਿਕਤਾ ਬਾਰੇ ਮਹਿਰ ਪੱਤਰਕਾਰ ਸੁਬੋਧ ਵਰਮਾ ਲਿਖਦੇ ਹਨ, 'ਭਾਰਤ ਵਿਚ ਨੌਕਰੀਆਂ ਦੀ ਸਥਿਤੀ ਹਾਲ ਹੀ 'ਚ ਜਾਰੀ ਕੀਤੀ ਗਈ ਇਕ ਸਰਕਾਰੀ ਰਿਪੋਰਟ ਨੇ ਸੰਕੇਤ ਦਿੱਤਾ ਹੈ ਕਿ ਦੋ ਪ੍ਰਮੁੱਖ ਸੰਕੇਤਕਾਂ-ਕਿਰਤ ਬਲ ਹਿੱਸੇਦਾਰੀ ਦੀ ਦਰ ਅਤੇ ਕਿਰਤੀਆਂ ਦਾ ਜਨਸੰਖਿਆ ਅਨੁਪਾਤ ਦੋਵਾਂ ਵਿਚ ਹੀ ਸੁਧਾਰ ਦਿਖਾਈ ਦਿੱਤਾ ਹੈ ।

ਚਰਚਿਤ ਅਰਥ-ਸ਼ਾਸਤਰੀ ਪ੍ਰਭਾਤ ਪਟਨਾਇਕ ਲਿਖਦੇ ਹਨ, 'ਅਕਤੂਬਰ 2023 ਦੇ ਅੰਕੜੇ ਦਰਸਾਉਂਦੇ ਹਨ ਕਿ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ 10.5 ਫੀਸਦੀ ਸੀ । ਪਿੰਡਾਂ ਵਿਚ ਬੇਰੁਜ਼ਗਾਰੀ ਦੀ ਦਰ 10.82 ਫੀਸਦੀ ਸੀ, ਜਦੋਂ ਕਿ ਸ਼ਹਿਰਾਂ 'ਚ ਬੇਰੁਜ਼ਗਾਰੀ ਦੀ ਦਰ 8.44% ਸੀ । ਬੇਰੁਜ਼ਗਾਰੀ ਦੀ ਸਮੁੱਚੀ ਦਰ ਨਾ ਕੇਵਲ ਪਿਛਲੇ ਮਹੀਨੇ ਨਵੰਬਰ 2023, ਜਦੋਂ ਇਹ 7.09 ਸੀ, ਦੇ ਮੁਕਾਬਲੇ ਜ਼ਿਆਦਾ ਸੀ, ਬਲਕਿ ਮਈ 2021 ਤੋਂ ਬਾਅਦ, ਜਦੋਂ ਇਸ ਵਿਚ ਤੇਜ਼ੀ ਨਾਲ ਵਾਧਾ ਹੋਇਆ ਸੀ, ਇਹ ਦਰ ਸਭ ਤੋਂ ਜ਼ਿਆਦਾ ਸੀ (ਪਿਛਲਾ ਤੇਜ਼ ਵਾਧਾ ਕੋਵਿਡ-19 ਦੇ ਮੱਦੇਨਜ਼ਰ 2020 ਦੇ ਲਾਕਡਾਊਨ ਲਗਾਏ ਜਾਣ ਕਰਕੇ ਹੋਇਆ ਸੀ) ਸੀ ਐੱਮ ਆਈ ਈ (ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕਾਨਮੀ) ਦੇ ਅੰਕੜਿਆਂ ਅਨੁਸਾਰ ਦਸੰਬਰ 2023 ਵਿਚ 25-29 ਆਯੂ-ਗੁੱਟ ਦੇ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ ਲਗਭਗ ਚਾਰ ਸਾਲਾਂ ਵਿਚ ਸਭ ਤੋਂ ਜ਼ਿਆਦਾ ਸੀ । ਸਰਕਾਰ ਨੂੰ ਨੌਜਵਾਨਾਂ ਨੂੰ ਲਾਹੇਵੰਦ ਰੁਜ਼ਗਾਰ/ਨੌਕਰੀ ਦੇਣੀ ਚਾਹੀਦੀ ਹੈ, ਨਾ ਕਿ ਪਕੌੜੇ ਵੇਚਣ ਦੀ ਸਲਾਹ ।

(ਸਮਾਪਤ)

# ਸੰਪਰਕ : 98768-01268

# ਮੋਦੀ ਦਾ ਪ੍ਰਮਾਣੂ ਹਥਿਆਰਾਂ ਦੇ ਹੱਕ 'ਚ ਬੋਲਣਾ ਗ਼ੈਰ-ਜ਼ਿੰਮੇਵਾਰਾਨਾ

ਬੀਤੀ 15 ਅਪ੍ਰੈਲ ਨੂੰ ਮੱਧ ਪ੍ਰਦੇਸ਼ ਦੇ ਹੋਸ਼ੰਗਾਬਾਦ ਸੰਸਦੀ ਹਲਕੇ ਦੇ ਪਿਪਰੀਆ ਕਸਬੇ ਵਿੱਚ ਇੱਕ ਚੋਣ ਰੈਲੀ ਵਿੱਚ ਬੋਲਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪ੍ਰਮਾਣੂ ਨਿਸ਼ਸਤਰੀਕਰਨ ਦਾ ਮਜ਼ਾਕ ਉਡਾਇਆ ਹੈ। ਆਪਣੇ ਭਾਸ਼ਣ ਵਿੱਚ ਉਹਨਾ ਕਿਹਾ ਕਿ ਜਿਹੜੇ ਪਰਮਾਣੂ ਨਿਸ਼ਸਤਰੀਕਰਨ ਦੀ ਗੱਲ ਕਰਦੇ ਹਨ, ਉਹ ਦੇਸ਼ ਦੀ ਰੱਖਿਆ ਨਹੀਂ ਕਰ ਸਕਦੇ; ਇੰਡੀਆ ਸਮੂਹ ਦੇ ਕੁਝ ਹਿੱਸੇ ਪ੍ਰਮਾਣੂ ਨਿਸ਼ਸਤਰੀਕਰਨ ਦੀ ਗੱਲ ਕਰਦੇ ਹਨ । ਉਹਨਾ ਦੇ ਬਿਆਨ ਤੋਂ ਦੋ ਹੀ ਅੰਦਾਜ਼ੇ ਹੋ ਸਕਦੇ ਹਨ । ਇੱਕ; ਉਹ ਆਪਣੇ ਆਪ ਨੂੰ ਦੇਸ਼ ਦੇ ਮੁਕਤੀਦਾਤਾ ਵਜੋਂ ਪੇਸ਼ ਕਰਕੇ ਤੇ ਫ਼ੌਜੀ ਤਾਕਤ ਦੀ ਸਥਿਤੀ 'ਤੇ ਗੱਲ ਕਰਕੇ ਸਸਤੇ ਚੋਣ ਲਾਭ ਲਈ ਇੰਜ ਆਖ ਰਹੇ ਹਨ । ਦੂਜਾ ਅਨੁਮਾਨ ਇਹ ਹੋ ਸਕਦਾ ਹੈ ਕਿ ਉਹ ਪ੍ਰਮਾਣੂ ਹਥਿਆਰਾਂ ਦੇ ਵਿਨਾਸ਼ਕਾਰੀ ਨਤੀਜਿਆਂ ਬਾਰੇ ਅਣਜਾਣ ਹਨ।

ਇਸ ਸਾਲ ਜਿਸ ਤਰ੍ਹਾਂ ਸੰਸਦੀ ਚੋਣਾਂ ਲੜੀਆਂ ਜਾ ਰਹੀਆਂ ਹਨ, ਇਹ ਮੰਦਭਾਗਾ ਹੈ। ਪੈਸੇ ਅਤੇ ਬਾਹੂਬਲ ਦੀ ਤਾਕਤ ਅਤੇ ਰਾਜ ਮਸ਼ੀਨਰੀ ਦੀ ਦੁਰਵਰਤੋਂ ਬਹੁਤ ਜ਼ਿਆਦਾ ਹੋ ਗਈ ਹੈ। ਇਸ ਤੋਂ ਇਲਾਵਾ ਵੋਟਾਂ ਹਾਸਲ ਕਰਨ ਲਈ ਧਰਮ ਦੇ ਆਧਾਰ 'ਤੇ ਧਰੁਵੀਕਰਨ ਕਰਨ ਲਈ ਧਾਰਮਿਕ ਸੁਰਾਂ ਅਤੇ ਫ਼ਿਰਕੂ ਪਾੜੇ ਦੀ ਸਰੇਆਮ ਵਰਤੋਂ ਕੀਤੀ ਜਾ ਰਹੀ ਹੈ। 2019 ਦੀਆਂ ਪਿਛਲੀਆਂ ਸੰਸਦੀ ਚੋਣਾਂ ਵਿੱਚ ਅਸੀਂ ਦੇਖਿਆ ਸੀ ਕਿ ਕਿਵੇਂ ਪੁਲਵਾਮਾ ਕਾਂਡ ਵਾਪਰਿਆ ਸੀ, ਜਿਸ ਵਿੱਚ ਸਾਡੇ ਬਹਾਦਰ ਸੈਨਿਕਾਂ ਨੂੰ ਆਪਣੀਆਂ ਜਾਨਾਂ ਦਾ ਬਲਿਦਾਨ ਦੇਣਾ ਪਿਆ ਸੀ, ਪਰ ਮੌਜੂਦਾ ਹਾਲਾਤ ਵਿੱਚ ਪਰਮਾਣੂ ਹਥਿਆਰਾਂ ਦੀ ਗੱਲ ਕਰਨਾ ਬਹੁਤ ਹੀ ਖ਼ਤਰਨਾਕ ਪ੍ਰਭਾਵਾਂ ਨਾਲ ਭਰਪੂਰ ਹੈ।



ਡਾ. ਅਰੁਣ ਮਿੱਤਰਾ

ਇਹ ਸਭ ਜਾਣਦੇ ਹਨ ਕਿ ਦੱਖਣੀ ਏਸ਼ੀਆ ਦੁਨੀਆ ਦੇ ਸਭ ਤੋਂ ਵਾਂਝੇ ਖੇਤਰਾਂ ਵਿੱਚੋਂ ਇੱਕ ਹੈ। ਸਾਡਾ ਮਨੁੱਖੀ ਵਿਕਾਸ ਸੂਚਕ ਅੰਕ ਬਹੁਤ ਮਾੜਾ ਹੈ। ਖੇਤਰ ਵਿੱਚ ਸਿਹਤ ਦੀ ਸਥਿਤੀ ਨਿਰਾਸ਼ਾਜਨਕ ਹੈ । ਭਾਰਤ ਸੰਚਾਰੀ ਅਤੇ ਗੈਰ-ਸੰਚਾਰੀ ਬਿਮਾਰੀਆਂ ਦਾ ਕੇਂਦਰ ਹੈ । ਅਸੀਂ ਜਲਦੀ ਹੀ ਵਿਸ਼ਵ ਦੀ ਸ਼ੂਗਰ ਦੀ ਰਾਜਧਾਨੀ ਬਣ ਜਾਵਾਂਗੇ। ਸਾਡੇ ਦੇਸ਼ ਵਿੱਚ 100000 ਦੀ ਆਬਾਦੀ ਵਿੱਚੋਂ 36 ਵਿਅਕਤੀਆਂ ਦੀ ਹਰ ਸਾਲ ਤਪਦਿਕ ਕਾਰਨ ਮੌਤ ਹੋ ਜਾਂਦੀ ਹੈ। ਜੇਕਰ ਅਸੀਂ ਤਰੱਕੀ ਕਰਨੀ ਹੈ ਤਾਂ ਇਸ ਖੇਤਰ ਨੂੰ ਸਿਹਤ ਅਤੇ ਸਿੱਖਿਆ 'ਤੇ ਜ਼ਿਆਦਾ ਖਰਚ ਕਰਨ ਦੀ ਲੋੜ ਹੈ।

ਵਿਡੰਬਨਾ ਇਹ ਹੈ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਦੇਸ਼ ਹਥਿਆਰਾਂ ਦੀ ਦੌੜ 'ਤੇ ਵੱਡੀ ਰਕਮ ਖਰਚ ਕਰਦੇ ਹਨ। ਦੋਵਾਂ ਨੇ ਪਰਮਾਣੂ ਹਥਿਆਰ ਇਕੱਠੇ ਕੀਤੇ ਹਨ, ਜਿਨ੍ਹਾਂ ਦੇ ਰੱਖ-ਰਖਾਅ 'ਤੇ ਬਹੁਤ ਖਰਚਾ ਕਰਨਾ ਪੈਂਦਾ ਹੈ । ਇਹ ਹਥਿਆਰ ਇਸ ਖੇਤਰ ਲਈ ਅਸਲ ਖ਼ਤਰਾ ਹਨ । ਭਾਰਤ ਅਤੇ ਪਾਕਿਸਤਾਨ ਹੀ ਅਜਿਹੇ ਦੋ ਗੁਆਂਢੀ ਦੇਸ਼ ਹਨ, ਜਿਨ੍ਹਾਂ ਕੋਲ ਪ੍ਰਮਾਣੂ ਹਥਿਆਰ ਹਨ ਅਤੇ ਚਾਰ ਜੰਗਾਂ ਲੜ ਚੁੱਕੇ ਹਨ । ਦੋਵਾਂ ਦੇਸ਼ਾਂ ਵਿਚਾਲੇ ਲਗਾਤਾਰ ਤਣਾਅ ਦੇ ਕਾਰਨ ਪਰਮਾਣੂ ਹਥਿਆਰਾਂ ਦੀ ਵਰਤੋਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਜੇਕਰ ਸਰਕਾਰਾਂ ਇਨ੍ਹਾਂ ਹਥਿਆਰਾਂ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨ ਦਾ ਫੈਸਲਾ ਕਰਦੀਆਂ ਹਨ, ਤਾਂ ਵੀ ਗੈਰ-ਰਾਜੀ ਤੱਤਾਂ ਦੁਆਰਾ ਦੁਰਘਟਨਾ ਜਾਂ ਕੁਦਰਤੀ ਆਫ਼ਤ ਦੀ ਸਥਿਤੀ ਵਿੱਚ ਇਨ੍ਹਾਂ ਹਥਿਆਰਾਂ ਦੀ ਵਰਤੋਂ ਹੋਣ ਦਾ ਖ਼ਤਰਾ ਬਰਕਰਾਰ ਹੈ।

ਇੰਟਰਨੈਸ਼ਨਲ ਫਿਜ਼ੀਸ਼ੀਅਨਜ਼ ਫ਼ਾਰ ਦੀ ਪ੍ਰੀਵੈਨਸ਼ਨ ਆਫ਼ ਨਿਊਕਲੀਅਰ ਵਾਰ (IPPNW) ਦੁਆਰਾ ਕਰਵਾਏ ਗਏ ਅਧਿਐਨਾਂ ਦੇ ਮੁਤਾਬਕ ਭਾਰਤ ਅਤੇ ਪਾਕਿਸਤਾਨ ਵਿਚਕਾਰ 100 ਦੇ ਕਰੀਬ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੇ ਨਾਲ ਇੱਕ ਹਫ਼ਤੇ ਵਿੱਚ 2 ਕਰੋੜ ਲੋਕਾਂ ਦੀ ਜਾਨ ਜਾ ਸਕਦੀ ਹੈ ਅਤੇ ਦੋ ਅਰਬ ਲੋਕ ਭੁੱਖਮਰੀ ਨਾਲ ਮੌਤ ਦੇ ਖ਼ਤਰੇ ਵਿੱਚ ਹੋਣਗੇ। ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਉੱਪਰ ਪਰਮਾਣੂ ਬੰਬ ਧਮਾਕੇ ਤੋਂ ਪ੍ਰਮਾਣੂ ਹਥਿਆਰਾਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਦੇ ਕਾਫ਼ੀ ਸਬੂਤ ਹਨ।

ਅਜੋਕੇ ਸਮੇਂ ਵਿੱਚ ਯੂਕਰੇਨ ਅਤੇ ਮੱਧ ਪੂਰਬ ਵਿੱਚ ਚੱਲ ਰਹੀਆਂ ਜੰਗਾਂ ਕਾਰਨ ਪੂਰੀ ਦੁਨੀਆ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨੂੰ ਲੈ ਕੇ ਕਾਫ਼ੀ ਚਿੰਤਤ ਹੈ। ਦਮਿਸ਼ਕ ਵਿੱਚ ਚੋਟੀ ਦੇ ਈਰਾਨੀ ਅਫਸਰਾਂ ਨੂੰ ਮਾਰਨ ਵਾਲੇ ਹਮਲੇ ਦੇ ਬਦਲੇ ਵਿੱਚ ਇਜ਼ਰਾਈਲ ਉੱਤੇ ਈਰਾਨੀ ਹਮਲੇ ਨੇ ਸਥਿਤੀ ਦੀ ਗੰਭੀਰਤਾ ਨੂੰ ਹੋਰ ਵਧਾ ਦਿੱਤਾ ਹੈ। ਇਜ਼ਰਾਈਲ ਦੇ ਵਿਰਾਸਤੀ ਮੰਤਰੀ ਅਮੀਚਾਈ ਇਲੀਯਾਹੂ ਨੇ ਪਹਿਲਾਂ ਹੀ ਕਿਹਾ ਹੈ ਕਿ ਗਾਜ਼ਾ 'ਤੇ ਪਰਮਾਣੂ ਬੰਬ ਸੁੱਟਣਾ ਇੱਕ ਵਿਕਲਪ ਹੈ। ਅੱਤ ਦੀ ਸੱਜੀ ਸੋਚ ਵਾਲੀ ਓਟਜ਼ਮਾ ਯਹੂਦਿਤ ਪਾਰਟੀ ਦੇ ਮੰਤਰੀ ਇਲੀਆਹੂ ਨੇ ਕਿਹਾ ਸੀ ਕਿ ਗਾਜ਼ਾ ਵਿੱਚ ਜੰਗ ਵਿੱਚ ਇਜ਼ਰਾਈਲ ਦੇ ਵਿਕਲਪਾਂ ਵਿੱਚੋਂ ਇੱਕ ਪੱਟੀ ਉੱਤੇ ਪ੍ਰਮਾਣੂ ਬੰਬ ਸੁੱਟਣਾ ਹੈ । ਜਿੱਥੇ ਦੁਨੀਆ ਨੇ ਇਜ਼ਰਾਈਲ ਨੂੰ ਸੰਜਮ ਬਣਾਈ ਰੱਖਣ ਦੀ ਅਪੀਲ ਕੀਤੀ ਹੈ, ਉੱਥੇ ਇਸ ਸਮੇਂ ਅਨਿਸਚਿਤਤਾ ਬਹੁਤ ਜ਼ਿਆਦਾ ਹੈ । ਮੱਧ ਪੂਰਬ ਦੀ ਸਥਿਤੀ ਦੇ ਬਹੁਤ ਗੰਭੀਰ ਵਿਸ਼ਵ-ਵਿਆਪੀ ਪ੍ਰਭਾਵ ਪੈ ਸਕਦੇ ਹਨ ।

ਇਸ ਮੋੜ 'ਤੇ ਇਹ ਬਹੁਤ ਮਹੱਤਵਪੂਰਨ ਹੈ ਕਿ ਪਰਮਾਣੂ ਨਿਸ਼ਸਤਰੀਕਰਨ ਦੀ ਲਹਿਰ ਨੂੰ ਸਿਵਲ ਸੁਸਾਇਟੀ ਦੇ ਨਾਲ-ਨਾਲ ਸਰਕਾਰਾਂ ਦੁਆਰਾ ਮਜ਼ਬੂਤ ਕੀਤਾ ਜਾਵੇ। ਭਾਰਤ ਇਸ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਇਸ ਸੰਦਰਭ ਵਿੱਚ ਨਰੇਂਦਰ ਮੋਦੀ ਦਾ ਬਿਆਨ ਬਹੁਤ ਹੀ ਗੈਰ-ਜ਼ਿੰਮੇਵਾਰਾਨਾ ਹੈ । ਇੰਜ ਜਾਪਦਾ ਹੈ ਕਿ ਪ੍ਰਧਾਨ ਮੰਤਰੀ ਨੇ ਦਿਸ਼ਾ ਦਿੱਤੀ ਹੈ, ਕਿਉਂਕਿ ਹੁਣ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੀ ਉਹੀ ਬੋਲੀ ਬੋਲ ਰਹੇ ਹਨ ।

ਅੱਜ ਦੇ ਸੰਸਾਰ ਵਿੱਚ ਪਰਮਾਣੂ ਹਥਿਆਰਾਂ ਦੀਆਂ ਤਰੀਫਾਂ ਕਰਨੀਆਂ ਖਤਰੇ ਤੋਂ ਖਾਲੀ ਨਹੀਂ । 2017 ਵਿੱਚ ਸੰਯੁਕਤ ਰਾਸ਼ਟਰ ਵੱਲੋਂ ਪਾਸ ਕੀਤੀ ਗਈ ਪ੍ਰਮਾਣੂ ਹਥਿਆਰਾਂ 'ਤੇ ਪਾਬੰਦੀ ਸੰਧੀ (Treaty on the Prohibition of Nuclear Weapons - TPNW) ਤੋਂ ਨਿਕਲਣ ਵਾਲੇ ਸੰਦੇਸ਼ ਨੂੰ ਫੈਲਾਉਣਾ ਮਹੱਤਵਪੂਰਨ ਹੈ ।

#ਸੰਪਰਕ : 94170-00360

# ਧਰਤੀ ਹੇਠਲੇ ਪਾਣੀ ਦੇ ਸੰਕਟ ਦਾ ਕੱਚ-ਸੱਚ

ਸਮਾਜ ਦੇ ਜਿਊਂਦੇ ਰਹਿਣ ਲਈ ਪਾਣੀ ਮਹੱਤਵਪੂਰਨ ਅਤੇ ਅਹਿਮ ਵਸਤੂ ਹੈ ।ਪਾਣੀ ਤੋਂ ਬਿਨਾਂ ਮਨੁੱਖੀ ਸਮਾਜ ਅਤੇ ਜੀਵ-ਜੰਤੂ ਜਿੰਦਾ ਨਹੀਂ ਰਹਿ ਸਕਦੇ, ਪਰ ਇਸ ਵਾਸਤਵਿਕਤਾ ਤੋਂ ਜਾਣੂ ਹੋਣ ਦੇ ਬਾਵਜੂਦ ਧਰਤੀ ਹੇਠਲੇ ਅਤੇ ਉਪਰਲੇ ਪਾਣੀ ਦੀ ਮਿਕਦਾਰ ਲਗਾਤਾਰ ਘਟਦੀ ਜਾ ਰਹੀ ਹੈ, ਜਿਸ ਦੀ ਭਾਰਤੀ ਸਿਸਟਮ ਦੇ ਕਿਸੇ ਪਾਸਿਉਂ ਵੀ ਕੋਈ ਪ੍ਰਵਾਹ ਨਹੀਂ ਕੀਤੀ ਜਾ ਰਹੀ ।ਨਤੀਜਨ ਭਾਰਤ ਭੂ ਜਲ ਦੀ ਕਮੀਂ ਦੇ ਚਰਮ ਬਿਦੂ ਵੱਲ ਵੱਧ ਰਿਹਾ ਹੈ । ਧਰਤੀ ਦੇ ਦੋ ਤਿਹਾਈ ਹਿੱਸੇ ਵਿੱਚ ਪਾਣੀ ਹੈ, ਪਰੰਤੂ ਉਸ ਵਿੱਚ ਦੋ ਫੀਸਦੀ ਹਿੱਸਾ ਪਾਣੀ ਹੀ ਪੀਣ ਯੋਗ ਹੈ ।ਕੁਝ ਹੋਰ ਖੇਤਰਾਂ ਸਮੇਤ ਪੰਜਾਬ ਪਹਿਲਾਂ ਹੀ ਚਿੰਤਾਜਨਕ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ ।ਕੁਲ ਮਿਲਾ ਕੇ 2025 ਤੱਕ ਸਾਰੇ ਦੇਸ਼ ਵਿਚ ਪਾਣੀ ਦੀ ਕਮੀਂ ਦਾ ਵੱਡਾ ਅਸਰ ਸਾਹਮਣੇ ਦੇਖਣ ਨੂੰ ਮਿਲ ਜਾਵੇਗਾ ।

ਸੰਯੁਕਤ ਰਾਸ਼ਟਰ ਦੇ ਵਾਤਾਵਰਣ ਵਿਭਾਗ ਅਤੇ ਮਨੁੱਖੀ ਸੰਸਥਾ ਦੁਆਰਾ ਪ੍ਰਕਾਸ਼ਤ 2023 ਦੀ ਰਿਪੋਰਟ ਵਿਚ ਕਿਹਾ ਗਿਆ ਹੈ ਸਿੰਧੂ ਅਤੇ ਗੰਗਾ ਦੇ ਇਲਾਕਿਆਂ ਵਿਚ ਭੂ-ਜਲ ਦਾ ਪੱਧਰ ਖਤਰਨਾਕ ਬਿੰਦੂ ਉਪਰ ਪਹੁੰਚ ਗਿਆ ਹੈ । ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਵਿਚ 14 ਲੱਖ ਖੇਤੀ ਟਿਊਬਵੈੱਲਾਂ ਸਮੇਤ 40 ਲੱਖ ਘਰੇਲੂ ਟਿਊਬਵੈੱਲ ਧਰਤੀ ਹੇਠਲਾ ਪਾਣੀ ਖਿੱਚ ਰਹੇ ਹਨ । ਇਨ੍ਹਾਂ ਤੋਂ ਬਿਨਾਂ ਬੋਤਲ-ਬੰਦ ਪਾਣੀ ਸਪਲਾਈ ਕਰਨ ਵਾਲੇ ਕਾਰਖਾਨੇ ਬਿਨਾਂ ਕਿਸੇ ਰੀਆਲਟੀ ਤੋਂ ਧਰਤੀ ਹੇਠਲਾ ਪਾਣੀ ਧੂਹ ਰਹੇ ਹਨ ਅਤੇ ਮੋਟੇ ਮੁਨਾਫ਼ੇ ਕਮਾ ਰਹੇ ਹਨ ।ਕੇਂਦਰ ਅਤੇ ਪੰਜਾਬ ਸਰਕਾਰਾਂ ਨੇ ਹਰੇ ਇਨਕਲਾਬ ਦੇ ਸਮੇਂ ਤੋਂ ਜਿਥੇ ਸਾਡਾ ਦਰਿਆਈ ਪਾਣੀ ਮੁਫ਼ਤ ਵਜੋਂ ਅੱਜ ਤੱਕ ਲੁਟਾਇਆ ਹੈ, ਉਸ ਦੇ ਬਦਲ ਵਿੱਚ ਕਿਸਾਨਾਂ ਨੂੰ ਦਿੱਤੀ ਟਿਊਬਵੈਲਾਂ ਦੀ ਸਹੂਲਤ ਨੇ ਧਰਤੀ ਹੇਠਲੇ ਪਾਣੀ ਦੀਆਂ ਦੋ ਪਰਤਾਂ ਤੱਕ ਨੂੰ ਖ਼ਤਮ ਕਰ ਦਿੱਤਾ ਹੈ ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ 80ਫੀਸਦ ਪਾਣੀ ਦੀ ਵਰਤੋਂ ਖੇਤੀ ਲਈ ਕੀਤੀ ਜਾਂਦੀ ਹੈ,10 ਫੀਸਦੀ ਉਦਯੋਗਾਂ ਲਈ ਅਤੇ 5 ਫ਼ੀਸਦ ਪਾਣੀ ਘਰਾਂ ਵਿੱਚ ਪ੍ਰਯੋਗ ਹੁੰਦਾ ਹੈ। ਜੇਕਰ ਹਾਲਾਤ ਨਹੀਂ ਬਦਲਦੇ ਤਾਂ ਬਹੁਤ ਸਾਰੇ ਜੀਵ-ਜੰਤੂ ਧਰਤੀ ਤੋਂ ਅਲੋਪ ਹੋ ਜਾਣਗੇ ।ਭੂ ਜਲ ਘਟੇਗਾ, ਹਿਮ ਖੰਡ ਪਿਘਲਣਗੇ ਅਤੇ ਅਸਹਿਣਯੋਗ ਗਰਮੀ ਵਧੇਗੀ । ਕੁਦਰਤੀ ਦਾਤ ਦੀ ਦੁਰਵਰਤੋਂ ਅਤੇ ਉਸ ਵਿੱਚ ਗੈਰ-ਜ਼ਰੂਰੀ ਦਖਲ ਅੰਦਾਜ਼ੀ ਵਿਨਾਸ਼ਕਾਰੀ ਸਾਬਤ ਹੋਵੇਗੀ ।



ਗੁਰਮੀਤ ਸਿੰਘ ਬੱਖਤਪੁਰਾ

ਯੂਨੈਸਕੋ ਦੀ ਰਿਪੋਰਟ ਮੁਤਾਬਕ ਭਾਰਤ ਦੁਨੀਆ ਵਿਚ ਸਭ ਤੋਂ ਜ਼ਿਆਦਾ ਭੂ-ਜਲ ਇਸਤੇਮਾਲ ਕਰਨ ਵਾਲਾ ਦੇਸ਼ ਹੈ ।ਜੋ ਅਮਰੀਕਾ ਅਤੇ ਚੀਨ ਦੋਨਾਂ ਦੇ ਕੁੱਲ ਪ੍ਰਯੋਗ ਤੋਂ ਬਹੁਤ ਵਧੇਰੇ ਹੈ ।ਪੰਜਾਬ, ਹਰਿਆਣਾ ਭਾਰਤ ਦਾ ਉਤਰ-ਪੱਛਮੀ ਇਲਾਕਾ ਖਾਧ ਪਦਾਰਥਾਂ ਨੂੰ ਪੂਰਾ ਕਰਨ ਲਈ ਬੇਸ਼ੱਕ ਅਹਿਮ ਸਥਾਨ ਰੱਖਦਾ ਹੈ, ਪਰ ਨਤੀਜੇ ਵਜੋਂ ਇਨ੍ਹਾਂ ਖੇਤਰਾਂ ਦਾ ਧਰਤੀ ਹੇਠਲਾ ਪਾਣੀ ਲਗਾਤਾਰ ਖ਼ਤਰਨਾਕ ਸਥਿਤੀ ਵੱਲ ਵੱਧ ਰਿਹਾ ਹੈ । ਕੇਂਦਰੀ ਭੂ-ਜਲ ਬੋਰਡ ਦੀ ਰਿਪੋਰਟ ਅਨੁਸਾਰ ਦੇਸ਼ ਵਿਚ 2007ਤੋਂ 2017 ਦੇ ਦਰਮਿਆਨ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ 60 ਫੀਸਦੀ ਗਿਰਾਵਟ ਆਈ ਹੈ ।ਟਾਟਾ ਐਨਰਜੀ ਰੀਸਰਚ ਇੰਸਟੀਚਿਊਟ (ਟੇਰੀ) ਦੇ ਅਧਿਐਨ ਤੋਂ ਸਾਬਿਤ ਹੋਇਆ ਹੈ ਕਿ ਧਰਤੀ ਹੇਠਲੇ ਪਾਣੀ ਦੀ ਲੋੜ ਤੋਂ ਵਧੇਰੇ ਵਰਤੋਂ ਕਰਨ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਜ਼ਬਰਦਸਤ ਪਾਣੀ ਸੰਕਟ ਦਾ ਸਾਹਮਣਾ ਕਰਨਾ ਪਵੇਗਾ ।

ਪਿਛਲੀ ਸਦੀ ਦੇ 80ਵਿਆਂ ਦੇ ਦਹਾਕੇ ਤੋਂ ਲੈ ਕੇ ਹਰ ਸਾਲ ਪਾਣੀ ਦੀ ਖਪਤ ਇਕ ਫ਼ੀਸਦੀ ਵਧ ਰਹੀ ਹੈ, ਜਿਸ ਹਿਸਾਬ ਨਾਲ ਅੰਦਾਜ਼ਾ ਹੈ ਕਿ 2050 ਤੱਕ ਦੁਨੀਆ ਨੂੰ ਘੱਟੋ ਘੱਟ 30 ਫੀਸਦੀ ਹੋਰ ਪਾਣੀ ਦੀ ਜ਼ਰੂਰਤ ਬਣੇਗੀ ।ਇਸ ਤਰ੍ਹਾਂ ਨਹੀਂ ਕਿ ਪਾਣੀ ਸੰਕਟ ਦੀ ਕੋਈ ਨਵੀਂ ਚਿੰਤਾ ਪੈਦਾ ਹੋਈ ਹੈ, ਬਲਕਿ ਬੀਤੇ ਤਿੰਨ ਦਹਾਕਿਆਂ ਤੋਂ ਇਹ ਏਜੰਡਾ ਚਰਚਾ ਵਿੱਚ ਹੈ, ਪਰ ਇਸ ਦੇ ਬਾਵਜੂਦ ਧਰਤੀ ਉਪਰਲਾ ਪਾਣੀ ਪ੍ਰਦੂਸ਼ਤ ਹੋਣ ਕਾਰਨ ਧਰਤੀ ਹੇਠਲੇ ਸੁਰੱਖਿਅਤ ਪਾਣੀ ਨੂੰ ਬੜੀ ਬੇਕਿਰਕੀ ਨਾਲ ਕੱਢਿਆ ਜਾ ਰਿਹਾ ਹੈ । ਦੁਨੀਆ ਦੀ ਏਨੀ ਹਾਲਤ ਖਰਾਬ ਨਹੀਂ, ਜਿੰਨੀ ਸਾਡੇ ਦੇਸ਼ ਦੀ ਖ਼ਰਾਬ ਹੈ । ਦੁਨੀਆਂ ਵਿੱਚ ਜਿਨ੍ਹਾਂ ਭੂ-ਜਲ ਕੱਢਿਆ ਜਾ ਰਿਹਾ ਹੈ, ਉਸ ਦਾ ਇਕ ਚੌਥਾਈ ਹਿੱਸਾ ਭਾਰਤ ਦੀ ਧਰਤੀ 'ਚੋਂ ਖਿਚਿਆ ਜਾ ਰਿਹਾ ਹੈ, ਜਦੋਂ ਕਿ ਭੂਗੋਲਿਕ ਤੱਥ ਇਹ ਹਨ ਕਿ ਦੁਨੀਆ ਦੀ ਕੁੱਲ ਜ਼ਮੀਨ ਦਾ ਭਾਰਤ ਦੀ ਭੂਮੀ ਦਾ ਖੇਤਰਫਲ ਕੇਵਲ ਢਾਈ ਫੀਸਦੀ ਹੈ।ਇਸ ਹਿਸਾਬ ਨਾਲ ਅਸੀਂ ਵਿਸ਼ਵ ਦੇ ਮੁਕਾਬਲੇ 10 ਗੁਣਾਂ ਵਧੇਰੇ ਭੂ ਜਲ ਵਰਤ ਰਹੇ ਹਾਂ, ਜਿਸ ਦਾ ਅਰਥ ਹੈ ਕਿ ਭੂ-ਜਲ ਘਟਣ ਦਾ ਖ਼ਤਰਾ ਸਭ ਤੋਂ ਜ਼ਿਆਦਾ ਭਾਰਤ ਸਾਹਮਣੇ ਹੈ । ਦੇਸ਼ ਦੇ ਕਈ ਇਸੇ ਤਰ੍ਹਾਂ ਦੇ ਹਨ ਜਿਥੇ ਭੂ ਜਲ ਖ਼ਤਮ ਹੋਣ ਦੇ ਕਿਨਾਰੇ ਹੈ ਜਾਂ ਪਹੁੰਚ ਤੋਂ ਬਹੁਤ ਹੇਠਾਂ ਚਲਿਆ ਗਿਆ ਹੈ।ਇਸ ਲਈ ਜੇਕਰ ਪੂਰੀ ਤਾਕਤ ਵੀ ਲਾਈ ਜਾਵੇ ਤਾਂ ਵੀ ਪੁਨਰ ਭਰਣ ਵਿਚ ਕਈ ਸਾਲ ਲਗਣਗੇ। ਵਿਗਿਆਨਕਾ ਅਤੇ ਪਾਣੀ ਮਾਹਰਾਂ ਦਾ ਕਹਿਣਾ ਹੈ ਕਿ ਭੂ ਜਲ਼ ਦੇ ਨਿਕਾਸ ਬਾਬਤ ਹੁਣ ਸੋਚਣ ਦਾ ਵੇਲਾ ਨਹੀ ਹੈ ਸਗੋਂ ਕੁਝ ਕਰਨ ਦਾ ਵੇਲਾ ਹੈ ਜੋ ਕੀਤਾ ਨਹੀਂ ਜਾ ਰਿਹਾ । ਹੁਣ ਉਹ ਦਿਨ ਦੂਰ ਨਹੀਂ ਜਦੋਂ ਸਾਰੇ ਟਿਊਬਵੈੱਲ ਸੁਕ ਜਾਣਗੇ ।ਵਰਲਡ ਰਿਸੋਰਸਜ਼ ਇੰਸਟੀਚਿਊਟ ਦੇ ਵਾਟਰ ਰਿਸਕ ਐਟਲਸ ਦੇ ਮੁਤਾਬਕ 184 ਚੋ 70 ਦੇਸ਼ ਉਹ ਹਨ, ਜੋ ਜਲ਼ ਸੰਕਟ ਦੀ ਗੰਭੀਰ ਸ਼੍ਰੇਣੀ ਵਿੱਚ ਆ ਚੁੱਕੇ ਹਨ। ਇਨ੍ਹਾਂ ਦੇਸ਼ਾਂ ਵਿਚ ਕਤਰ, ਇਜ਼ਰਾਈਲ, ਲੀਬੀਆ, ਜਾਰਡਨ, ਈਰਾਨ, ਕੁਵੈਤ, ਓਮਾਨ ਅਤੇ ਭਾਰਤ ਇਸ ਸ਼੍ਰੇਣੀ ਵਿੱਚ ਸ਼ਾਮਲ ਹੈ ।

ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਦੋ ਹੀ ਢੰਗ ਹਨ ਕਿ ਵੱਧ ਤੋਂ ਵੱਧ ਦਰਿਆਈ ਪਾਣੀਆਂ ਨੂੰ ਵਰਤੋਂ ਯੋਗ ਬਣਾ ਕੇ ਉਸ ਦੀ ਯੋਗ ਵਰਤੋਂ ਕੀਤੀ ਜਾਵੇ, ਪਾਣੀ ਦੀ ਦੁਰਵਰਤੋ ਸਖ਼ਤੀ ਨਾਲ ਰੋਕੀ ਜਾਵੇ ਅਤੇ ਦੂਸਰਾ ਢੰਗ ਹੈ ਕਿ ਬਾਰਸ਼ਾਂ ਦੇ ਪਾਣੀ ਦਾ ਜਲ ਭੰਡਾਰ ਕੀਤਾ ਜਾਵੇ। ਬੀਤੇ ਸਮੇਂ ਵਿੱਚ ਦੇਸ਼ ਦੀਆਂ ਵੱਖ-ਵੱਖ ਬਸਤੀਆਂ ਅਤੇ ਪਿੰਡਾਂ ਵਿਚ ਤਲਾਬਾਂ, ਖੂਹ, ਝੀਲਾਂ ਅਤੇ ਛਪੜਾਂ ਦਾ ਨਿਰਮਾਣ ਕੀਤਾ ਜਾਂਦਾ ਸੀ, ਜੋ ਬਾਰਸ਼ਾਂ ਦਾ ਪਾਣੀ ਕੰਟਰੋਲ ਕਰ ਲੈਂਦੇ ਸਨ, ਇਸ ਨਾਲ ਨਾਂ ਕੇਵਲ ਆਸ ਪਾਸ ਰਹਿਣ ਵਾਲੇ ਲੋਕਾਂ ਨੂੰ ਪਾਣੀ ਮਿਲਦਾ ਸੀ ਬਲਕਿ ਇਸ ਨਾਲ ਪਾਣੀ ਦਾ ਪੱਧਰ ਬਣਾਈ ਰੱਖਣ ਦੀ ਮੱਦਦ ਮਿਲਦੀ ਸੀ ਪਰੰਤੂ ਕੁਝ ਦਹਾਕਿਆਂ ਤੋਂ ਵਿਕਾਸ ਦੇ ਨਾਂਅ ਹੇਠ ਅੰਨਾ ਵਿਕਾਸ ਬਲਡੋਜਰ ਚਲਾਇਆ ਗਿਆ ਕਿ ਨਾ ਕੇਵਲ ਵੱਡੇ ਸ਼ਹਿਰਾਂ, ਬਲਕਿ ਪਿੰਡਾਂ ਅਤੇ ਕਸਬਿਆਂ ਵਿੱਚ ਪੁਰਾਣੇ ਛੱਪੜਾਂ, ਖੂਹਾਂ ਅਤੇ ਤਲਾਬਾਂ ਉਪਰ ਨਜਾਇਜ਼ ਕਬਜ਼ੇ ਕਰਕੇ ਉਸ ਜਗ੍ਹਾ ਉਪਰ ਉਸਾਰੀਆਂ ਕਰ ਦਿੱਤੀਆਂ ਗਈਆਂ, ਜਿਸ ਕਾਰਨ ਸਾਡੀ ਹਾਲਤ ਇਹ ਹੈ ਕਿ ਸਾਡੀ ਜਲ਼ ਭੰਡਾਰਨ ਦੀ ਸਮਰੱਥਾ 297 ਅਰਬ ਘਣਮੀਟਰ ਹੈ, ਜਦੋਂ ਕਿ 433 ਅਰਬ ਘਣਮੀਟਰ ਪਾਣੀ ਬਾਰਸ਼ਾਂ ਦੇ ਦਿਨਾਂ ਵਿੱਚ ਹੜ੍ਹਾਂ ਦੁਆਰਾ ਤਬਾਹੀ ਕਰਦਾ ਹੋਇਆ ਸਮੁੰਦਰ ਵਿੱਚ ਚਲਾ ਜਾਂਦਾ ਹੈ। ਜੇਕਰ ਦੂਸਰੇ ਦੇਸ਼ਾਂ ਦੇ ਜਲ ਭੰਡਾਰਨ ਦੀ ਸਥਿਤੀ 'ਤੇ ਨਜ਼ਰ ਮਾਰੀ ਜਾਵੇ ਤਾਂ ਅਮਰੀਕਾ ਪਾਸ ਪ੍ਰਤੀ ਵਿਅਕਤੀ 2193 ਘਣਮੀਟਰ ਪਾਣੀ ਜਮ੍ਹਾਂ ਕਰਨ ਦੀ ਸਮਰੱਥਾ ਹੈ। ਬ੍ਰਾਜ਼ੀਲ ਪ੍ਰਤੀ ਵਿਅਕਤੀ ਪ੍ਰਤੀ ਸਾਲ 2632 ਘਣਮੀਟਰ ਬਾਰਸ਼ਾਂ ਦਾ ਪਾਣੀ ਜਮ੍ਹਾਂ ਕਰ ਲੈਂਦਾ ਹੈ। ਆਸਟ੍ਰੇਲੀਆ ਦੀ ਇਹ ਸਮਰੱਥਾ 3223 ਘਣਮੀਟਰ ਹੈ। ਭਾਰਤ ਨੂੰ ਛੱਡ ਕੇ ਦੁਨੀਆ ਦੀ ਸਭ ਤੋਂ ਵਧੇਰੇ ਅਬਾਦੀ ਵਾਲਾ ਦੇਸ਼ ਚੀਨ ਸਾਡੇ ਤੋਂ ਦੁੱਗਣਾ ਭਾਵ ਪ੍ਰਤੀ ਵਿਅਕਤੀ 416 ਘਣਮੀਟਰ ਪਾਣੀ ਜਮ੍ਹਾਂ ਕਰਦਾ ਹੈ।

ਦੇਸ਼ ਅਤੇ ਖਾਸ ਕਰ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਅਧਰੰਗ ਮਾਰੇ ਨਹਿਰੀ ਢਾਂਚੇ ਨੂੰ ਦਰੁਸਤ ਕਰਨ ਅਤੇ ਨਵੀਂਆਂ ਨਹਿਰਾਂ ਬਣਾਉਣ ਲਈ ਯਤਨਸ਼ੀਲ ਹੋਣ ਦੀ ਜ਼ਰੂਰਤ ਹੈ, ਜਿਸ ਨਾਲ ਦਰਿਆਈ ਪਾਣੀਆਂ ਦੇ ਝਗੜਿਆਂ ਦਾ ਵੀ ਨਿਪਟਾਰਾ ਹੋਵੇਗਾ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਵੀ ਧਰਤੀ ਹੇਠਲੇ ਪਾਣੀ ਦੀ ਰਾਖੀ ਲਈ ਕਿਸਾਨੀ ਨੂੰ ਨਹਿਰੀ ਪਾਣੀ ਦੀ ਮਹੱਤਤਾ ਪ੍ਰਤੀ ਚੇਤੰਨ ਕਰਦਿਆਂ ਸੰਘਰਸ਼ ਲਈ ਲਾਮਬੰਦ ਕਰਨਾ ਚਾਹੀਦਾ ਹੈ ।

# ਸੰਪਰਕ : 98142-90163

# ਮਗਨਰੇਗਾ ਕਾਨੂੰਨ ਦੀ ਅਧੂਰੀ ਜਾਣਕਾਰੀ ਹੋਣ ਕਾਰਨ ਮਜ਼ਦੂਰਾਂ ਨੂੰ ਹੋ ਰਿਹੈ ਨੁਕਸਾਨ : ਜਗਰੂਪ

## ਮੁਸ਼ਕਲਾਂ ਸੰਬੰਧੀ ਜਾਗ੍ਰਿਤ ਕਰਨ ਲਈ ਲਗਾਈ ਗਈ ਨਰੇਗਾ ਮਜ਼ਦੂਰਾਂ ਦੀ ਵਰਕਸ਼ਾਪ



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ:) ਪੰਜਾਬ ਜ਼ਿਲ੍ਹਾ ਇਕਾਈ ਫਾਜ਼ਿਲਕਾ ਵੱਲੋਂ ਸਥਾਨਕ ਸੁਤੰਤਰ ਭਵਨ ਵਿਖੇ ਜ਼ਿਲ੍ਹਾ ਪਧਰੀ ਆਗੂਆਂ ਸਮੁੱਚੀ ਟੀਮ ਦੀ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਵਰਕਸ਼ਾਪ ਵਿੱਚ ਮਗਨਰੇਗਾ ਕਾਨੂੰਨ ਤਹਿਤ ਕੰਮ ਲੈਣ ਲਈ ਮਜ਼ਦੂਰਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਦੱਸਣ ਲਈ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਪੰਜਾਬ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਨੇ ਆ ਕੇ ਮਜ਼ਦੂਰਾਂ ਨੂੰ ਜਾਗ੍ਰਿਤ ਕੀਤਾ।

ਜਗਰੂਪ ਸਿੰਘ ਨੇ ਨਰੇਗਾ ਆਗੂ ਟੀਮ ਨੂੰ ਟ੍ਰੇਨਿੰਗ ਦਿੰਦਿਆਂ ਕਿਹਾ ਕਿ ਨਰੇਗਾ ਕਾਨੂੰਨ ਕਿਰਤੀਆਂ/ਮਜ਼ਦੂਰਾਂ ਲਈ ਵਰਦਾਨ ਹੈ।ਜੇਕਰ ਇਸ ਨੂੰ ਪਾਰਦਰਸ਼ੀ ਢੰਗ ਨਾਲ ਚਲਾਇਆ ਜਾਵੇ ਤਾਂ ਛੋਟੀ ਕਿਸਾਨੀ ਵੀ ਇਸ ਦਾ ਲਾਹਾ ਲੈ ਕੇ ਆਪਣੇ ਖੇਤਾਂ ਦੇ ਵਿੱਚ ਦਿਹਾੜੀ ਵਾਲਾ ਮਸਟਰੌਲ ਭਰ ਸਕਦੀ ਹੈ ਤੇ ਸਰਕਾਰ ਵੱਲੋਂ ਬਣਾਏ ਕਾਨੂੰਨ ਤਹਿਤ ਆਰਥਿਕ ਲਾਭ ਲੈ ਸਕਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ 10 ਲੱਖ ਕਿਸਾਨੀ ਟੱਬਰਾਂ ਵਿੱਚੋਂ ਸਾਢੇ 7 ਲੱਖ ਪੰਜਾਬ ਦੇ ਕਿਸਾਨ ਜੋ ਛੋਟੀ ਕਿਸਾਨੀ ਨਾਲ ਸੰਬੰਧਤ ਹਨ, ਇਨ੍ਹਾਂ ਗੱਲਾਂ ਦਾ ਪ੍ਰਸ਼ਾਸਨ ਨੂੰ ਪਤਾ ਹੋਣ 'ਤੇ ਵੀ ਪ੍ਰਸ਼ਾਸਨ ਆਨਾ-ਕਾਨੀ ਕਰਦਾ ਹੈ।ਇਸ ਲਈ ਤੁਹਾਨੂੰ ਪ੍ਰਪੱਕ ਹੋ ਕੇ ਮਗਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਚਲਾਉਣ ਦੇ ਲਈ ਕਾਨੂੰਨ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ, ਜਿਸ ਤੋਂ ਬਗੈਰ ਕਿਰਤ ਕਰਦੀ ਧਿਰ ਦੀ ਲੜਾਈ ਲੜੀ ਨਹੀਂ ਜਾ ਸਕਦੀ। ਉਨ੍ਹਾ ਕਿਹਾ ਕਿ ਮਗਨਰੇਗਾ ਇੱਕ ਕਾਨੂੰਨ ਹੈ ਤੇ ਕਈ ਜ਼ਿਲ੍ਹਿਆਂ ਵਿੱਚ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਇਸ ਦੀ ਅਧੂਰੀ ਜਾਣਕਾਰੀ ਹੋਣ ਕਾਰਨ ਮਜ਼ਦੂਰਾਂ ਦਾ ਨੁਕਸਾਨ ਹੋ ਰਿਹਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਮੌਕੇ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਢਾਬਾਂ, ਸ਼ਬੇਗ ਝਗੜ ਭੈਣੀ, ਗੁਰਦਿਆਲ ਢਾਬਾਂ ਬਲਵਿੰਦਰ ਮਹਾਲਮ, ਜਰਨੈਲ ਢਾਬਾਂ, ਕਰਨੈਲ ਬੱਗੇਕੇ ਨੇ ਵੀ ਆਪਣੀ ਗੱਲਬਾਤ ਰੱਖੀ। ਇਸ ਮੌਕੇ ਨਰੇਗਾ ਦੀ ਜ਼ਿਲ੍ਹਾ ਆਗੂ ਟੀਮ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਨ ਲਈ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਰਾਜ ਗੋਲਡਨ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਆਗੂ ਸੁਰਿੰਦਰ ਢੰਡੀਆਂ, ਸਰਬ ਭਾਰਤ ਨੌਜਵਾਨ ਸਭਾ ਦੇ ਪ੍ਰਧਾਨ ਪਰਮਜੀਤ ਢਾਬਾਂ, ਬਲਵਿੰਦਰ ਮਹਾਲਮ, ਜਰਨੈਲ ਢਾਬਾਂ, ਕਰਨੈਲ ਬੱਘੇਕੇ ਨੇ ਵੀ ਆਪਣੀ ਗੱਲਬਾਤ ਰੱਖੀ।

# ਫੂਡ ਗਰੇਨ ਐਂਡ ਅਲਾਇੰਡ ਵਰਕਰ ਯੂਨੀਅਨ ਵੱਲੋਂ ਰੋਸ ਧਰਨਾ

## ਫੂਡ ਏਜੰਸੀਆਂ 'ਚੋਂ ਠੇਕੇਦਾਰੀ ਸਿਸਟਮ ਖ਼ਤਮ ਕੀਤਾ ਜਾਵੇ : ਬਲਵੀਰ ਲਹਿਰਾ



**ਮੱਖੂ (ਰਛਪਾਲ ਸਿੰਘ ਸੰਧੂ)**

ਫੂਡ ਗਰੇਨ ਐਂਡ ਅਲਾਇੰਡ ਵਰਕਰ ਯੂਨੀਅਨ ਦੇ ਮਜ਼ਦੂਰਾਂ ਦੇ ਹੱਕੀ ਮਸਲੇ ਹੱਲ ਨਾ ਹੋਣ ਕਾਰਨ ਅੱਜ ਮਜ਼ਦੂਰ ਯੂਨੀਅਨ ਵੱਲੋਂ ਮਾਰਕਫੈੱਡ ਦਫਤਰ ਅੱਗੇ ਲਗਾਏ ਧਰਨੇ 'ਚ ਸੰਬੋਧਨ ਕਰਦਿਆਂ ਫੂਡ ਗਰੇਨ ਐਂਡ ਅਲਾਇੰਡ ਵਰਕਰ ਯੂਨੀਅਨ ਪੰਜਾਬ ਦੇ ਜੁਆਇੰਟ ਸਕੱਤਰ ਬਲਵੀਰ ਲਹਿਰਾ ਤੇ ਮਖੂ ਦੇ ਪ੍ਰਧਾਨ ਅਨਵਰ ਮਸੀਹ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਫੂਡ ਏਜੰਸੀਆਂ 'ਚ ਪੰਜਾਬ ਦੇ ਹਜ਼ਾਰਾਂ ਮਜ਼ਦੂਰ ਪਿਛਲੇ ਲੰਮੇਂ ਸਮੇਂ ਤੋਂ ਲੋਡਿੰਗ ਅਨਲੋਡਿੰਗ ਦਾ ਕੰਮ ਕਰਦੇ ਆ ਰਹੇ ਹਨ। ਪਰ ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਮਜ਼ਦੂਰਾਂ ਨੂੰ ਠੇਕੇਦਾਰੀ ਪ੍ਰਥਾ ਵਿੱਚ ਰੱਖਿਆ ਹੋਇਆ ਹੈ।ਸਰਕਾਰ ਵੱਲੋਂ ਮਿਲਣ ਵਾਲੇ ਮਜ਼ਦੂਰੀ ਦੇ ਪੈਸਿਆਂ 'ਚੋਂ ਬਹੁਤਾ ਹਿੱਸਾ ਠੇਕੇਦਾਰ ਹੀ ਡਕਾਰ ਜਾਂਦੇ ਹਨ ਤੇ ਮਜ਼ਦੂਰਾਂ ਦਾ ਬਣਦਾ ਪ੍ਰੌਵੀਡੈਂਟ ਫੰਡ ਵੀ ਸਹੀ ਤਰ੍ਹਾਂ ਜਮ੍ਹਾਂ ਨਹੀਂ ਕਰਾਉਂਦੇ, ਜਿਸ ਕਾਰਨ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਤੋਂ ਵੀ ਮਜ਼ਦੂਰ ਵਾਂਝੇ ਰਹਿ ਜਾਂਦੇ ਹਨ।ਬਲਵੀਰ ਲਹਿਰਾ ਨੇ ਕਿਹਾ ਕਿ ਪਿਛਲੀ ਦਿਨੀਂ ਫੂਡਗ੍ਰੇਨ ਐਂਡ ਅਲਾਇਡ ਵਰਕਰ ਯੂਨੀਅਨ ਪੰਜਾਬ ਦੀ ਇਕ ਜ਼ਰੂਰੀ ਮੀਟਿੰਗ ਮਾਲੇਰਕੋਟਲਾ ਵਿਖੇ ਹੋਈ, ਜਿਸ ਵਿੱਚ 21 ਅਪ੍ਰੈਲ ਤੋਂ ਪੰਜਾਬ ਦੀਆਂ ਫੂਡ ਏਜੰਸੀਆਂ ਜਿਨ੍ਹਾਂ ਵਿੱਚ ਮਾਰਕਫੈੱਡ, ਪਨਸਪ, ਪਨਗ੍ਰੇਨ, ਪੰਜਾਬ ਸਟੇਟ ਵੇਅਰ ਹਾਊਸ ਵਿੱਚ ਲੋਡਿੰਗ ਦਾ ਸਾਰਾ ਕੰਮ ਬੰਦ ਕਰਨ ਦਾ ਫੈਸਲਾ ਕੀਤਾ ਗਿਆ।ਯੂਨੀਅਨ ਦੇ ਬੁਲਾਰਿਆਂ ਨੇ ਦੱਸਿਆ ਕਿ ਸਰਕਾਰ ਵੱਲੋਂ ਕਈ ਵਾਰ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗਾਂ ਕਰਕੇ ਪੰਜਾਬ ਦੀਆਂ ਫੂਡ ਏਜੰਸੀਆਂ 'ਚੋਂ ਠੇਕੇਦਾਰੀ ਖ਼ਤਮ ਕਰਨ ਦਾ ਭਰੋਸਾ ਦਿੱਤਾ ਜਾਂਦਾ ਰਿਹਾ, ਪਰ ਠੇਕੇਦਾਰੀ ਖਤਮ ਕਰਨ ਲਈ ਟਾਲ ਮਟੋਲ ਦੀ ਨੀਤੀ ਅਪਣਾਈ ਹੋਈ ਹੈ, ਜਿਸ ਕਾਰਨ ਮਜ਼ਦੂਰਾਂ ਨੂੰ ਮਜਬੂਰੀ ਵੱਸ ਹੜਤਾਲ ਕਰਨੀ ਪੈ ਰਹੀ ਹੈ।ਪੰਜਾਬ ਦੀਆਂ ਸਮੂਹ ਮਜ਼ਦੂਰ ਜਥੇਬੰਦੀਆਂ ਨੇ ਫੈਸਲਾ ਕੀਤਾ ਹੈ ਕਿ ਜਦ ਤੱਕ ਠੇਕੇਦਾਰੀ ਖ਼ਤਮ ਨਹੀਂ ਹੁੰਦੀ, ਪੰਜਾਬ ਦੀਆਂ ਫੂਡ ਏਜੰਸੀਆਂ 'ਚ ਕੋਈ ਕੰਮ ਨਹੀਂ ਕੀਤਾ ਜਾਵੇਗਾ।ਇਸ ਮੌਕੇ ਟੋਲੀ ਲੀਡਰ ਲੱਭਾ ਮਸੀਹ, ਜਗਤਾਰ ਮਸੀਹ, ਜੋਗਿੰਦਰ ਮਸੀਹ, ਜਸਪਾਲ ਤਲਵੰਡੀ, ਪੂਰਨ ਤਲਵੰਡੀ, ਪਤਰਸ ਮਸੀਹ, ਪਿਆਰਾ ਮਸੀਹ, ਕਰਨ, ਜੈਮਸ ਮਸੀਹ, ਸੁੱਖਾ ਬਹਿਕਾ, ਕਾਰਜ ਬਹਿਕਾ, ਜੁਗਰਾਜ ਸਿੰਘ, ਜਿੰਦਰ ਮਸੀਹ, ਬਲਵੀਰ ਖੰਨਾ, ਪ੍ਰਗਟ ਸਿੰਘ ਪਿੰਕਾ ਆਦਿ ਹਾਜ਼ਰ ਸਨ।

# ਸਿਖਿਆਰਥਣਾਂ ਨੂੰ ਵੋਟ ਬਣਾਉਣ ਤੇ ਵੋਟ ਭੁਗਤਾਉਣ ਸੰਬੰਧੀ ਕੀਤਾ ਜਾਗਰੂਕ



**ਮੂਨਕ (ਰਾਜਪਾਲ ਸਿੰਗਲਾ)**-ਨੋਡਲ ਅਫਸਰ ਸਵੀਪ ਹਲਕਾ ਲਹਿਰਾ ਦੁਆਰਾ ਸਰਕਾਰੀ ਆਈ ਟੀ ਆਈ (ਇਸਤਰੀ) ਮੂਨਕ ਵਿਖੇ ਸਵੀਪ ਐਕਟੀਵਿਟੀ ਅਧੀਨ ਸੈਮੀਨਾਰ ਕੀਤਾ ਗਿਆ, ਜਿਸ ਦੇ ਤਹਿਤ ਸਿਖਿਆਰਥਣਾਂ ਨੂੰ ਵੱਧ ਤੋਂ ਵੱਧ ਵੋਟ ਬਣਾਉਣ ਤੇ ਆਪਣੀ ਵੋਟ ਭੁਗਤਾਉਣ ਸਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਵੱਖ-ਵੱਖ ਪਿੰਡਾਂ ਦੀਆਂ ਸਿਖਿਆਰਥਣਾਂ ਨੇ ਸਵੀਪ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਆਪਣੇ-ਆਪਣੇ ਪਿੰਡਾਂ ਵਿੱਚ ਵੋਟਾਂ ਸਬੰਧੀ ਜਾਗਰੂਕਤਾ ਫੈਲਾਉਣ ਸਬੰਧੀ ਪ੍ਰਣ ਵੀ ਕੀਤਾ। ਇਸ ਤੋਂ ਇਲਾਵਾ ਅਰੁਣ ਗਰਗ ਦੁਆਰਾ ਮੌਕੇ 'ਤੇ ਕੁਇਜ਼ ਕੰਪੀਟੀਸ਼ਨ ਵੀ ਕਰਵਾਇਆ ਗਿਆ, ਜਿਸ ਵਿੱਚ ਜੇਤੂ ਸਿਖਿਆਰਥਣਾਂ ਨੂੰ ਇਨਾਮਾਂ ਦੀ ਵੀ ਵੰਡ ਕੀਤੀ ਗਈ।ਇਸ ਮੌਕੇ ਸਿਖਿਆਰਥਣਾਂ ਦੁਆਰਾ ਭਾਰਤ ਚੋਣ ਕਮਿਸ਼ਨ ਦੁਆਰਾ ਜਾਰੀ ਲੋਕ ਸਭਾ ਚੋਣ 2024 ਦੇ ਲੋਗੋ ਸਬੰਧੀ ਕਾਰਡਬੋਰਡ ਦੀ ਵਰਤੋਂ ਕਰਦੇ ਹੋਏ ਪੋਸਟਰ ਵੀ ਬਣਾਏ ਗਏ।ਇਸ ਪ੍ਰੋਗਰਾਮ ਤਹਿਤ ਕੀਤੀ ਵਰਕਸ਼ਾਪ ਬਹੁਤ ਹੀ ਸਫਲ ਰਹੀ ਤੇ ਸਿਖਿਆਰਥਣਾਂ ਵਿੱਚ ਇਸ ਦਾ ਬੜਾ ਉਤਸ਼ਾਹ ਦੇਖਿਆ ਗਿਆ।

# ਸ੍ਰੀ ਸਾਲਾਸਰ ਬਾਲਾ ਜੀ ਸੇਵਾ ਮੰਡਲ ਵੱਲੋਂ ਹਨੂੰਮਾਨ ਜੈਅੰਤੀ ਭਲਕੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ੍ਰੀ ਸਾਲਾਸਰ ਬਾਲਾ ਜੀ ਸੇਵਾ ਮੰਡਲ ਦੇ ਪ੍ਰਧਾਨ ਵਿਜੇ ਗੁਪਤਾ ਦੀ ਅਗਵਾਈ ਵਿੱਚ ਸ੍ਰੀ ਹਨੂੰਮਾਨ ਜਨਮ ਉਤਸਵ 23 ਅਪ੍ਰੈਲ ਨੂੰ ਬੜੀ ਹੀ ਧੂਮ-ਧਾਮ ਨਾਲ ਸ੍ਰੀ ਸ਼ਿਵ ਮੰਦਿਰ ਮੋਗਾ ਰੋਡ ਵਿਖੇ ਮਨਾਈ ਜਾ ਰਹੀ ਹੈ।ਇਸ ਮੌਕੇ ਪ੍ਰਭੂ ਦਾ ਗੁਣਗਾਨ ਵੀਸ਼ੂ ਗਰਗ ਅਬੋਹਰ ਵਾਲੇ ਕਰਨਗੇ ਤੇ ਸਮਾਗਮ ਰਾਤ 8 ਵਜੇ ਤੋਂ ਲੈ ਕੇ 10 ਵਜੇ ਤੱਕ ਕੀਤਾ ਜਾਵੇਗਾ, ਜਿਸ ਦੇ ਸਬੰਧ ਵਿੱਚ ਕਾਰਡ ਜਾਰੀ ਕੀਤਾ ਗਿਆ, ਜੋ ਕਿ ਹਰ ਦੁਕਾਨਦਾਰ ਨੂੰ ਦਿੱਤਾ ਜਾਵੇਗਾ।ਕਾਰਡ ਜਾਰੀ ਕਰਨ ਉਪਰੰਤ ਆਸ਼ੂ ਭੰਡਾਰੀ, ਯੋਗੇਸ਼ ਜਿੰਦਲ, ਰਾਜ ਕਟਾਰੀਆ, ਐਡਵੋਕੇਟ ਅਮਿਤ ਗੋਇਲ, ਗੌਰਵ ਖੁਰਾਣਾ ਮਾਤੂ ਸ੍ਰੀ ਵਾਲੇ, ਰਮਨ ਗਰਗ, ਸ਼ੈਫੀ, ਦਲੀਪ, ਟੋਨੀ ਗੋਇਲ, ਮੁਕੇਸ਼, ਕਮਲ ਵੱਲੋਂ ਕਾਰਡ ਜਾਰੀ ਕੀਤਾ ਗਿਆ। ਇਸ ਮੌਕੇ ਚਾਹ, ਪਾਣੀ, ਭੋਜਨ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ।ਇਸ ਮੌਕੇ ਵਿਜੇ ਗੁਪਤਾ ਨੇ ਕਿਹਾ ਕਿ ਸ੍ਰੀ ਸ਼ਿਵ ਮੰਦਿਰ ਧਰਮਸ਼ਾਲਾ ਨੂੰ ਪੂਰੀ ਤਰ੍ਹਾਂ ਨਾਲ ਰੰਗ ਬਰੰਗੀਆਂ ਲਾਈਟਾਂ ਨਾਲ ਖੂਬ ਸਜਾਵਟ ਕੀਤੀ ਜਾਵੇਗੀ।ਸਮਾਗਮ ਦੇ ਸਬੰਧ ਵਿੱਚ ਤਿਆਰੀਆਂ ਪੂਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ।

# ਵਕੀਲ ਦੀ ਕੁੱਟਮਾਰ ਕਰਨ ਦੇ ਦੋਸ਼ 'ਚ ਚਾਰ ਖਿਲਾਫ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਖੰਨਾ ਦੇ ਇੱਕ ਵਕੀਲ ਦੀ ਕੁੱਟਮਾਰ ਕਰਨ ਤੇ ਉਸ ਦੀ ਕਾਰ ਦੇ ਸ਼ੀਸ਼ੇ ਤੋੜਨ ਦੇ ਦੋਸ਼ ਹੇਠ ਪੁਲਸ ਵੱਲੋਂ ਵਕੀਲ ਦੀ ਵੱਖ ਰਹਿ ਰਹੀ ਪਤਨੀ ਤੇ ਉਸ ਦੇ ਤਿੰਨ ਰਿਸ਼ਤੇਦਾਰਾਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਰਮਜੀਤ ਸਿੰਘ ਬੱਲ ਵਾਸੀ ਖੰਨਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਖੰਨਾ ਵਿਖੇ ਵਕਾਲਤ ਕਰਦਾ ਹੈ ਤੇ ਆਪਸੀ ਅਣਬਣ ਹੋਣ ਕਾਰਨ ਉਸ ਦੀ ਪਤਨੀ ਮਨਦੀਪ ਕੌਰ ਉਰਫ ਪ੍ਰੀਤੀ ਸਰਹਿੰਦ ਵਿਖੇ ਆਪਣੇ ਪੇਕੇ ਘਰ ਰਹਿੰਦੀ ਹੈ, ਜਿਸ ਨੇ ਅਦਾਲਤ 'ਚ ਉਸ ਵਿਰੁੱਧ ਕੇਸ ਵੀ ਦਾਇਰ ਕੀਤਾ ਹੋਇਆ ਹੈ, ਜੋ ਕਿ ਵਿਚਾਰ ਅਧੀਨ ਹੈ। ਪਰਮਜੀਤ ਸਿੰਘ ਬੱਲ ਨੇ ਦੱਸਿਆ ਕਿ ਬੀਤੇ ਦਿਨੀਂ ਉਹ ਹਾਈਕੋਰਟ ਚੰਡੀਗੜ੍ਹ ਵਿਖੇ ਕਿਸੇ ਕੇਸ ਦੀ ਪੈਰਵਾਈ ਕਰਕੇ ਆਪਣੀ ਸਵਿਫਟ ਕਾਰ 'ਚ ਚੰਡੀਗੜ੍ਹ ਤੋਂ ਖੰਨਾ ਨੂੰ ਆ ਰਿਹਾ ਸੀ ਤੇ ਉਹ ਜਦੋਂ ਸਰਹਿੰਦ ਦੇ ਮਹਿਫਿਲ ਰੈਸਟੋਰੈਂਟ ਨਜ਼ਦੀਕ ਪਹੁੰਚਿਆ ਤਾਂ ਐਕਟਿਵਾ ਸਕੂਟਰ 'ਤੇ ਆਈ ਉਸ ਦੀ ਪਤਨੀ ਮਨਦੀਪ ਕੌਰ ਤੇ ਉਸ ਦੀ ਮਾਸੀ ਦੀ ਲੜਕੀ ਜਗਦੀਪ ਕੌਰ ਨੇ ਉਸ ਨੂੰ ਘੇਰ ਲਿਆ, ਜੋ ਕਿ ਇੱਟਾਂ ਰੋੜੇ ਮਾਰ ਕੇ ਉਸ ਦੀ ਕਾਰ ਦੇ ਸ਼ੀਸ਼ੇ ਤੋੜਨ ਲੱਗ ਪਈਆਂ, ਜਿਸ 'ਤੇ ਜਦੋਂ ਉਸ ਨੇ ਉੱਥੋਂ ਜਾਣ ਦੀ ਕੋਸ਼ਿਸ਼ ਕੀਤੀ ਤਾਂ ਮਨਦੀਪ ਕੌਰ ਕਾਰ ਦੇ ਅੱਗੇ ਖੜ ਗਈ ਤੇ ਜਗਦੀਪ ਕੌਰ ਕਾਰ ਦੇ ਪਿੱਛੇ ਖੜ ਗਈ, ਜਿਨ੍ਹਾਂ ਨੇ ਫੋਨ ਕਰਕੇ ਆਪਣੇ ਰਿਸ਼ਤੇਦਾਰ ਮਲਕੀਤ ਸਿੰਘ ਫੌਜੀ ਤੇ ਆਪਣੀ ਮਾਤਾ ਪਰਮਜੀਤ ਕੌਰ ਨੂੰ ਮੌਕੇ 'ਤੇ ਸੱਦ ਲਿਆ ਤੇ ਉਕਤ ਸਾਰੇ ਵਿਅਕਤੀਆਂ ਨੇ ਹਮਸ਼ਵਰਾ ਹੋ ਕੇ ਉਸ ਦੀ ਕੁੱਟਮਾਰ ਕੀਤੀ। ਪਰਮਜੀਤ ਸਿੰਘ ਬੱਲ ਦੇ ਬਿਆਨਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਮਨਦੀਪ ਕੌਰ, ਪਰਮਜੀਤ ਕੌਰ ਵਾਸੀਆਨ ਸਰਹਿੰਦ, ਜਗਦੀਪ ਕੌਰ ਤੇ ਮਲਕੀਤ ਸਿੰਘ ਫੌਜੀ ਵਾਸੀਆਨ ਖੰਨਾ ਵਿਰੁੱਧ 323,341,506,427,34 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਕਣਕ ਦੀ ਖਰੀਦ ਸੰਬੰਧੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦੇਵਾਂਗੇ : ਧੀਮਾਨ

## ਕਣਕ ਦੇ ਖਰੀਦ ਪ੍ਰਬੰਧਾਂ ਨੂੰ ਲੈ ਕੇ ਡੀ ਸੀ ਵੱਲੋਂ ਮੰਡੀਆ ਦਾ ਦੌਰਾ



ਡਿਪਟੀ ਕਮਿਸ਼ਨਰ ਕਿਸਾਨਾਂ ਤੇ ਆੜ੍ਹਤੀਆਂ ਨਾਲ ਗੱਲਬਾਤ ਕਰਦੇ ਹੋਏ।

**ਜ਼ੀਰਾ (ਨਰਿੰਦਰ ਅਨੇਜਾ)**-ਜ਼ਿਲ੍ਹੇ ਅੰਦਰ ਬਾਰਸ਼ ਤੋਂ ਬਾਅਦ ਕਣਕ ਦੇ ਖਰੀਦ ਪ੍ਰਬੰਧਾਂ ਨੂੰ ਲੈ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੱਲੋਂ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਸਾਨਾਂ, ਆੜ੍ਹਤੀਆਂ ਤੇ ਲੇਬਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਣਕ ਦੀ ਖਰੀਦ, ਲਿਫਟਿੰਗ ਤੇ ਅਦਾਇਗੀ ਲਈ ਕਿਸੇ ਤਰ੍ਹਾਂ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।ਇਸ ਦੌਰਾਨ ਡਿਪਟੀ ਕਮਿਸ਼ਨਰ ਰਜੇਸ਼ ਧੀਮਾਨ ਨੇ ਮੰਡੀਆਂ ਵਿੱਚ ਪਈ ਕਣਕ ਦੀ ਨਮੀ ਦੀ ਮਾਤਰਾ ਚੈੱਕ ਕਰਦਿਆਂ ਖਰੀਦ ਏਜੰਸੀਆਂ ਨੂੰ ਲਿਫਟਿੰਗ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ।ਉਨ੍ਹਾਂ ਦੱਸਿਆ ਕਿ ਮੰਡੀ ਬੋਰਡ ਵੱਲੋਂ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਿਸਾਨਾਂ, ਲੇਬਰ, ਆੜ੍ਹਤੀਆਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਵਧੀਆ ਕੀਤੇ ਗਏ ਹਨ ਤੇ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਸਾਨਾਂ, ਆੜ੍ਹਤੀਆਂ, ਲੇਬਰ ਆਦਿ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਮੰਡੀ ਵਿੱਚ ਤੰਗੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ, ਤੁਰੰਤ ਉਸ ਦਾ ਹੱਲ ਕੀਤਾ ਜਾਵੇਗਾ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਧੀਮਾਨ ਨੇ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਦੀ ਨਾਲੋ-ਨਾਲ ਖਰੀਦ ਕੀਤੀ ਜਾ ਰਹੀ ਹੈ ਤੇ ਇਸ ਸਬੰਧੀ ਅਧਿਕਾਰੀਆਂ ਨੂੰ ਲੜੀਂਦੇ ਨਿਰਦੇਸ਼ ਦਿੱਤੇ ਗਏ ਹਨ। ਕਿਸਾਨਾਂ ਨੂੰ ਫਸਲ ਦੀ ਖਰੀਦ ਮਗਰੋਂ ਅਦਾਇਗੀ ਵੀ ਤੈਅ ਸਮੇਂ ਅਨੁਸਾਰ ਕੀਤੀ ਜਾ ਰਹੀ ਹੈ।ਇਸ ਦੌਰਾਨ ਆੜ੍ਹਤੀਆਂ ਤੇ ਕਿਸਾਨਾਂ ਵੱਲੋਂ ਵੀ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਮੰਡੀਆਂ ਵਿੱਚ ਕੀਤੇ ਗਏ ਪ੍ਰਬੰਧਾਂ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਅਫਸਰ ਸ੍ਰੀ ਰਾਜਰਿਸ਼ੀ ਮਹਿਰਾ ਨੇ ਦੱਸਿਆ ਕਿ ਕੱਲ੍ਹ ਸ਼ਾਮ ਤੱਕ ਜ਼ਿਲ੍ਹੇ ਦੇ ਖਰੀਦ ਕੇਂਦਰਾਂ ਵਿੱਚ ਕੁੱਲ 58938 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ, ਜਿਸ ਵਿੱਚੋਂ 49806 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਖਰੀਦੀ ਗਈ ਕਣਕ ਦੀ ਤਹਿ ਸਮੇਂ ਅੰਦਰ ਕਿਸਾਨਾਂ ਨੂੰ ਆਨਲਾਈਨ ਅਦਾਇਗੀ ਕੀਤੀ ਜਾ ਰਹੀ ਹੈ।ਉਨ੍ਹਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕਣਕ ਦੀ ਫਸਲ ਦੀ ਕਟਾਈ ਉਪਰੰਤ ਤੇ ਤੂੜੀ ਬਣਾਉਣ ਤੋਂ ਬਾਅਦ ਰਹਿੰਦ-ਖੂੰਹਦ/ਨਾੜ ਨੂੰ ਅੱਗ ਲਗਾਉਣ ਦੀ ਬਜਾਏ ਖੇਤਾਂ ਵਿੱਚ ਹੀ ਮਿਲਾਉਣ ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਇਆ ਜਾ ਸਕੇ।ਇਸ ਮੌਕੇ ਖੇਤੀਬਾੜੀ ਵਿਭਾਗ ਤੋਂ ਸ੍ਰੀ ਗੁਰਵੰਤ ਸਿੰਘ ਤੋਂ ਇਲਾਵਾ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ ਮੌਜੂਦ ਸਨ।

# ਠੇਕੇਦਾਰੀ ਸਿਸਟਮ ਖਤਮ ਕਰਾਉਣ ਲਈ ਪੱਲੇਦਾਰ ਮਜ਼ਦੂਰਾਂ ਵੱਲੋਂ ਹੜਤਾਲ



**ਮੂਨਕ (ਰਾਜਪਾਲ ਸਿੰਗਲਾ)**-ਇੱਥੇ ਐਫ ਸੀ ਆਈ ਤੇ ਪੰਜਾਬ ਫੂਡ ਏਜੰਸੀਜ਼ ਪੱਲੇਦਾਰ ਅਜ਼ਾਦ ਯੂਨੀਅਨ ਡੀਪੂ ਮੂਨਕ ਵੱਲੋਂ ਪੰਜਾਬ ਦੀਆਂ ਪ੍ਰਮੁੱਖ ਸੱਤ ਪੱਲੇਦਾਰ ਮਜ਼ਦੂਰ ਯੂਨੀਅਨਾਂ ਦੀ ਸਾਂਝੀ ਕਮੇਟੀ ਦੇ ਸੱਦੇ 'ਤੇ ਪੰਜਾਬ ਦੀਆਂ ਫੂਡ ਏਜੰਸੀਆਂ ਵਿੱਚੋਂ ਠੇਕੇਦਾਰੀ ਸਿਸਟਮ (ਟੈਂਡਰ ਪ੍ਰਣਾਲੀ) ਖਤਮ ਕਰਾਉਣ ਲਈ ਅਣਮਿੱਥੇ ਸਮੇਂ ਲਈ ਮੁਕੰਮਲ ਹੜਤਾਲ ਕੀਤੀ ਗਈ।

ਜਾਣਕਾਰੀ ਦਿੰਦੇ ਹੋਏ ਸੂਬਾ ਸਕੱਤਰ ਰਾਮ ਪਾਲ ਮੂਨਕ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੀਆਂ ਫੂਡ ਏਜੰਸੀਆਂ ਵਿੱਚ ਅਨਾਜ (ਕਣਕ, ਜ਼ੀਰੀ ਤੇ ਚਾਵਲ) ਦੀ ਲੋੜ, ਅਨਲੋੜ ਤੇ ਸਟੈਕਿੰਗ ਕਰਨ ਵਾਲੇ ਪੱਲੇਦਾਰ ਮਜ਼ਦੂਰਾਂ ਤੇ ਸਰਕਾਰਾਂ ਅਤੇ ਅਫ਼ਸਰਸ਼ਾਹੀ ਨੇ ਠੇਕੇਦਾਰੀ ਸਿਸਟਮ ਥੋਪਿਆ ਹੋਇਆ ਹੈ। ਫੂਡ ਮੰਤਰੀ ਤੇ ਅਫ਼ਸਰਸ਼ਾਹੀ ਵੱਲੋਂ ਚੰਡੀਗੜ੍ਹ ਅਨਾਜ ਭਵਨ ਵਿਖੇ ਅਨੇਕਾਂ ਮੀਟਿੰਗਾਂ ਪੱਲੇਦਾਰ ਆਗੂਆਂ ਨਾਲ ਕੀਤੀਆਂ, ਜਿਸ 'ਚ ਠੇਕੇਦਾਰੀ ਸਿਸਟਮ ਖਤਮ ਕਰਨ ਦਾ ਸਬਜ਼ਬਾਗ ਵਿਖਾਇਆ ਜਾਂਦਾ ਹੈ, ਪਰ ਪਰਨਾਲਾ ਓਥੇ ਦੀ ਓਥੇ ਹੈ।

ਇਸ ਮੌਕੇ ਡੀਪੂ ਪ੍ਰਧਾਨ ਭੋਲਾ ਸਿੰਘ ਬਲ੍ਹਰਾ, ਡੀਪੂ ਸੈਕਟਰੀ ਲਖਵਿੰਦਰ ਸਿੰਘ ਲੱਖਾ ਤੇ ਕੈਸ਼ੀਅਰ ਜਰਨੈਲ ਸਿੰਘ ਕੜੈਲ ਨੇ ਕਿਹਾ ਕਿ ਜੇਕਰ ਜਲਦੀ ਠੇਕੇਦਾਰੀ ਸਿਸਟਮ ਖਤਮ ਨਾ ਹੋਇਆ ਤਾਂ ਕੰਮ ਹੜਤਾਲ ਜਾਰੀ ਰਹੇਗੀ।

# ਡੀ ਏ ਵੀ ਸੈਂਟਨਰੀ ਪਬਲਿਕ ਸਕੂਲ 'ਚ ਮਹਾਤਮਾ ਹੰਸਰਾਜ ਜੈਅੰਤੀ ਮਨਾਈ



**ਜਗਰਾਉਂ (ਨਛੱਤਰ ਸੰਧੂ)**-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਉਂ ਵਿਖੇ ਮਹਾਤਮਾ ਹੰਸਰਾਜ ਜੀ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਵਿੱਚ ਵੈਦਿਕ ਮੰਤਰਾਂ ਦੇ ਜਾਪ ਦੇ ਨਾਲ-ਨਾਲ ਹਵਨ ਯੱਗ ਕੀਤਾ ਗਿਆ, ਜਿਸ ਵਿੱਚ 4ਵੀਂ, 5ਵੀਂ ਤੇ 11ਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ।ਨੈਤਿਕ ਸਿੱਖਿਆ ਦੀਆਂ ਕਲਾਸਾਂ ਵਿੱਚ ਬੱਚਿਆਂ ਨੂੰ ਮਹਾਤਮਾ ਹੰਸਰਾਜ ਜੀ ਦੇ ਜੀਵਨ ਬਾਰੇ ਜਾਣੂ ਕਰਵਾਇਆ ਗਿਆ। ਬੱਚਿਆਂ ਨੇ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਕਵਿਤਾਵਾਂ ਗਾਇਨ, ਭਾਸ਼ਣ, ਜੀਵਨੀਆਂ ਪੜ੍ਹਨ ਵਰਗੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ।ਪ੍ਰਿੰਸੀਪਲ ਵੇਦ ਵ੍ਰਤ ਜੀ ਨੇ ਮਹਾਤਮਾ ਹੰਸਰਾਜ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਮਹਾਤਮਾ ਜੀ ਦੇ ਬਲੀਦਾਨ ਜੀਵਨ 'ਤੇ ਚਾਨਣਾ ਪਾਇਆ।ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਕੁਰਬਾਨੀ ਤੇ ਸੇਵਾ ਦੀ ਭਾਵਨਾ ਪੈਦਾ ਕਰਨ ਲਈ ਵੀ ਪ੍ਰੇਰਿਤ ਕੀਤਾ।

# ਵੋਟਰ ਜਾਗਰੂਕਤਾ ਅਭਿਆਨ ਤਹਿਤ ਸਾਈਕਲ ਰੈਲੀ ਕੱਢੀ



**ਫ਼ਰੀਦਕੋਟ (ਡਿਸੂਜ਼ਾ, ਬੇਦੀ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵੋਟਰਾਂ ਨੂੰ ਵੋਟ ਦੇ ਹੱਕ ਦੀ ਵਰਤੋਂ ਸਬੰਧੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੱਖੜਵਾਲਾ ਵਿਖੇ ਸਵੀਪ ਤਹਿਤ ਸਾਈਕਲ ਰੈਲੀ ਕੱਢੀ ਗਈ।ਸਕੂਲ ਦੇ ਮੁਖੀ ਜਸਵਿੰਦਰਪਾਲ ਸਿੰਘ ਮਿੰਟੂ ਨੇ ਸਾਈਕਲ ਰੈਲੀ ਨੂੰ ਹਰੀ ਝੰਡੀ ਦਿੱਤੀ।ਇਸ ਰੈਲੀ ਦੌਰਾਨ ਸਕੂਲ ਦੇ ਕਰੀਅਰ ਮਾਸਟਰ ਹਰਦੀਪ ਸਿੰਘ ਨੇ ਰਾਹ ਵਿੱਚ ਪੈਂਦੀਆਂ ਵੱਖ-ਵੱਖ ਥਾਵਾਂ 'ਤੇ ਰੁਕ ਕੇ ਦੱਸਿਆ ਕਿ ਲੋਕ ਸਭਾ ਦੀਆਂ ਚੋਣਾਂ ਨੂੰ ਮੁੱਖ ਰੱਖਦੇ ਹੋਏ ਲੋਕਾਂ ਨੂੰ ਵੱਧ ਤੋਂ ਵੱਧ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਵਾਸਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਇਹ ਰੈਲੀ ਕੱਢੀ ਗਈ ਹੈ।ਇਸ ਸਾਈਕਲ ਰੈਲੀ ਦੌਰਾਨ ਸੀ-ਵਿਜ਼ਿਲ ਐਪ, 85 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਵੀ ਘਰ ਬੈਠੇ ਵੋਟ ਪਾਉਣ ਦੀ ਸਹੂਲਤ ਸਬੰਧੀ ਜਾਣਕਾਰੀ ਦਿੱਤੀ।ਵਿਦਿਆਰਥੀਆਂ ਦੇ ਹੱਥਾਂ ਵਿਚ ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਲਈ ਜਾਗਰੂਕਤਾ ਪੈਦਾ ਕਰਨ ਵਾਲੇ ਹੱਥੀਂ ਤਿਆਰ ਕੀਤੇ ਪੋਸਟਰ ਫੜੇ ਹੋਏ ਸਨ, ਜਿਸ 'ਚ ਮੇਰੀ ਵੋਟ-ਮੇਰੀ ਪਹਿਚਾਣ, ਆਓ ਰਲ ਮਿਲ ਵੋਟਾਂ ਪਾਈਏ-ਲੋਕਤੰਤਰ ਮਜ਼ਬੂਤ ਬਣਾਈਏ, ਵੋਟ ਪ੍ਰਤੀਸ਼ਤ ਵਧਾਈਏ-ਆਓ ਰਲ ਮਿਲ ਵੋਟਾਂ ਪਾਈਏ, ਨਸ਼ੇ ਨਾਲ ਨਾ ਨੋਟਾਂ ਨਾਲ-ਸਰਕਾਰ ਬਣਾਓ ਵੋਟਾਂ ਨਾਲ, ਸਲੋਗਨ ਲਿਖੇ ਹੋਏ ਸਨ।ਵਿਦਿਆਰਥੀਆਂ ਨੇ ਜਾਗਰੂਕਤਾ ਨਾਅਰੇ ਲਗਾ ਕੇ ਵੋਟਰ ਜਾਗਰੂਕਤਾ ਸੰਦੇਸ਼ ਘਰ-ਘਰ ਪਹੁੰਚਾਇਆ।ਇਹ ਰੈਲੀ ਪਿੰਡ ਦੀਆਂ ਵੱਖ-ਵੱਖ ਗਲੀਆਂ 'ਚੋਂ ਹੁੰਦੀ ਹੋਈ ਵਾਪਸ ਸਕੂਲ ਪਹੁੰਚੀ।ਇਸ ਰੈਲੀ ਨੂੰ ਕਾਮਯਾਬ ਕਰਨ ਲਈ ਸੌਰਭ, ਦਰਸ਼ਨ ਵਰਮਾ, ਦੀਵਾਨ ਚੰਦ, ਕੈਂਪਸ ਮੈਨੇਜਰ ਤਰਸੇਮ ਸਿੰਘ ਤੇ ਗੁਰਮੀਤ ਸਿੰਘ ਨੇ ਸਹਿਯੋਗ ਦਿੱਤਾ।

# ਐੱਮ ਸੀ ਪੀ ਆਈ (ਯੂ) ਤੇ ਏ ਆਈ ਕੇ ਐੱਫ ਵੱਲੋਂ ਡਾ. ਬਲਬੀਰ ਸਿੰਘ ਤੇ ਅਸ਼ੋਕ ਪਰਾਸ਼ਰ ਦੇ ਸਮਰਥਨ ਦਾ ਫੈਸਲਾ



**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ (ਯੂਨਾਈਟਡ), ਐੱਮ ਸੀ ਪੀ ਆਈ (ਯੂ) ਤੇ ਏ ਆਈ ਕੇ ਐੱਫ ਦੇ ਨੁਮਾਇੰਦਿਆਂ ਦੀ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ ਇੱਕ ਸਾਂਝੀ ਮੀਟਿੰਗ ਵਿੱਚ ਲੋਕ ਸਭਾ ਚੋਣਾਂ ਲਈ ਬੀ ਜੇ ਪੀ ਤੇ ਕਾਂਗਰਸ ਨੂੰ ਹਰਾਉਣ ਲਈ ਪਟਿਆਲਾ ਤੋਂ ਡਾਕਟਰ ਬਲਬੀਰ ਸਿੰਘ ਤੇ ਲੁਧਿਆਣਾ ਤੋਂ ਅਸ਼ੋਕ ਕੁਮਾਰ ਪ੍ਰਾਸ਼ਰ (ਪੱਪੀ) ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ ਹੈ। ਮੀਟਿੰਗ ਦੇ ਸ਼ੁਰੂ ਵਿੱਚ ਕਿਸਾਨ ਅੰਦੋਲਨ ਤੇ ਹੋਰ ਸੰਘਰਸ਼ਾਂ ਦੌਰਾਨ ਚਲਾਣਾ ਕਰ ਗਏ ਸਾਥੀਆਂ ਨੂੰ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਮੀਟਿੰਗ ਨੂੰ ਐੱਮ ਸੀ ਪੀ ਆਈ (ਯੂ) ਦੇ ਜਨਰਲ ਸਕੱਤਰ ਕਾ: ਕੁਲਦੀਪ ਸਿੰਘ ਤੇ ਕੁੱਲ ਹਿੰਦ ਕਿਸਾਨ ਫੈਡਰੇਸ਼ਨ (ਏ ਆਈ ਕੇ ਐੱਫ) ਦੇ ਪ੍ਰਧਾਨ ਕਾ: ਪ੍ਰੇਮ ਸਿੰਘ ਭੰਗੂ ਨੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਸਥਿਤੀ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੰਦਿਆਂ ਕਿਹਾ ਕਿ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਹਾਲਾਤ ਰਾਜਨੀਤਕ ਤੇ ਆਰਥਕ ਤੌਰ 'ਤੇ ਗੰਭੀਰ ਹੁੰਦੀ ਜਾ ਰਹੀ ਹੈ। ਵਿਸ਼ਵ ਭਰ ਵਿੱਚ ਪੂੰਜੀਵਾਦ ਦੇ ਵਿਕਾਸ ਦੇ ਮਾਡਲ ਅਧੀਨ ਗਰੀਬ ਮੁਲਕਾਂ ਦੀ ਆਰਥਕ ਦਸ਼ਾ ਲਗਾਤਾਰ ਵਿਗੜਦੀ ਜਾ ਰਹੀ ਹੈ। ਵਿਸ਼ਵ ਅੰਦਰ ਮਹਿੰਗਾਈ, ਬੇਰੁਜ਼ਗਾਰੀ ਤੇ ਗਰੀਬੀ ਵਧਦੀ ਜਾ ਰਹੀ। ਭਾਰਤ ਦੀ ਹਾਲਤ ਇਸ ਤੋਂ ਕੋਈ ਭਿੰਨ ਨਹੀਂ।

ਉਨ੍ਹਾਂ ਕਿਹਾ ਕਿ ਭਾਰਤ ਅੰਦਰ ਭਾਜਪਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਉੱਠ ਰਹੇ ਸੰਘਰਸ਼ਾਂ ਨੂੰ ਦਬਾਉਣ ਲਈ ਈ ਡੀ ਤੇ ਸੀ ਬੀ ਆਈ ਦੀ ਦੁਰਵਰਤੋਂ ਨਾਲ ਦੇਸ਼ ਦੀ ਫੈਡਰਲ ਢਾਂਚੇ ਤੇ ਜਮਹੂਰੀਅਤ ਨੂੰ ਗੰਭੀਰ ਖਤਰਾ ਪੈਦਾ ਹੋ ਰਿਹਾ ਹੈ। ਦੇਸ਼ ਅੰਦਰ ਫਿਰਕਾਪ੍ਰਸਤੀ ਫੈਲ ਰਹੀ ਹੈ ਤੇ ਧਰਮ ਨਿਰਪੱਖਤਾ ਖਤਮ ਹੋ ਰਹੀ ਹੈ। ਵਿਕਾਸ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਕੋਰਾ ਝੂਠ ਬੋਲ ਰਹੇ ਹਨ। ਜੇਕਰ ਭਾਜਪਾ ਦੀ ਸਰਕਾਰ ਮੁੜ ਸੱਤਾ 'ਤੇ ਬੈਠਦੀ ਹੈ ਤਾਂ ਦੇਸ਼ ਤੇ ਲੋਕਾਂ ਲਈ ਬਹੁਤ ਗੰਭੀਰ ਖਤਰੇ ਪੈਦਾ ਹੋ ਜਾਣਗੇ। ਇਸ ਲਈ ਭਾਜਪਾ ਦਾ ਸੱਤਾ ਤੋਂ ਲਹਿਣਾ ਅੱਤ ਜ਼ਰੂਰੀ ਹੈ। ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਵਿੱਢੇ ਸੰਘਰਸ਼ ਦਾ ਸਮਰਥਨ ਕਰਦੇ ਹੋਏ ਏ ਆਈ ਕੇ ਐੱਫ ਲੁਧਿਆਣਾ ਵਿਖੇ 30 ਅਪ੍ਰੈਲ ਨੂੰ ਹੋ ਰਹੀ ਮੀਟਿੰਗ ਵਿੱਚ ਸ਼ਮੂਲੀਅਤ ਕਰੇਗੀ ਤੇ 21 ਮਈ ਨੂੰ ਜਗਰਾਉਂ ਰੈਲੀ 'ਚ ਵੱਧ ਚੜ੍ਹ ਕੇ ਸ਼ਾਮਲ ਹੋਵੇਗੀ। ਮੀਟਿੰਗ ਵਿੱਚ ਇਕਬਾਲ ਸਿੰਘ ਮੰਡੋਲੀ, ਪਵਨ ਸੋਗਲ ਪੁਰ, ਪੱਪੂ ਸਿੰਘ ਪ੍ਰੇਮ ਸਿੰਘ ਸ਼ਹਿਜ਼ਾਦ ਤੇ ਅਮਰਜੀਤ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

# 125 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

**ਮਲੋਟ (ਗੁਰਮੀਤ ਸਿੰਘ ਮੱਕੜ)**

ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਅੰਦਰ ਨਸ਼ਿਆਂ ਖਿਲਾਫ ਮੁਹਿਮ ਵਿੱਢੀ ਗਈ ਹੈ, ਜਿਸ ਤਹਿਤ ਸ੍ਰ. ਫਤਿਹ ਸਿੰਘ ਬਰਾੜ ਡੀ.ਐੱਸ.ਪੀ. (ਲੰਬੀ) ਦੀ ਨਿਗਰਾਨੀ ਹੇਠ ਐੱਸ. ਆਈ. ਰਣਜੀਤ ਸਿੰਘ ਮੁੱਖ ਅਫਸਰ ਥਾਣਾ ਕਬਰਵਾਲਾ ਪੁਲਸ ਵੱਲੋਂ ਇੱਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਕੋਲੋਂ 125 ਗ੍ਰਾਮ ਹੈਰੋਇਨ ਨੂੰ ਬ੍ਰਾਮਦ ਕੀਤਾ ਗਿਆ ਹੈ।

ਥਾਣਾ ਕਬਰਵਾਲਾ ਪੁਲਸ ਵੱਲੋਂ ਬ੍ਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਪਿੰਡ ਪੱਕੀ ਟਿੱਬੀ ਬੱਸ ਸਟੈਂਡ ਕੋਲ ਨਾਕਾਬੰਦੀ ਕੀਤੀ ਹੋਈ ਸੀ ਤਾਂ ਇੱਕ ਵਿਅਕਤੀ ਪਿੰਡ ਪੱਕੀ ਟਿੱਬੀ ਦੀ ਤਰਫੋਂ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਸ਼ੱਕ ਦੀ ਬਿਨਾਂ 'ਤੇ ਰੋਕ ਕੇ ਵਿਅਕਤੀ ਦਾ ਨਾਮ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਅਜੇਬੀਰ ਸਿੰਘ ਉਰਫ ਅਜੇ ਕੁਮਾਰ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਮੌਜਪੁਰ ਜ਼ਿਲ੍ਹਾ ਤਰਨਤਾਰਨ ਦੱਸਿਆ। ਸ਼ੱਕ ਦੇ ਅਧਾਰ 'ਤੇ ਤਲਾਸ਼ੀ ਲੈਣ 'ਤੇ ਉਸ ਪਾਸੋਂ 125 ਗ੍ਰਾਮ ਹੈਰੋਇਨ ਬ੍ਰਾਮਦ ਹੋਈ, ਜਿਸ 'ਤੇ ਉਕਤ ਦੋਸ਼ੀ ਖਿਲਾਫ ਥਾਣਾ ਕਬਰਵਾਲਾ ਪੁਲਸ ਨੇ ਮੁਕੱਦਮਾ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਮਾਜ ਨੂੰ ਨਸ਼ਾ ਰਹਿਤ ਕਰਨ ਲਈ ਮਾਪੇ ਅੱਗੇ ਆਉਣ : ਡੀ ਆਈ ਜੀ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਲਾਇਫ ਗਾਰਡ ਨਰਸਿੰਗ ਕਾਲਜ ਦੇ ਸਾਲਾਨਾ ਸਮਾਰੋਹ ਨੂੰ ਸੰਬੋਧਨ ਕਰਦਿਆਂ ਪਟਿਆਲਾ ਰੇਂਜ ਦੇ ਡੀ.ਆਈ.ਜੀ. ਸ੍ਰ. ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਅੱਜ ਸਮਾਜ ਵਿੱਚ ਕਈ ਤਰ੍ਹਾਂ ਦੇ ਜੁਰਮ ਵਧ ਰਹੇ ਹਨ।ਨੌਜਵਾਨਾਂ ਵਿੱਚ ਨਸ਼ਿਆਂ ਦਾ ਪ੍ਰਚਲਨ ਚਿੰਤਾ ਦਾ ਵਿਸ਼ਾ ਬਣ ਚੁੱਕਿਆ ਹੈ।

ਉਨ੍ਹਾ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਉੱਤੇ ਨਜ਼ਰ ਰੱਖਣ ਕਿ ਉਨ੍ਹਾਂ ਦੀ ਸੁਸਾਇਟੀ ਕਿਸ ਤਰ੍ਹਾਂ ਦੀ ਹੈ, ਉਹ ਸਿੱਖਿਆ ਹਾਸਲ ਕਰਨ ਲਈ ਸੱਚਮੁੱਚ ਸਕੂਲ ਜਾਂ ਕਾਲਜ ਜਾਂਦੇ ਹਨ।ਉਨ੍ਹਾ ਕਿਹਾ ਕਿ ਨਸ਼ਿਆਂ ਕਾਰਨ ਨਾ ਕੇਵਲ ਪੰਜਾਬ ਦੀ ਜਵਾਨੀ ਤਬਾਹ ਹੋ ਰਹੀ ਹੈ, ਸਗੋਂ ਪੰਜਾਬ ਦੀ ਆਰਥਿਕਤਾ ਦਾ ਨੁਕਸਾਨ ਹੋ ਰਿਹਾ ਹੈ, ਘਰ ਤਬਾਹ ਹੋ ਰਹੇ ਹਨ, ਰਿਸ਼ਤੇ ਵਿਗੜ ਰਹੇ ਹਨ ਇਸ ਲਈ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਮਾਪਿਆਂ ਨੂੰ ਵੀ ਅੱਗੇ ਆਉਣਾ ਪਵੇਗਾ। ਇਸ ਤੋਂ ਪਹਿਲਾਂ ਕਾਲਜ ਪਹੁੰਚਣ ਉੱਤੇ ਕਾਲਜ ਦੇ ਐਮ.ਡੀ. ਡਾ. ਸੁਖਵਿੰਦਰ ਸਿੰਘ ਨੇ ਸ੍ਰ. ਭੁੱਲਰ ਦਾ ਧੰਨਵਾਦ ਕੀਤਾ।ਸ਼ਹਿਰ ਦੀ ਨਾਮਵਰ ਸ਼ਖ਼ਸੀਅਤ ਤੇ ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਵੱਲੋਂ ਕੀਤੇ ਗਏ ਬਾਖੂਬੀ ਮੰਚ ਸੰਚਾਲਨ ਦੌਰਾਨ ਸ੍ਰ. ਭੁੱਲਰ ਨੂੰ ਸੰਗਰੂਰ ਦੇ ਨੌਜਵਾਨ ਸਾਹਿਤਕਾਰ ਜੀਤ ਹਰਜੀਤ ਨੂੰ ਉਨ੍ਹਾਂ ਦੇ ਜਨਮ ਦਿਨ ਲਈ ਸਨਮਾਨਤ ਕੀਤਾ।ਇਸ ਮੌਕੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਕੌਮੀ ਪ੍ਰਧਾਨ ਪ੍ਰਿੰਸੀਪਲ ਬਲਵੀਰ ਕੌਰ ਰਾਏਕੋਟੀ, ਰਾਜਦੀਪ ਕੌਰ ਬਰਾੜ ਪ੍ਰਧਾਨ ਧੀ ਪੰਜਾਬਣ ਮੰਚ, ਰਮਨੀਤ ਕੌਰ ਚਾਨੀ, ਹਰਜਿੰਦਰ ਕੌਰ ਢੀਂਡਸਾ, ਅਮਿਤਾ ਸ਼ਰਮਾ, ਹਰਸੁੱਖਚੈਨ ਸਿੰਘ ਐਡਵੋਕੇਟ, ਸਰਬਜੀਤ ਸਿੰਘ ਰੇਖੀ, ਸੁਖਮਿੰਦਰ ਸਿੰਘ ਭੱਠਲ ਪ੍ਰਧਾਨ ਲਾਇਨਜ਼ ਕਲੱਬ ਗਰੇਟਰਜ਼ ਸੰਗਰੂਰ ਸਮਾਜ ਸੇਵੀ ਰਾਜ ਕੁਮਾਰ ਅਰੋੜਾ ਤੇ ਹੋਰਨਾਂ ਸ਼ਖ਼ਸੀਅਤਾਂ ਨੂੰ ਸ੍ਰ. ਭੁੱਲਰ ਨੇ ਸਨਮਾਨਤ ਕੀਤਾ।ਸ੍ਰੀ ਜਤਵਿੰਦਰ ਸਿੰਘ ਗਰੇਵਾਲ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਬਚਣ ਲਈ ਜਾਗਰੂਕਤ ਕੀਤਾ।ਸਮਾਗਮ ਦੌਰਾਨ ਜੀ.ਐੱਨ.ਐੱਮ. ਵਿੱਚੋਂ ਹਰਪ੍ਰੀਤ ਕੌਰ ਨੂੰ ਮਿਸ ਫਰੈਸ਼ਰ, ਬੀ.ਐੱਸ.ਸੀ. ਪਹਿਲਾ ਸਾਲ ਵਿੱਚੋਂ ਗੁਰਵਿੰਦਰ ਸਿੰਘ ਨੂੰ ਮਿਸਟਰ ਫ੍ਰੈਸ਼ਰ, ਜਸ਼ਨਜੋਤ ਕੌਰ ਨੂੰ ਮਿਸ ਫੇਅਰਵੈੱਲ ਚੁਣਿਆ ਗਿਆ।ਇਸ ਮੌਕੇ ਪ੍ਰਿੰਸੀਪਲ ਸਤਿੰਦਰ ਕੌਰ, ਪ੍ਰਿੰਸੀਪਲ ਮਨਿੰਦਰਪਾਲ ਸਿੰਘ, ਪ੍ਰਿੰਸੀਪਲ ਡਾ. ਭਾਵਨਾ ਬਾਂਸਲ, ਪ੍ਰਿੰਸੀਪਲ ਰਮਨੀਤ ਕੌਰ, ਕੋਆਰਡੀਨੇਟਰ ਹਰਿੰਦਰ ਸਿੰਘ, ਹਰਮਿੰਦਰ ਕੌਰ, ਅਮਨਪ੍ਰੀਤ ਕੌਰ, ਹਰਪ੍ਰੀਤ ਕੌਰ, ਹਰਪ੍ਰੀਤ ਸਿੰਘ, ਪੁਸ਼ਪਿੰਦਰ ਸਿੰਘ, ਜਤਿੰਦਰ ਸਿੰਘ, ਹਰਦੀਪ ਸਿੰਘ, ਸਤਨਾਮ ਸਿੰਘ ਤੇ ਸਾਰੇ ਸਟਾਫ ਮੈਂਬਰ ਮੌਜੂਦ ਸਨ।

# ਬਿਰਧ ਆਸ਼ਰਮ 'ਚ ਲਾਇਆ ਮੁਫਤ ਹੋਮਿਓਪੈਥੀ ਜਾਂਚ ਕੈਂਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਸਥਾਨਕ ਜਲਾਲਾਬਾਦ ਰੋਡ ਸਥਿਤ ਬਿਰਧ ਆਸ਼ਰਮ ਵਿਖੇ ਸਿੰਗਲਾ ਹੋਮਿਓਪੈਥੀ ਫਾਊਂਡੇਸ਼ਨ (ਰਜਿ.) ਦੇ ਚੇਅਰਮੈਨ ਡਾਕਟਰ ਨਵੀਨ ਸਿੰਗਲਾ ਦੀ ਅਗਵਾਈ ਹੇਠ ਮੁਫਤ ਜਾਂਚ ਕੈਂਪ ਲਾਇਆ ਗਿਆ। ਸਮਾਜ ਸੇਵੀ ਸੰਸਥਾ 'ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੋਸਾਇਟੀ (ਰਜਿ.)' ਦੇ ਸਹਿਯੋਗ ਨਾਲ ਲਾਇਆ ਲਾਏ ਇਸ ਮੁਫਤ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਸੰਕਲਪ ਸੁਸਾਇਟੀ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਪੰਮਾ ਸੰਧੂ ਨੇ ਦੱਸਿਆ ਕਿ ਇਸ ਮੌਕੇ ਡਾਕਟਰ ਨਵੀਨ ਸਿੰਗਲਾ ਨੇ ਬਿਰਧ ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗਾਂ ਦੀ ਜਾਂਚ ਕੀਤੀ। ਇਸ ਮੌਕੇ ਫਾਊਂਡੇਸ਼ਨ ਨੇ ਸਾਰੇ ਮਰੀਜ਼ਾਂ ਨੂੰ ਮੁਫਤ ਸਲਾਹ ਤੇ ਦਵਾਈਆਂ ਵੰਡੀਆਂ। ਡਾਕਟਰ ਸਿੰਗਲਾ ਨੇ ਮਰੀਜ਼ਾਂ ਨੂੰ ਸਿਹਤ ਸੰਭਾਲ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਹੋਮਿਓਪੈਥੀ ਦੀ ਨਵੀਂ ਤਕਨੀਕ ਸਾਇੰਟਿਫਿਕ ਤਕਨੀਕ ਨਾਲ ਜਾਂਚ ਕੀਤੀ ਗਈ। ਜਾਂਚ ਦੌਰਾਨ ਲੋੜ ਅਨੁਸਾਰ ਸਾਰੇ ਬਜ਼ੁਰਗਾਂ ਨੂੰ 20 ਦਿਨ ਦੀ ਦਵਾਈ ਫਾਊਂਡੇਸ਼ਨ ਵੱਲੋਂ ਮੁਫਤ ਦਿੱਤੀ ਗਈ। ਇਸ ਕੈਂਪ ਨੂੰ ਸਿਰੇ ਚੜ੍ਹਨ ਵਿੱਚ ਬਿਰਧ ਆਸ਼ਰਮ (ਰਜਿ.) ਦੀ ਪ੍ਰਬੰਧਕੀ ਕਮੇਟੀ ਦਾ ਅਹਿਮ ਯੋਗਦਾਨ ਰਿਹਾ। ਇਸ ਮੌਕੇ ਸਿੰਗਲਾ ਫਾਊਂਡੇਸ਼ਨ ਦੇ ਚੇਅਰਮੈਨ ਡਾਕਟਰ ਨਵੀਨ ਸਿੰਗਲਾ, ਸੰਕਲਪ ਸੁਸਾਇਟੀ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਪੰਮਾ ਸੰਧੂ, ਜਗਪ੍ਰੀਤ ਛਾਬੜਾ, ਗੁਰਮਿੰਦਰ ਸਿੰਘ ਆਦਿ ਹਾਜ਼ਰ ਸਨ।

# ਘੁਮਿਆਰਾ ਦੇ ਇੱਕ ਦਰਜਨ ਪਰਵਾਰਾਂ ਨੇ ਤੱਕੜੀ ਸੁੱਟ ਕੇ ਝਾੜੂ ਚੁੱਕਿਆ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਲੋਕ ਸਭਾ ਹਲਕਾ ਬਠਿੰਡਾ ਅਧੀਨ ਪੈਂਦੇ ਪਿੰਡ ਘੁਮਿਆਰਾ ਦੇ ਇੱਕ ਦਰਜਨ ਪਰਵਾਰ ਅਕਾਲੀ ਦਲ ਨੂੰ ਛੱਡ ਕੇ ਆਪ ਵਿੱਚ ਸ਼ਾਮਲ ਹੋ ਗਏ। ਬਠਿੰਡਾ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਪੰਜਾਬ ਦੇ ਖੇਤੀਬਾੜੀ ਮੰਤਰੀ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਦੇ ਪੁੱਤਰ ਅਮੀਤ ਸਿੰਘ ਖੁੱਡੀਆਂ ਨੇ ਅਕਾਲੀ ਦਲ ਨੂੰ ਅਲਵਿਦਾ ਆਖਣ ਵਾਲੇ ਪਰਵਾਰਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕੀਤਾ।ਉਨ੍ਹਾ ਭਰੋਸਾ ਦਿਵਾਇਆ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਆਗੂ ਤੇ ਵਰਕਰ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦਾ ਕਾਫਲਾ ਦਿਨੋਂ ਦਿਨ ਲੰਬਾ ਹੁੰਦਾ ਜਾ ਰਿਹਾ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਜਾ ਰਹੇ ਕੰਮਾਂ ਤੇ ਸੂਬੇ ਦੀ ਤਰੱਕੀ ਅਤੇ ਬਿਹਤਰੀ ਲਈ ਹੋਰਨਾਂ ਪਾਰਟੀਆਂ ਦੇ ਆਗੂ ਤੇ ਵਰਕਰ ਲਗਾਤਾਰ ਆਪ ਨਾਲ ਜੁੜ ਰਹੇ ਹਨ।ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਬਾਰੇ ਇਨ੍ਹਾਂ ਵਰਕਰਾਂ ਨੇ ਕਿਹਾ ਕਿ ਉਹ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਤੇ ਪਰਵਾਰ ਨੂੰ ਨੇੜਿਓਂ ਜਾਣਦੇ ਹਨ ਅਤੇ ਉਨ੍ਹਾ ਹਮੇਸ਼ਾ ਹੀ ਲੋਕਾਂ ਦੀ ਬਾਂਹ ਫੜੀ ਹੈ ਤੇ ਲੋਕਾਂ ਦੀ ਭਲਾਈ ਲਈ ਕੰਮ ਕੀਤੇ ਹਨ।ਉਨ੍ਹਾਂ ਭਰੋਸਾ ਦਿੱਤਾ ਕਿ ਬਠਿੰਡਾ ਲੋਕ ਸਭਾ ਹਲਕੇ ਤੋਂ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਉਹ ਮਿਹਨਤ ਕਰਨਗੇ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਲੋਕ ਆਪ ਨਾਲ ਜੁੜ ਰਹੇ ਹਨ।

# ਟੈਗੋਰ ਵਿਦਿਆਲਿਆ ਦੀ ਦਸਵੀਂ ਦੀ ਪ੍ਰੀਖਿਆ ਦਾ ਨਤੀਜਾ 100 ਪ੍ਰਤੀਸ਼ਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਵਿੱਦਿਅਕ ਸੰਸਥਾ ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ ਦੀ ਦਸਵੀਂ ਜਮਾਤ ਦੀ ਪ੍ਰੀਖਿਆ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 100 ਪ੍ਰਤੀਸ਼ਤ ਰਿਹਾ।ਜਾਣਕਾਰੀ ਦਿੰਦਿਆ ਸੰਸਥਾ ਪ੍ਰਿੰਸੀਪਲ ਜਸਵਿੰਦਰ ਕੌਰ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਮਨਕੀਰਤ ਕੌਰ ਪੁੱਤਰੀ ਰਘਵਿੰਦਰ ਸਿੰਘ ਨੇ 606/650 (93.2%) ਅੰਕਾਂ ਨਾਲ ਪਹਿਲਾ, ਅਨੁਰੀਤ ਕੌਰ ਪੁੱਤਰੀ ਰਾਜਵਿੰਦਰ ਸਿੰਘ ਨੇ 598/650 (92%) ਅੰਕਾਂ ਨਾਲ ਦੂਜਾ ਤੇ ਕਮਲਪ੍ਰੀਤ ਕੌਰ ਪੁੱਤਰੀ ਹਰਵਿੰਦਰ ਸਿੰਘ ਨੇ 564/650 (86.8%) ਅੰਕਾਂ ਨਾਲ ਜਮਾਤ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ ਹੈ।ਇਸ ਤੋਂ ਇਲਾਵਾ ਜਮਾਤ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ 80% ਤੋਂ ਵੱਧ ਅੰਕਾਂ ਨਾਲ ਪ੍ਰੀਖਿਆ ਪਾਸ ਕਤਿ ਹੈ।ਉਨ੍ਹਾਂ ਅਧਿਆਪਕਾਂ ਵੱਲੋਂ ਵਿਦਿਆਰਥੀਆ ਨੂੰ ਕਰਵਾਈ ਮਿਹਨਤ ਤੇ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।ਇਸ ਤੋਂ ਇਲਾਵਾ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਤੇ ਜਤਿੰਦਰ ਰਿਸ਼ੀ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਸ਼ਾਨਦਾਰ ਨਤੀਜਿਆਂ ਲਈ ਵਧਾਈ ਦਿੱਤੀ।

# ਮਾਰਕਫੈੱਡ ਦੇ ਐੱਮ ਡੀ ਵੱਲੋਂ ਖੰਨਾ ਦੀ ਅਨਾਜ ਮੰਡੀ 'ਚ ਕਣਕ ਦੇ ਖਰੀਦ ਕਾਰਜਾਂ ਦਾ ਜਾਇਜ਼ਾ

## ਸੂਬੇ 'ਚ ਕਣਕ ਦੀ ਸੁਚਾਰੂ ਤੇ ਨਿਰਵਿਘਨ ਖਰੀਦ ਲਈ ਪੁਖਤਾ ਪ੍ਰਬੰਧ : ਗਿਰੀਸ਼ ਦਿਆਲਨ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਮਾਰਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਗਿਰੀਸ਼ ਦਿਆਲਨ ਵੱਲੋਂ ਖੰਨਾ ਦੀ ਦਾਣਾ ਮੰਡੀ ਵਿਖੇ ਕਣਕ ਦੇ ਖਰੀਦ ਕਾਰਜਾਂ ਦਾ ਨਰੀਖਣ ਕੀਤਾ ਗਿਆ।ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਵਿੱਚ ਜ਼ਮੀਨੀ ਪੱਧਰ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਗਿਰੀਸ਼ ਦਿਆਲਨ ਨੇ ਦੱਸਿਆ ਕਿ ਕਣਕ ਦੀ ਲਿਫਟਿੰਗ, ਖਰੀਦ ਤੇ ਢੋਆ-ਢੁਆਈ ਲਈ ਪਹਿਲਾਂ ਹੀ ਪੁਖਤਾ ਪ੍ਰਬੰਧ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਇਸ ਕਾਰਜ ਨੂੰ ਸਾਰੇ ਭਾਈਵਾਲਾਂ ਦੇ ਸਰਗਰਮ ਸਹਿਯੋਗ ਨਾਲ ਨੇਪਰੇ ਚਾੜ੍ਹਨ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ।ਦਿਆਲਨ ਨੇ ਸਮੂਹ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਇਸ ਖਰੀਦ ਸੀਜ਼ਨ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਔਕੜ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਅਧਿਕਾਰੀਆਂ ਨੂੰ ਨਿਯਮਿਤ ਤੌਰ 'ਤੇ ਜ਼ਿਲ੍ਹਿਆਂ ਦਾ ਦੌਰਾ ਕਰਨ ਤੇ ਜ਼ਮੀਨੀ ਪੱਧਰ ਦੀ ਸਥਿਤੀ ਦਾ ਜਾਇਜ਼ਾ ਲੈਣ ਦੇ ਵੀ ਆਦੇਸ਼ ਦਿੱਤੇ।

ਉਨ੍ਹਾ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਆਮਦ ਤੇ ਖਰੀਦ ਦੀ ਰਫ਼ਤਾਰ ਤੇਜ਼ ਹੋਵੇਗੀ, ਇਸ ਲਈ ਅਧਿਕਾਰੀਆਂ ਨੂੰ ਤੁਰੰਤ ਲਿਫਟਿੰਗ ਨੂੰ ਯਕੀਨੀ ਬਣਾਉਣ ਲਈ ਤਿਆਰ ਰਹਿਣ ਦੀ ਲੋੜ ਹੈ।ਬਾਅਦ ਵਿੱਚ ਅਧਿਕਾਰੀਆਂ ਨੇ ਸਮਰਾਲਾ ਦੀ ਅਨਾਜ ਮੰਡੀ ਦਾ ਵੀ ਦੌਰਾ ਕੀਤਾ।ਇਸ ਦੌਰਾਨ ਵਿਚਾਰ-ਵਟਾਂਦਰੇ ਕਰਦਿਆਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧਾਂ ਸਦਕਾ ਅਨਾਜ ਮੰਡੀਆਂ ਵਿੱਚ ਪਈ ਫ਼ਸਲ ਨੂੰ ਖ਼ਰਾਬ ਮੌਸਮ ਤੋਂ ਬਚਾਇਆ ਜਾ ਸਕਿਆ ਹੈ।ਉਨ੍ਹਾ ਦੱਸਿਆ ਕਿ ਹੁਣ ਤੱਕ ਅਨਾਜ ਮੰਡੀਆਂ ਵਿੱਚ 42372.90 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚੋਂ 77 ਫੀਸਦੀ ਏਜੰਸੀਆਂ ਵੱਲੋਂ ਖਰੀਦੀ ਗਈ ਹੈ।ਕਿਸਾਨਾਂ ਨੂੰ 44.982 ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ।

ਉਨ੍ਹਾ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੰਡੀਆਂ ਵਿੱਚ ਸੁੱਕੀ ਕਣਕ ਹੀ ਲਿਆਂਦੀ ਜਾਵੇ ਤਾਂ ਜੋ ਉਸ ਦੀ ਤੁਰੰਤ ਖਰੀਦ ਕੀਤੀ ਜਾ ਸਕੇ।ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਮਾਰਕਫੈੱਡ ਦੇ ਐਡੀਸ਼ਨਲ ਮੈਨੇਜਿੰਗ ਡਾਇਰੈਕਟਰ ਸੰਦੀਪ ਸਿੰਘ ਗੜ੍ਹਾ ਤੇ ਚੀਫ ਮੈਨੇਜਰ ਯਸ਼ਪਾਲ ਸ਼ਰਮਾ ਵੀ ਉਨ੍ਹਾ ਨਾਲ ਮੌਜੂਦ ਸਨ।

# ਕੰਨਿਆ ਸਮਾਰਟ ਸਕੂਲ 'ਚ ਮਹਿੰਦੀ ਮੁਕਾਬਲੇ ਰਾਹੀਂ ਵੋਟ ਦੀ ਵਰਤੋਂ ਦਾ ਦਿੱਤਾ ਸੰਦੇਸ਼



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਲ ਫਰੀਦਕੋਟ ਸ੍ਰੀ ਵਿਨੀਤ ਕੁਮਾਰ ਦੀ ਸਰਪ੍ਰਸਤੀ ਹੇਠ ਸਵੀਪ ਗਤੀਵਿਧੀਆਂ ਵਿੱਚ ਤੇਜ਼ੀ ਲਿਆਉਣ ਲਈ ਡਾ. ਮਹਿੰਦਰ ਬਰਾੜ ਸਾਂਝੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫਰੀਦਕੋਟ ਵਿਖੇ ਵੋਟ ਦੇ ਅਧਿਕਾਰ ਦੀ ਵਰਤੋਂ ਦਾ ਸੰਦੇਸ਼ ਦਿੰਦੇ ਹੋਏ ਸਕੂਲੀ ਵਿਦਿਆਰਥਣਾਂ ਦੇ ਮਹਿੰਦੀ ਲਗਾਉਣ ਦੇ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਸਹਾਇਕ ਜ਼ਿਲ੍ਹਾ ਨੋਡਲ ਅਫਸਰ ਜਸਬੀਰ ਸਿੰਘ ਜੱਸੀ ਦੀ ਨਿਗਰਾਨੀ ਅੰਦਰ ਕਰਵਾਏ ਜਾ ਰਹੇ ਲੋਕ ਲਭਾ ਚੋਣਾਂ 2024 'ਚ ਵੋਟਰਾਂ ਨੂੰ ਵੱਧ ਤੋਂ ਵੱਧ ਵੋਟਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕਰਵਾਏ ਜਾਣ ਦੇ ਹਿੱਸੇ ਵਜੋਂ ਕਰਵਾਏ ਗਏ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਭੁਪਿੰਦਰ ਸਿੰਘ ਬਰਾੜ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 01 ਜੂਨ 2024 ਪੰਜਾਬ ਵਿੱਚ ਲੋਕ ਲਭਾ ਚੋਣਾਂ ਅੰਦਰ ਸਮੁੱਚੇ ਯੋਗ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਸਕੂਲ ਦੇ ਸਵੀਪ ਨੋਡਲ ਅਫਸਰ ਲੈਕਚਰਾਰ ਸੁਖਜਿੰਦਰ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਅਸੀਂ ਪਹਿਲਾ ਵੋਟ ਬਣਾਉਣ ਲਈ ਉਤਸ਼ਾਹਤ ਕਰਦੇ ਰਹੇ ਹਾਂ ਇਸੇ ਤਰ੍ਹਾਂ ਹੁਣ ਸਾਨੂੰ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਦਾ ਮੌਕਾ ਉਠਾਉਣਾ ਚਾਹੀਦਾ ਹੈ। ਇਨ੍ਹਾਂ ਮਹਿੰਦੀ ਮੁਕਾਬਲਿਆਂ 'ਚ ਬਾਰਵੀਂ-ਈ ਸ਼੍ਰੇਣੀ ਦੀ ਰੋਮਨਦੀਪ ਕੌਰ ਨੇ ਪਹਿਲਾ, ਬਾਰਵੀਂ-ਜੀ ਸ਼੍ਰੇਣੀ ਦੀ ਅੰਜਲੀ ਨੇ ਦੂਜਾ ਤੇ ਬਾਰਵੀਂ-ਈ ਸ਼੍ਰੇਣੀ ਦੀ ਵਿਦਿਆਰਥਣ ਲਵਦੀਪ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਇਨ੍ਹਾਂ ਮੁਕਾਬਲਿਆਂ ਦੌਰਾਨ ਅਨੁਪ੍ਰੀਤ ਕੌਰ, ਨਿਸ਼ਾ ਕੌਰ, ਜਸ਼ਨਦੀਪ ਕੌਰ, ਸੁਮਨਜੀਤ ਕੌਰ, ਮੁਸਕਾਨ ਕੌਰ, ਪਵਨਦੀਪ ਕੌਰ, ਤਰਨਵੀਰ ਕੌਰ ਤੇ ਵੀਰਪਾਲ ਕੌਰ ਨੇ ਵੀ ਵਧ ਚੜ੍ਹ ਕੇ ਹਿੱਸਾ ਲਿਆ। ਮੁਕਾਬਲਿਆਂ ਦੀ ਜੱਜਮੈਂਟ ਹਾਊਸ ਇੰਚਾਰਜ ਨਵਜੋਤ ਕੌਰ ਕਲਸੀ, ਰਣਜੋਤ ਕੌਰ, ਲੈਕਚਰਾਰ ਰਾਜਨੀਤੀ ਸ਼ਾਸਤਰ ਚਰਨਜੀਤ ਕੌਰ ਮੱਕੜ ਨੇ ਕੀਤੀ। ਇਸ ਮੌਕੇ ਬੂਥ ਨੰਬਰ 117 ਦੇ ਬਲਾਕ ਲੈਵਲ ਅਫਸਰ ਸੁਖਵੰਤ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਜੇਤੂ ਵਿਦਿਆਰਥਣਾਂ ਨੂੰ ਪ੍ਰਿੰਸੀਪਲ ਭੁਪਿੰਦਰ ਸਿੰਘ ਬਰਾੜ ਤੇ ਨੋਡਲ ਅਫਸਰ ਸੁਖਜਿੰਦਰ ਸਿੰਘ ਅਤੇ ਹੋਰ ਸਟਾਫ ਨੇ ਇਨਾਮ ਤਕਸੀਮ ਕੀਤੇ।

# ਮਾਲਵਾ ਲਿਖਾਰੀ ਸਭਾ ਨੇ ਲੇਖਕ ਭਵਨ ਦੀ ਨੀਂਹ ਰੱਖੀ



**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੇ ਮੋਢੀ ਮੈਂਬਰਾਂ ਵੱਲੋਂ ਗੁਰੂ ਗੋਬਿੰਦ ਸਿੰਘ ਨਗਰ ਸੰਗਰੂਰ ਵਿਖੇ ਸਭਾ ਵੱਲੋਂ ਉਸਾਰੇ ਜਾ ਰਹੇ ਲੇਖਕ ਭਵਨ ਦੀ ਨੀਂਹ ਰੱਖੀ ਗਈ। ਇਸ ਮੌਕੇ ਉੱਘੇ ਸਾਹਿਤਕਾਰ ਸੁਰਜੀਤ ਸਿੰਘ ਮੰਜੀ ਵੱਲੋਂ ਅਰਦਾਸ ਕੀਤੀ ਗਈ।ਉਪਰੰਤ ਹਾਜ਼ਰ ਮੈਂਬਰਾਂ ਵੱਲੋਂ ਵਿਧੀ ਅਨੁਸਾਰ ਇੱਕ-ਇੱਕ ਇੱਟ ਰੱਖੀ ਗਈ, ਜਿਸ ਵਿੱਚ ਪ੍ਰਧਾਨ ਕਰਮ ਸਿੰਘ ਜ਼ਖ਼ਮੀ, ਜਨਰਲ ਸਕੱਤਰ ਸੁਖਵਿੰਦਰ ਸਿੰਘ ਲੋਟੇ, ਵਿੱਤ ਸਕੱਤਰ ਰਜਿੰਦਰ ਸਿੰਘ ਰਾਜਨ, ਮੀਤ ਪ੍ਰਧਾਨ ਜਗਜੀਤ ਸਿੰਘ ਲੱਡਾ ਤੇ ਕਾਰਜਕਾਰਨੀ ਮੈਂਬਰਾਂ ਸ਼ਿਵ ਕੁਮਾਰ ਅੰਬਾਲਵੀ ਪਵਨ ਕੁਮਾਰ ਹੋਸੀ, ਸੁਰਜੀਤ ਸਿੰਘ ਮੌਜੀ, ਜੀਤ ਹਰਜੀਤ, ਭੁਪਿੰਦਰ ਨਾਗਪਾਲ, ਰਾਜਦੀਪ ਸਿੰਘ, ਏਕਮ ਸਿੰਘ ਆਦਿ ਸ਼ਾਮਲ ਸਨ।ਪ੍ਰੈੱਸ ਦੇ ਨਾਂ ਜਾਰੀ ਇੱਕ ਸਾਂਝੇ ਬਿਆਨ ਵਿੱਚ ਹਾਜ਼ਰ ਮੈਂਬਰਾਂ ਨੇ ਕਿਹਾ ਕਿ ਲੇਖਕ ਭਵਨ ਦੀ ਉਸਾਰੀ ਨਾਲ ਜ਼ਿਲ੍ਹਾ ਸੰਗਰੂਰ ਦੇ ਸਮੂਹ ਸਾਹਿਤਕਾਰਾਂ ਦਾ ਲੰਬੇ ਸਮੇ ਤੋਂ ਲਿਆ ਸੁਪਨਾ ਪੂਰਾ ਹੋਇਆ ਹੈ।ਇਸ ਮੌਕੇ ਭਵਨ ਦੀ ਉਸਾਰੀ ਲਈ ਪੰਜਾਬ ਸਰਕਾਰ ਵੱਲੋਂ ਦਿਲ ਖੋਲ੍ਹ ਕੇ ਦਿੱਤੀ ਗਈ ਗ੍ਰਾਂਟ ਦੀ ਭਰਪੂਰ ਸ਼ਲਾਘਾ ਕੀਤੀ ਗਈ ਤੇ ਸੁਖਵਿੰਦਰ ਸਿੰਘ ਫੁੱਲ ਦੇ ਪੁਰਜ਼ੋਰ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

# ਕਰਮਚਾਰੀਆਂ ਨੂੰ ਹਾਈ ਰਿਸਕ ਪ੍ਰੈਗਨੈਂਸੀ ਦਾ ਫਾਲੋਅੱਪ ਕਰਨ ਸੰਬੰਧੀ ਕੀਤਾ ਚੇਤਨ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਮਾਂਡੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜ਼ਿਲ੍ਹਾ ਫੈਮਿਲੀ ਪਲਾਨਿੰਗ ਅਫਸਰ ਗੁਰਦਾਸਪੁਰ ਡਾ.ਤਜਿੰਦਰ ਕੌਰ ਅਤੇ ਸਿਹਤ ਬਲਾਕ ਨੌਸ਼ਹਿਰਾ ਮੱਝਾ ਸਿੰਘ ਦੇ ਇੰਚਾਰਜ ਡਾ: ਰਸ਼ਮੀ ਵਿੱਜ ਐਸ ਐਮ ਓ (ਸੀ.ਐਚ.ਸੀ ਨੌਸ਼ਹਿਰਾ ਮੱਝਾ ਸਿੰਘ) ਦੀ ਅਗਵਾਈ ਹੇਠ ਸਿਹਤ ਬਲਾਕ ਨੌਸਹਿਰਾ ਮੱਝਾ ਸਿੰਘ ਦੇ ਸਮੂਹ ਸੀ ਐਚ ਓ, ਐਲ ਐਚ ਵੀ, ਏ ਐਨ ਐਮ, ਆਸ਼ਾ ਫਸਿਲੀਟੇਟਰ ਅਤੇ ਆਸਾ ਵਰਕਰਾਂ ਨੂੰ ਹਾਈ ਰਿਸਕ ਪ੍ਰੈਗਨੈਂਸੀ ਮਰੀਜਾਂ ਦਾ ਵਧੀਆ ਅਤੇ ਸੁਚਾਰੂ ਢੰਗ ਨਾਲ ਫਾਲੋ-ਅਪ ਕਰਨ ਲਈ ਗ੍ਰੀਨ ਕੋਰੀਡੋਰ ਪ੍ਰੋਗਰਾਮ ਬਾਰੇ ਜਾਣਕਾਰੀ ਦੇ ਲਈ ਵਿਸ਼ੇਸ਼ ਸੈਮੀਨਾਰ ਲਗਾਇਆ। ਸੈਮੀਨਾਰ ਦੌਰਾਨ ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਮਾਂਡੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਪ੍ਰੋਗਰਾਮ 'ਚ ਸ਼ਾਮਲ ਸਮੂਹ ਕਰਮਚਾਰੀਆਂ ਨੂੰ ਵਿਸ਼ੇਸ਼ ਉਪਰਾਲਿਆ ਨਾਲ ਹਾਈ ਰਿਸਕ ਪ੍ਰੈਗਨੈਂਸੀ ਦਾ ਫਾਲੋਅਪ ਕਰਨ ਸੰਬਧੀ ਚੇਤਨ ਕੀਤਾ ਗਿਆ ਤਾਂ ਜੋ ਮਾਤਰੀ ਮੌਤ ਦੀ ਦਰ ਨੂੰ ਘਟਾਇਆ ਜਾ ਸਕੇ। ਇਸ ਸਬੰਧੀ ਉਹਨਾਂ ਨੂੰ ਬਲਾਕ ਲੈਵਲ ਤੇ ਗਠਿਤ ਗ੍ਰੀਨ ਕੋਰੀਡੋਰ ਗਰੁੱਪ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਉਹਨਾਂ ਨੂੰ ਹਾਈ ਰਿਸਕ ਪ੍ਰੈਗਨੈਂਸੀ ਦੇ ਇਲਾਜ ਦੌਰਾਨ ਕੋਈ ਮੁਸ਼ਕਲ ਆ ਵੇ ਤਾਂ ਉਹਨਾਂ ਨੂੰ ਗਰੁੱਪ ਵਿੱਚ ਫਲੈਗ ਕੀਤਾ ਜਾਵੇ। ਇਸ ਮੌਕੇ ਅੰਮ੍ਰਿਤਸਰ ਤੋਂ ਸਮਾਜ ਸੇਵੀ ਸੰਸਥਾ 'ਫੁਲਕਾਰੀ' ਦੇ ਮੈਂਬਰ ਡਾ. ਅਮ੍ਰਿਤਾ ਰਾਣਾ, ਨੇਹਾ ਸ਼ਰਮਾ, ਰਾਧਿਕਾ ਅਰੋੜਾ ਅਤੇ ਐਸ ਐਮ ਓ ਡਾ.ਗੁਨੀਤ ਕੌਰ ਪੀ ਐਚ ਸੀ ਧਿਆਨਪੁਰ ਵਿਸੇਸ ਤੌਰ 'ਤੇ ਸ਼ਾਮਲ ਹੋਏ। ਡਾ.ਅੰਮ੍ਰਿਤਾ ਰਾਣਾ ਸੀਨੀਅਰ ਰੇਡੀਓਲੋਜਿਸਟ ਨੇ ਸਰਵਾਈਕਲ ਕੈਂਸਰ ਬਾਰੇ ਚਾਨਣਾ ਪਾਇਆ। ਗ੍ਰੀਨ ਕੋਰੀਡੋਰ ਪ੍ਰੋਗਰਾਮ ਦੇ ਅੰਤ ਵਿੱਚ ਬਲਾਕ ਇੰਚਾਰਜ ਐਸ ਐਮ ਓ ਡਾ.ਰਸਮੀ ਵਿੱਜ ਨੇ ਆਏ ਹੋਏ ਮੁੱਖ ਮਹਿਮਾਨ ਸਿਵਲ ਸਰਜਨ ਗੁਰਦਾਸਪੁਰ, ਜ਼ਿਲ੍ਹਾ ਫੈਮਿਲੀ ਪਲਾਨਿੰਗ ਅਫਸਰ ਗੁਰਦਾਸਪੁਰ, ਅੰਮ੍ਰਿਤਸਰ ਤੋਂ ਆਏ ਹੋਏ ਸਮਾਜ ਸੇਵੀ ਸੰਸਥਾ 'ਫੁਲਕਾਰੀ' ਦੇ ਮੈਂਬਰਾਂ ਅਤੇ ਬਲਾਕ ਨੌਸ਼ਹਿਰਾ ਮੱਝਾ ਸਿੰਘ ਦੇ ਸਮੂਹ ਅਧਿਕਾਰੀ/ਕਰਮਚਾਰੀਆਂ ਦਾ ਦਿਲੋਂ ਧੰਨਵਾਦ ਕੀਤਾ।

# ਮਹਾਤਮਾ ਹੰਸ ਰਾਜ ਦਾ ਜਨਮ ਦਿਨ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)** ਜੇ ਆਰ ਐੱਸ ਡੀ ਏ ਵੀ ਪਬਲਿਕ ਸਕੂਲ ਝਬਾਲ ਵਿਖੇ ਪਦਮ ਸ੍ਰੀ ਅਵਾਰਡ ਨਾਲ ਨਿਵਾਜ਼ੇ ਆਰਿਆ ਰਤਨ ਡਾਕਟਰ ਪੂਨਮ ਸੂਰੀ ਪ੍ਰਧਾਨ ਡੀ ਏ ਵੀ ਕਾਲਜ ਪ੍ਰਬੰਧਕ ਕਮੇਟੀ, ਆਰਿਆ ਪ੍ਰਦੇਸ਼ਿਕ ਪ੍ਰਤੀਨਿਧੀ ਸਭਾ ਨਵੀਂ ਦਿੱਲੀ ਅਤੇ ਆਰਿਆ ਪ੍ਰਦੇਸ਼ਿਕ ਉਪ-ਸਭਾ ਪੰਜਾਬ ਦੇ ਪ੍ਰਧਾਨ ਜੇ ਪੀ ਸ਼ੂਰ ਜੀ, ਡਾਇਰੈਕਟਰ ਵੀ ਕੇ ਚੋਪੜਾ ਦੇ ਦਿਸ਼ਾ ਨਿਰਦੇਸ਼ਨ, ਚੇਅਰਮੈਨ ਮਹੇਸ਼ ਚੋਪੜਾ, ਏ ਆਰ ਓ ਡਾਕਟਰ ਮੈਡਮ ਅੰਜਨਾ ਗੁਪਤਾ, ਸਕੂਲ ਦੇ ਮੈਨੇਜਰ ਸ਼੍ਰੀਮਤੀ ਨੀਰਾ ਸ਼ਰਮਾ ਅਤੇ ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਦੇ ਪ੍ਰਿੰਸੀਪਲ ਅਸ਼ਵਨੀ ਦੀ ਯੋਗ ਅਗਵਾਈ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਹਾਤਮਾ ਹੰਸਰਾਜ ਦਾ ਜਨਮ ਦਿਨ ਬੜੇ ਧੂਮ ਧਾਮ 'ਤੇ ਸ਼ਰਧਾ ਨਾਲ ਮਨਾਇਆ ਗਿਆ।ਇਸ ਸੰਬੰਧ ਵਿੱਚ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਅਤੇ ਕੋਆਰਡੀਨੇਟਰ ਮੈਡਮ ਸ਼੍ਰੀਮਤੀ ਰੰਜੂ ਸਚਦੇਵਾ ਦੁਆਰਾ ਬੱਚਿਆ ਅਤੇ ਸਟਾਫ ਮੈਂਬਰਾਂ ਨਾਲ ਮਿਲ ਕੇ ਹਵਨ ਕਰਵਾਇਆ ਗਿਆ।ਮੈਡਮ ਰੰਜੂ ਸਚਦੇਵਾ ਨੇ ਬੱਚਿਆਂ ਨੂੰ ਮਹਾਤਮਾ ਹੰਸਰਾਜ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਪ੍ਰਿੰਸੀਪਲ ਅਸਲੀ ਕੁਮਾਰ ਨੇ ਬੱਚਿਆਂ ਨੂੰ ਮਹਾਤਮਾ ਹੰਸਰਾਜ ਦੇ ਜੀਵਨ ਤੋਂ ਸੇਧ ਲੈਣ ਲਈ ਪ੍ਰੇਰਿਤ ਕੀਤਾ ਅਤੇ ਉਹਨਾਂ ਵਾਂਗ ਸਵਾਰਥ ਰਹਿਤ ਜੀਵਨ ਜੀਣ ਦੀ ਪ੍ਰੇਰਨਾ ਦਿੱਤੀ।

# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ 'ਚ 14ਵਾਂ ਸਥਾਪਨਾ ਦਿਵਸ ਮਨਾਇਆ

**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)** ਸਥਾਨਕ ਕਸਬੇ 'ਚ ਚੱਲ ਰਹੇ ਸੇਂਟ ਸੋਲਜ਼ਰ ਇਲੀਟ ਕਾਨਵੈਂਟ ਸਕੂਲ ਚਵਿੰਡਾ ਦੇਵੀ ਵਿੱਚ 14ਵਾਂ ਸਥਾਪਨਾ ਦਿਵਸ ਮਨਾਇਆ ਗਿਆ । ਸਕੂਲ ਦਾ ਨਵਾਂ ਸੈਸ਼ਨ ਸ਼ੁਰੂ ਹੋਣ 'ਤੇ ਪਰਮਾਤਮਾ ਦਾ ਓਟ-ਆਸਰਾ ਲੈਣ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਅਧਿਆਪਕ ਵਰਿਆਮ ਸਿੰਘ ਨੇ ਗੁਰੂ ਜੀ ਦੀ ਮਹਿਮਾ ਲਈ ਆਪਣੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ।ਸਕੂਲ ਦੇ ਗੰ੍ਰਥੀ ਭਾਈ ਜਸਵਿੰਦਰ ਸਿੰਘ ਵੱਲੋਂ ਬੱਚਿਆਂ ਨੂੰ ਵਿੱਦਿਆ ਦਾ ਦਾਨ, ਸਰੀਰਕ ਤੰਦਰੁਸਤੀ, ਸਕੂਲ ਲਈ ਦਿਨ ਦੁਗਣੀ 'ਤੇ ਰਾਤ ਚੌਗੁਣੀ ਤਰੱਕੀ ਲਈ ਅਰਦਾਸ ਕਰਨ ਉਪਰੰਤ ਸਕੂਲ ਦੇ ਬੱਚਿਆਂ ਨੇ ਸ਼ਬਦ ਕੀਰਤਨ, ਕਵੀਸ਼ਰੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਪ੍ਰਿੰਸੀਪਲ ਪ੍ਰਵੀਨ ਸ਼ਰਮਾ ਨੇ ਬੱਚਿਆਂ ਨੂੰ ਪੂਰੀ ਲਗਨ 'ਤੇ ਮਿਹਨਤ ਨਾਲ ਪੜ੍ਹਨ ਲਈ ਪ੍ਰੇਰਿਤ ਕੀਤਾ। ਐਮ ਡੀ ਕੋਮਲ ਕਪੂਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੇ ਧਰਮ, ਸਭਿਆਚਾਰ 'ਤੇ ਵਿਰਸੇ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਸਕੂਲ ਦੀ ਸਮੁੱਚੀ ਮੈਨੇਜਮੈਂਟ ਵਾਈਸ ਚੇਅਰਮੈਨ ਮਿ. ਅਸ਼ਵਨੀ ਕਪੂਰ, ਨਰਿੰਦਰ ਕੁਮਾਰ ਸ਼ਰਮਾ, ਸ਼ਵੀ ਕਪੂਰ ਸੀ ਈ ਓ ਮੌਜੂਦ ਹਨ।ਇਸ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਚੇਅਰਮੈਨ ਇੰਦਰ ਸਿੰਘ ਭਾਟੀਆ ਡੀ ਡੀ ਫਤਿਹਗੜ੍ਹ, ਸੂਰੀਆ ਅਨੰਦ ਅਨੰਦ ਕਾਲਜ, ਸੰਜੇ ਸਿੰਘ ਸਵਰਨ ਸੀਨੀਅਰ ਸੰਕੈਂਡਰੀ ਸਕੂਲ, ਅਮਨਦੀਪ ਸਿੰਘ ਕੈਂਬਰਿਜ ਵਲਡ ਸਕੂਲ, ਸਪਰਸ ਕੋਚਰ ਸੰਤ ਸਿੰਘ ਸੁੱਖਾ ਸਿੰਘ ਸਕੂਲ, ਮਾਨਵ ਸਿਆਲ ਬੀ ਵੀ ਐਨ ਮਾਡਲ ਸਕੂਲ, ਪ੍ਰਦੀਪ ਕੁਮਾਰ, ਉਮੇਸ਼ ਕਪੂਰ, ਅਕਾਦਮਿਕ ਫੈਸੀਈਲੇਟਰ ਨਿਤੀਕਾ ਸੇਠੀ, ਕੋਆਰਡੀਨੇਟਰ ਰਾਜਵਿੰਦਰ ਕੌਰ, ਕੋਆਰਡੀਨੇਟਰ ਹਰਪ੍ਰੀਤ ਸਿੰਘ, ਸਮੂਹ ਸਟਾਫ, ਵਿਦਿਆਰਥੀ ਅਤੇ ਵੱਡੀ ਗਿਣਤੀ 'ਚ ਮਾਤਾ-ਪਿਤਾ ਹਾਜ਼ਰ ਸਨ।



# ਗੁਰਦੁਆਰਾ ਸੰਨ੍ਹ ਸਾਹਿਬ ਵਿਖੇ ਮੀਨਾਕਾਰੀ ਤੇ ਸੁੰਦਰੀਕਰਨ ਦੀ ਸੇਵਾ ਮੁਕੰਮਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਨਾਲ ਸਬੰਧਤ ਇਤਿਹਾਸਕ ਅਸਥਾਨ ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਦਾ ਮੁੱਖ ਦਰਬਾਰ ਮੀਨਾਕਾਰੀ ਤੇ ਸੁੰਦਰੀਕਰਨ ਦੀ ਸੇਵਾ ਮੁਕੰਮਲ ਹੋਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਸੰਗਤ ਅਰਪਣ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਤਿਆਰ ਕੀਤੇ ਗਏ ਨਵੇਂ ਪ੍ਰਬੰਧਕੀ ਬਲਾਕ ਅਤੇ ਮੀਟਿੰਗ ਹਾਲ ਦਾ ਵੀ ਉਦਘਾਟਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਕਾਰਸੇਵਾ ਬਾਬਾ ਸੁਬੇਗ ਸਿੰਘ ਸ੍ਰੀ ਗੋਇੰਦਵਾਲ ਸਾਹਿਬ ਵਾਲਿਆਂ ਪਾਸੋਂ ਕਰਵਾਈ ਗਈ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਅਮਰਦਾਸ ਜੀ ਦਾ 450 ਸਾਲਾ ਜੋਤੀ ਜੋਤਿ ਦਿਵਸ ਸਿੱਖ ਕੌਮ ਸਤੰਬਰ 2024 ਵਿਚ ਖਾਲਸਈ ਜਾਹੋ-ਜਲਾਲ ਨਾਲ ਮਨਾ ਰਹੀ ਹੈ, ਜਿਸ ਨੂੰ ਸਮਰਪਤ ਹੁੰਦਿਆਂ ਗੁਰੂ ਸਾਹਿਬ ਦੇ ਪਾਵਨ ਅਸਥਾਨਾਂ ਦੀ ਸੇਵਾ ਪਹਿਲ ਦੇ ਅਧਾਰ 'ਤੇ ਕੀਤੀ ਜਾ ਰਹੀ ਹੈ। ਐਡਵੋਕੇਟ ਧਾਮੀ ਨੇ ਇਹ ਵੀ ਐਲਾਨ ਕੀਤਾ ਕਿ 450 ਸਾਲਾ ਸ਼ਤਾਬਦੀ ਨੂੰ ਸਮਰਪਤ ਇਕ ਵਿਸ਼ਾਲ ਗੁਰਮਤਿ ਸਮਾਗਮ ਵੀ ਗੁਰਦੁਆਰਾ ਸੰਨ੍ਹ ਸਾਹਿਬ ਵਿਖੇ ਕੀਤਾ ਜਾਵੇਗਾ। ਇਸ ਦੌਰਾਨ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ ਨੇ ਕਿਹਾ ਕਿ ਤੀਸਰੇ ਪਾਤਸ਼ਾਹ ਦੇ ਅਸਥਾਨ ਗੁਰਦੁਆਰਾ ਸੰਨ੍ਹ ਸਾਹਿਬ ਵਿਖੇ ਵਿਕਾਸ ਕਾਰਜ ਕਰਨੇ ਸ਼੍ਰੋਮਣੀ ਕਮੇਟੀ ਦਾ ਸ਼ਲਾਘਾਯੋਗ ਉਪਰਾਲਾ ਹੈ।

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਹੋਈ ਬੇਅਦਬੀ ਦੀ ਸਖ਼ਤ ਸ਼ਬਦਾਂ 'ਚ ਨਿੰਦਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਵੱਲੋਂ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਪੋਤਾ ਦੇ ਗੁਰਦੁਆਰਾ ਸਾਹਿਬ ਵਿਖੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਖੰਡਿਤ ਕੀਤੇ ਜਾਣ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਰਮਨੀਕ ਸਿੰਘ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਜਗਜੀਤ ਸਿੰਘ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ.ਆਨਰੇਰੀ ਸਕੱਤਰ ਅਤੇ ਮੁੱਖ ਦਫ਼ਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ ਨੇ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਆਏ ਦਿਨ ਗੁਰਦੁਆਰਾ ਸਾਹਿਬ ਅੰਦਰ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਸਿੱਖ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਹਨ ਜਿਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ।ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਅਤੇ ਮਰਿਆਦਾ ਦੇ ਮੱਦੇ ਨਜ਼ਰ ਗੁਰਦੁਆਰਾ ਕਮੇਟੀਆਂ ਨੂੰ ਸੁਚੇਤ ਹੋ ਕੇ ਸੇਵਾ ਸੰਭਾਲ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁਰੱਖਿਆ ਅਤੇ ਮਰਿਆਦਾ ਦੀ ਪਹਿਰੇਦਾਰੀ ਮਜ਼ਬੂਤ ਕਰਨ ਹਿੱਤ ਹਰ ਵੇਲੇ ਇਕ ਸੇਵਾਦਾਰ ਦੀ ਤਾਇਨਾਤੀ ਜ਼ਰੂਰੀ ਦੱਸੀ।

# ਨਵੋਦਿਆ ਟੈਸਟ ਪਾਸ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਧਾਰੀਵਾਲ-1 ਨੀਰਜ ਕੁਮਾਰ ਖੁੰਡਾ ਸਟੇਟ ਐਵਾਰਡੀ ਵਲੋਂ ਨਵੋਦਿਆ ਟੈਸਟ ਪਾਸ ਕਰਨ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸੰਬੰਧੀ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਧਾਰੀਵਾਲ-1 ਵਿਖੇ ਬੀਪੀਈਓ ਨੀਰਜ ਕੁਮਾਰ ਖੁੰਡਾ ਦੇ ਪ੍ਰਬੰਧਾਂ ਹੇਠ ਬਲਾਕ ਪੱਧਰੀ ਸਨਮਾਨ ਸਮਾਰੋਹ ਕਰਵਾਇਆ ਗਿਆ। ਸਮਾਰੋਹ ਦੌਰਾਨ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਧਾਰੀਵਾਲ-1 ਅਧੀਨ ਪੈਂਦੇ ਵੱਖ ਵੱਖ ਸਰਕਾਰੀ ਸਕੂਲਾਂ ਦੇ ਨਵੋਦਿਆ ਟੈਸਟ ਪਾਸ ਕਰਨ ਵਾਲੇ ਵਿਦਿਆਰਥੀਆਂ ਨਕਸ਼, ਰਾਜਬੀਰ ਸਿੰਘ ਬੱਬਰੀ ਨੰਗਲ, ਰੋਜ਼ਲੀਨ ਸ਼ਾਹਪੁਰ, ਅੰਮ੍ਰਿਤਪਾਲ ਸਿੰਘ ਮਹਾਂਦੇਵ ਖੁਰਦ, ਹਿਨਾ ਫੱਜੂਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਅਤੇ ਨਾਲ ਹੀ ਬੋਰਡ ਦੀ ਪੰਜਵੀਂ ਜਮਾਤ ਵਿੱਚੋਂ ਚੰਗੀਆਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲਿਆਂ ਬੱਚਿਆਂ ਨੂੰ ਬਲਾਕ ਪੱਧਰ ਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸੀ ਐੱਚ ਟੀ ਏਕ ਓਂਕਾਰ ਸਿੰਘ, ਸੀ ਐੱਚ ਟੀ ਵਿਕਾਸ ਮਹਾਜਨ, ਸੀ ਐੱਚ ਟੀ ਲਾਡਵਿੰਦਰ ਕੌਰ ਸਟੇਟ ਐਵਾਰਡੀ, ਸੀ ਐੱਚ ਟੀ ਵਨੀਤ ਕੌਰ, ਸੀਐੱਚਟੀ ਸਤਨਾਮ ਸਿੰਘ, ਸੀਐੱਚਟੀ ਜਗਦੀਸ਼ ਰਾਜ ਬੈਂਸ, ਮੁੱਖ ਅਧਿਆਪਕ ਸੰਦੀਪ ਸਿੰਘ, ਮੁੱਖ ਅਧਿਆਪਕ ਸੁਖਵਿੰਦਰ ਸਿੰਘ ਰੰਧਾਵਾ, ਮੁੱਖ ਅਧਿਆਪਕ ਜਗਜੀਤ ਸਿੰਘ, ਐਚ ਟੀ ਰਣਬੀਰ ਸਿੰਘ, ਮਾਸਟਰ ਸਰਬਜੀਤ ਸਿੰਘ ਚੌਧਰਪੁਰ, ਲਖਵਿੰਦਰ ਕੌਰ, ਦਿਲਬਾਗ ਸਿੰਘ, ਹਰਪ੍ਰੀਤ ਕੌਰ ਲੇਖਾਕਾਰ, ਕਰਨਵੀਰ, ਮੈਡਮ ਰਮਨਦੀਪ ਕੌਰ, ਕੁਲਜੀਤ ਕੌਰ, ਮੀਡੀਆ ਕੁਆਰਡੀਨੇਟਰ ਸੁਖਰਾਜ ਅਤੇ ਬੱਚਿਆਂ ਦੇ ਮਾਪੇ ਸੈਮੂਅਲ, ਸੇਵਾ ਸਿੰਘ ਬੱਬਰੀ ਨੰਗਲ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਮੈਟ੍ਰਿਕ ਦਾ ਨਤੀਜਾ ਸ਼ਾਨਦਾਰ



**ਤਰਸਿਕਾ, (ਤਰਸੇਮ ਸਿੰਘ ਸਾਧਪੁਰ)** ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੈਂਡਰੀ ਸਕੂਲ ਸੈਦੋਲਹਿਲ ਮਹਿਤਾ ਰੋਡ ਦਾ ਮੈਟਰਿਕ ਦਾ ਨਤੀਜਾ ਸ਼ਾਨਦਾਰ ਰਿਹਾ। ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਨ ਰਵਨੀਤ ਕੌਰ ਨੇ 650 'ਚੋਂ 620 ਨੰਬਰ ਲੈ ਕੇ 95.4 ਪਤੀਸਤ, ਗੁਰਲੀਨ ਕੌਰ ਨੇ 619 /95.3 ਅਤੇ ਤਰਨਪ੍ਰੀਤ ਕੌਰ ਨੇ 618 ਅੰਕ ਲੈ ਕੇ 95.1 ਪ੍ਰਤੀਸਤ ਪ੍ਰਾਪਤ ਕਰਕੇ ਪਹਿਲਾ ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਸਕੂਲ ਦੇ 13 ਵਿਦਿਆਰਥੀਆਂ ਨੇ 90% ਤੋਂ ਉੱਪਰ ਨੰਬਰ ਹਾਸਲ ਕੀਤੇ 10 ਵਿਦਿਆਰਥੀਆਂ ਨੇ 80% ਤੋਂ ਵੱਧ ਨੰਬਰ ਪ੍ਰਾਪਤ ਕੀਤੇ ਅਤੇ ਬਾਕੀ ਬੱਚਿਆਂ ਨੇ ਵੀ ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ ਅਤੇ ਪ੍ਰਿੰਸੀਪਲ ਮੈਡਮ ਬਲਵਿੰਦਰ ਕੌਰ ਅਤੇ ਮੈਡਮ ਰਾਜਵਿੰਦਰ ਕੌਰ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਵਧਾਈ ਦਿੱਤੀ। ਵਾਈਸ ਪ੍ਰਿੰਸੀਪਲ ਕਿਰਨ ਬਾਲਾ ਅਤੇ ਸਟਾਫ ਵੀ ਹਾਜ਼ਰ ਸੀ।

# ਨਿੱਜੀ ਸਕੂਲਾਂ ਖਿਲ਼ਾਫ ਪੜਤਾਲ ਦੇ ਆਦੇਸ਼ : ਸਤਨਾਮ ਸਿੰਘ ਗਿੱਲ

**ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)** ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੇ ਡਿਪਟੀ ਡਾਇਰੈਕਟਰ ਦੁਆਰਾ ਭੇਜੇ ਵਿਸ਼ੇਸ਼ ਪੱਤਰ ਦੇ ਹਵਾਲੇ ਨਾਲ ਜਾਣਕਾਰੀ ਦਿੰਦੇ ਹੋਏ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਮੇਰੀ ਪਹਿਲੀ ਲੋਕ ਹਿੱਤ 'ਚ ਭੇਜੀ ਸ਼ਿਕਾਇਤ ਤੇ ਕਮਿਸ਼ਨ ਨੇ ਡਾਇਰੈਕਰ ਸੈਕੰਡਰੀ ਐਜੂਕੇਸ਼ਨ ਪੰਜਾਬ ਸਰਕਾਰ ਨੂੰ ਨੋਟਿਸ ਭੇਜ ਕੇ ਬਲਾਕ ਰਈਆ ਦੇ ਸੂਚੀਬੱਧ ਕੀਤੇ 9 ਸਕੂਲ਼ਾਂ ਤੋਂ ਇਲਾਵਾ ਅੰਮ੍ਰਿਤਸਰ ਦੇ ਸਮੂਹ ਨਿੱਜੀ ਸਕੂਲਾਂ ਖਿਲਾਫ ਪੜਤਾਲ ਸ਼ੁਰੂ ਕਰਨ ਲਈ ਲਿਖਤੀ ਨਿਰਦੇਸ਼ ਦੇਣ ਤੋਂ ਬਾਅਦ ਹੁਣ ਮਿਤੀ 18/04/2024 ਨੂੰ ਈਮੇਲ ਰਾਹੀਂ ਮੈਨੂੰ ਪੱਤਰ ਲਿਖਕੇ ਬਲਾਕ ਰਈਆ ਦੇ ਸਕੂਲਾਂ ਦੀ ਸੂਚੀ ਮੰਗੀ ਹੈ।ਉਨ੍ਹਾ ਨੇ ਇਹ ਵੀ ਦੱਸਿਆ ਹੈ ਕਿ ਕਮਿਸ਼ਨ ਨੇ ਸ਼ਿਕਾਇਤ ਕਰਤਾ ਧਿਰ ਵਜੋਂ ਉਨਾ ਕੋਲੋਂ ਮੰਗ ਕੀਤੀ ਹੈ ਕਿ ਜੇਕਰ ਮੇਰੇ ਪਾਸ ਕਿਸੇ ਸਕੂਲ ਦੇ ਸਬੰਧ 'ਚ ਪ੍ਰਮਾਣਿਤ ਦਸਤਾਵੇਜ਼ ਮੌਜੂਦ ਹਨ ਤਾਂ ਉਹ ਕਮਿਸ਼ਨ ਦੇ ਧਿਆਨ 'ਚ ਲਿਆਉਂਣ ਤਾਂ ਕਿ 'ਕਮਿਸ਼ਨ' ਸੰਬਧਿਤ ਸਕੂਲ ਦੇ ਖਿਲਾਫ ਬਣਦੀ ਸੰਭਾਵਿਤ ਵਿਭਾਗੀ ਕਾਰਵਾਈ ਅਮਲ 'ਚ ਲਿਆ ਸਕਣ।

ਪੱਤਰਕਾਰ ਸੰਮੇਲਨ 'ਚ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ 'ਚ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਨੂੰ ਮੈਂ ਹੁਣ ਤੱਕ ਜਿੰਨ੍ਹੇ ਵੀ ਪੱਤਰ ਲਿਖੇ ਹਨ ਉਨਾ 'ਚ ਮੈਂ ਮੰਗ ਕਰਦਾ ਰਿਹਾ ਹਾਂ ਕਿ ਨਿੱਜੀ ਸਕੂਲ ਜਿੰਨ੍ਹਾ ਦੁਆਰਾ ਬਾਲਾਂ ਦੇ ਅਧਿਕਾਰਾਂ ਦਾ ਹੱਨਨ ਕੀਤਾ ਜਾ ਰਿਹਾ ਹੈ ਅਤੇ ਸਿੱਖਿਆ ਦਾ ਅਧਿਕਾਰ ਕਨੂੰਨ 2009 ਦੀ ਪਾਲ੍ਹਣਾ ਕਰਨ 'ਚ ਜੋ ਸਕੂਲ ਕੋਤਾਹੀ ਵਰਤ ਰਹੇ ਹਨ ਉਨ੍ਹਾ ਸਕੂਲਾਂ ਦੀ ਸ਼ਨਾਖਤ ਕਰਨ ਮੇਰੇ ਦੁਆਰਾ ਐਸ ਆਈ ਟੀ ਦਾ ਗਠਨ ਕਰਨ ਲਈ ਉਕਤ ਕਮਿਸ਼ਨ ਨੂੰ ਕਈ ਵਾਰ ਲਿਖਿਆ ਹੈ।ਉਨ੍ਹਾ ਨੇ ਕਿਹਾ ਕਿ ਮੈਂ ਮੀਡੀਆ ਦੇ ਰਾਹੀ ਮਾਣਯੋਗ ਚੇਅਰਮੈਨ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਨੂੰ ਜਨਹਿੱਤ 'ਚ ਅਪੀਲ ਕਰਦਾ ਹਾਂ ਕਿ ਕਮਿਸ਼ਨ ਦੇ ਦਫਤਰੋਂ ਜਾਰੀ ਹੋਏ ਪੱਤਰਾਂ ਤੇ ਵਿਭਾਗੀ ਪੱਧਰ ਤੇ ਅਮਲ ਨੂੰ ਯਕੀਨੀ ਬਣਾਉਣ ਲਈ ਕਮਿਸ਼ਨ ਆਪਣੀਆਂ ਅਧਿਕਾਰਤ ਸ਼ਕਤੀਆਂ ਦੀ ਵਰਤੋਂ ਜ਼ਰੂਰ ਕਰੇ।

# ਸ਼ਾਈਨਿੰਗ ਸਟਾਰ ਇੰਟਰਨੈਸ਼ਨਲ ਸੀਨੀਅਰ ਸੈਕਡਰੀ ਸਕੂਲ ਸਰਹਾਲਾ ਦਾ ਨਤੀਜਾ ਸ਼ਾਨਦਾਰ



**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)** ਸਾਈਨਿੰਗ ਸਟਾਰ ਇੰਟਰਨੈਸ਼ਨਲ ਸੀਨੀਅਰ ਸੈਕਡਰੀ ਸਕੂਲ ਸਰਹਾਲਾ ਦਾ ਨਤੀਜਾ ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਹੈ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਾਨਦਾਰ ਨਤੀਜਾ ਰਿਹਾ। ਸਕੂਲ ਨਤੀਜੇ ਸੰਬੰਧੀ ਪ੍ਰਿੰਸੀਪਲ ਵਰਿੰਦਰਜੀਤ ਕੌਰ ਨੇ ਦੱਸਿਆ ਕਿ ਇਸ ਵਾਰ ਸਕੂਲ ਦੇ ਹਰ ਵਿਦਿਆਰਥੀ ਨੇ ਦਸਵੀਂ ਕਲਾਸ ਦੀ ਪ੍ਰੀਖਿਆ 'ਚੋਂ 90% ਤੋਂ ਵੱਧ ਅੰਕ ਲੈ ਕੇ ਪਾਸ ਕੀਤੇ ਹਨ। ਇਹਨਾਂ ਵਿਦਿਆਰਥੀਆਂ ਵਿੱਚੋਂ ਜਸ ਨੀਤ ਕੌਰ ਅਤੇ ਮਨਮੀਤ ਕੌਰ ਦੋਨਾਂ ਨੇ 95% ਅੰਕ ਹਾਸਲ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਹੈ। ਲਾਜਪ੍ਰੀਤ ਸਿੰਘ ਨੇ 94% ਅੰਕ ਪ੍ਰਾਪਤ ਕਰਕੇ ਦੂਸਰਾ, ਸਹਿਜਪ੍ਰੀਤ ਕੌਰ ਅਤੇ ਜਸ਼ਨਪ੍ਰੀਤ ਕੌਰ ਦੋਨਾਂ ਨੇ 93% ਅੰਕ ਹਾਸਲ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਵਰਿੰਦਰ ਕੌਰ ਅਤੇ ਸਕੂਲ ਦੀ ਡਾਇਰੈਕਟਰ ਮੈਡਮ ਰਵਿੰਦਰ ਕੌਰ ਢਿੱਲੋਂ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਤੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਸਕੂਲ ਸਟਾਫ ਮੈਡਮ ਸ਼ਿਸ਼ਮਾ ਸ਼ਰਮਾ, ਕੋਚ ਬਲਵੰਤ ਸਿੰਘ, ਹਰਜਿੰਦਰ ਕੌਰ, ਅਮਨਦੀਪ ਕੌਰ, ਸੁਮਨਦੀਪ ਕੌਰ, ਗੁਰਜੀਤ ਕੌਰ,ਰਾਜਬੀਰ ਕੌਰ, ਰੁਪਿੰਦਰ ਸਿੰਘ, ਰਮਨਦੀਪ ਕੌਰ, ਕਿਰਨਦੀਪ ਕੌਰ, ਭੁਪਿੰਦਰ ਕੌਰ, ਸਰਨਦੀਪ ਕੌਰ, ਅਮਨਦੀਪ ਕੌਰ, ਲਵਪ੍ਰੀਤ ਸਿੰਘ, ਰਾਧਾ ਸ਼ਰਮਾ ਆਦਿ ਸਟਾਫ ਮੈਂਬਰ ਹਾਜਰ ਸਨ।

# ਸੰਯੁਕਤ ਕਿਸਾਨ ਮੋਰਚਾ ਭਾਜਪਾ ਦਾ ਚੋਣਾਂ ਦੌਰਾਨ ਵਿਰੋਧ ਕਰੇਗਾ



**ਪਠਾਨਕੋਟ (ਦਵਿੰਦਰ ਸਿੰਘ)** ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਕੇਵਲ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਮਲਕਪੁਰ ਵਿਖੇ ਹੋਈ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਕੇਵਲ ਸਿੰਘ ਕੰਗ ਅਤੇ ਲੰਬੜਦਾਰ ਕੁਲ ਹਿੰਦ ਕਿਸਾਨ ਸਭਾ ਵੱਲੋਂ ਪ੍ਰਧਾਨ ਪ੍ਰੇਮ ਸਿੰਘ ਅਤੇ ਕੇਵਲ ਕਾਲੀਆ, ਜਮਹੂਰੀ ਕਿਸਾਨ ਸਭਾ ਵੱਲੋਂ ਬਲਵੰਤ ਸਿੰਘ ਘੋਹ, ਬਲਦੇਵ ਸਿੰਘ, ਕਿਰਤੀ ਕਿਸਾਨ ਯੂਨੀਅਨ ਵੱਲੋਂ ਪਰਮਜੀਤ ਸਿੰਘ, ਭਾਰਤੀ ਕਿਸਾਨ ਯੂਨੀਅਨ ਸਾਦੀਪੁਰ ਵੱਲੋਂ ਆਈ ਐਸ ਗੁਲਾਟੀ ਹਾਜ਼ਰ ਹੋਏ। ਮੀਟਿੰਗ ਤੋਂ ਬਾਅਦ ਪ੍ਰੈਸ ਨੋਟ ਰਾਹੀਂ ਜਾਣਕਾਰੀ ਦੇਂਦਿਆਂ ਕਿਸਾਨ ਆਗੂਆਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਭਾਜਪਾ ਦੇ ਉਮੀਦਵਾਰ ਦਾ ਚੋਣਾਂ ਦੌਰਾਨ ਵਿਰੋਧ ਕੀਤਾ ਜਾਵੇਗਾ, ਪੁਰ ਅਮਨ ਪੂਰਵਕ ਰਹਿੰਦਿਆ ਕਾਲੀਆ ਝੰਡੀਆਂ ਵਿਖਾਈਆਂ ਜਾਣਗੀਆਂ।

## ਅਦਾਲਤੀ ਇਸ਼ਤਿਹਾਰ

ਬਾ- ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ

ਕਿਸਮ ਕੇਸ : ਤਕਸੀਮ ਕੇਸ ਮਿ. ਨੰ. 772-774

ਪਿੰਡ : ਰੇਤਗੜ੍ਹ ਤਾਰੀਖ ਪੇਸ਼ੀ : 30.4.2024

ਕੇਸ ਅਨੁਵਾਨ - ਕਰਮਜੀਤ ਕੌਰ ਪਤਨੀ ਯਾਦਵਿੰਦਰ ਸਿੰਘ ਪੁੱਤਰ ਰੌਣਕ ਸਿੰਘ ਹਾਲ ਵਾਸੀ ਲੇਨ ਨੰ. 1 ਪ੍ਰੋਫੈਸਰ ਇਨਕਲੇਵ ਮਕਾਨ ਨੰ. 41 ਪਟਿਆਲਾ ਖੇਵਟਦਾਰ ਪਿੰਡ ਰੇਤਗੜ੍ਹ, ਤਹਿ, ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ

ਉਕਤ ਅਨੁਵਾਨ ਦਰਜ ਤਕਸੀਮ ਦਾ ਖੇਵਟ ਨੰਬਰ 64/60 ਖਤੌਨੀ ਨੰ. 159 ਦਾ ਕੁੱਲ ਰਕਬਾ 62 ਕਨਾਲ 7 ਮਰਲੇ, ਖੇਵਟ ਨੰਬਰ 261/248 ਖਤੌਨੀ ਨੰ. 630 ਦਾ ਕੁੱਲ ਰਕਬਾ 26 ਕਨਾਲ 7 ਮਰਲੇ ਅਤੇ ਖੇਵਟ ਨੰਬਰ 226/215 ਖਤੌਨੀ ਨੰ. 557 ਦਾ ਕੁੱਲ ਰਕਬਾ 109 ਕਨਾਲ 14 ਮਰਲੇ ਪਿੰਡ ਰੇਤਗੜ੍ਹ, ਤਹਿ. ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ ਦਾ ਕੇਸ ਇਸ ਅਦਾਲਤ ਵਿੱਚ ਲੰਬਿਤ ਹੈ। ਜਿਸ ਦੀ ਤਾਰੀਖ ਪੇਸੀ ਮਿਤੀ 30.04.2024 ਨਿਸ਼ਚਿਤ ਹੈ। ਮਸੂਲਾਨ ਧਿਰਾਂ ਨੂੰ ਤਲਬੀ ਸਮਨ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ ਕੁਝ ਮਸੂਲਾਨ ਧਿਰਾਂ ਹਾਜ਼ਰ ਅਦਾਲਤ ਆਈਆਂ ਅਤੇ ਕੁਝ ਮਸੂਲਾਨ ਧਿਰਾਂ ਨੂੰ ਇਤਲਾਹ ਹੋਣ ਦੇ ਬਾਵਜੂਦ ਅਤੇ ਮਸੂਲਾਨ ਧਿਰਾਂ ਦੀ ਇਨਕਾਰੀ ਹੋਣ ਕਾਰਨ ਕੋਈ ਹਾਜ਼ਰ ਅਦਾਲਤ ਨਹੀਂ ਆਏ, ਇਸ ਲਈ ਮਸੂਲਾਨ ਧਿਰਾਂ ਨੂੰ ਹਾਜ਼ਰ ਅਦਾਲਤ ਕਰਨ ਲਈ ਫੀਲਡ ਕਾਨੂੰਗੋ ਨੂੰ ਮੁਸਤਰੀ ਮੁਨਾਦੀ ਦਾ ਪ੍ਰਵਾਨਾ ਜਾਰੀ ਹੋਵੇ। ਜਿਸ ਨੂੰ ਨੋਟ ਕਰਵਾਉਣਾ ਹੈ।

ਮਿਸਲ ਨੰ. 773 ਅਨੁਵਾਨ - ਗੁਰਮੀਤ ਕੌਰ ਪੁੱਤਰੀ ਗੁਰਚਰਨ ਸਿੰਘ, 2. ਪਰਮਜੀਤ ਕੌਰ ਪਤਨੀ ਹਾਕਮ ਸਿੰਘ, 3. ਪ੍ਰਸਿੰਨ ਕੌਰ ਮਾਤਾ ਗੁਰਚਰਨ ਸਿੰਘ, 4. ਜਗਜੀਤ ਸਿੰਘ ਪੁੱਤਰ ਅਮਰ ਸਿੰਘ, 5. ਨਿਰਮਲ ਸਿੰਘ ਪੁੱਤਰ ਹਰਨੇਕ ਸਿੰਘ, 6. ਰਛਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ, 7. ਸੁਰਿੰਦਰ ਸਿੰਘ, 8. ਅਵਤਾਰ ਸਿੰਘ ਪੁੱਤਰਾਨ ਸਾਧੂ ਸਿੰਘ, 9. ਦਲਵਾਰਾ ਸਿੰਘ, 10. ਭਗਵਾਨ ਸਿੰਘ ਪੁੱਤਰਾਨ ਜਾਗਰ ਸਿੰਘ।

ਮਿਸਲ ਨੰ. 773 ਅਨੁਵਾਨ ਕੇਸ - 3. ਗੁਰਚਰਨ ਸਿੰਘ ਪੁੱਤਰ ਬਖਤੌਰ ਸਿੰਘ, 6. ਕਰਮਜੀਤ ਸਿੰਘ ਪੁੱਤਰ ਗੁਰਚਰਨ ਸਿੰਘ, 7. ਗੁਰਦੀਪ ਸਿੰਘ ਪੁੱਤਰ ਕਰਮ ਸਿੰਘ, 8. ਰਣਜੀਤ ਕੌਰ ਪਤਨੀ ਹਰਦੇਵ ਸਿੰਘ, 9. ਹਰਦੇਵ ਸਿੰਘ ਪੁੱਤਰ ਕਰਮ ਸਿੰਘ। ਮਿਸਲ ਨੰ. 774 ਅਨੁਵਾਨ - 1 ਦਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ, 2. ਮਲਕੀਤ ਸਿੰਘ ਪੁੱਤਰ ਗੁਰਦੇਵ ਸਿੰਘ, 3. ਹਮੀਰ ਕੌਰ ਪਤਨੀ ਜੋਗਿੰਦਰ ਸਿੰਘ, 4. ਜਸਵੰਤ ਕੌਰ ਵਿਧਵਾ ਹਰਇੰਦਰ ਸਿੰਘ, 5. ਜਸਪ੍ਰੀਤ ਸਿੰਘ, 6. ਭਾਲਇੰਦਰ ਸਿੰਘ ਪੁੱਤਰਾਨ ਹਰਇੰਦਰ ਸਿੰਘ, 7. ਬਲਵਿੰਦਰ ਕੌਰ ਵਿਧਵਾ ਕਰਮਜੀਤ ਸਿੰਘ, 8. ਰਾਜਵੀਰ ਕੌਰ, 9. ਨਸੀਬ ਕੌਰ ਪੁੱਤਰੀਆਨ ਕਰਮਜੀਤ ਸਿੰਘ, 10. ਦਵਿੰਦਰ ਕੌਰ ਵਿਧਵਾ ਰਣਜੀਤ ਸਿੰਘ, 11. ਪਾਲਇੰਦਰ ਕੌਰ, 12. ਜਤਿੰਦਰ ਕੌਰ, 13. ਅਮਇੰਦਰ ਸਿੰਘ, 14. ਕਰਮਜੀਤ ਕੌਰ ਪੁੱਤਰੀਆਨ ਰਣਜੀਤ ਸਿੰਘ, 15. ਕਰਮਜੀਤ ਸਿੰਘ ਪੁੱਤਰ ਬਲਦੇਵ ਸਿੰਘ, 16 ਦਵਿੰਦਰ ਕੌਰ ਪਤਨੀ ਮਲਕੀਤ ਸਿੰਘ, 17. ਜਗਵੀਰ ਸਿੰਘ ਪੁੱਤਰ ਕਰਮ ਸਿੰਘ, 18. ਜਗਵਿੰਦਰ ਸਿੰਘ ਪੁੱਤਰ ਰਛਪਿੰਦਰ ਸਿੰਘ, 19. ਗੁਰਦਰਸਨ ਸਿੰਘ ਪੁੱਤਰ ਕਰਮ ਸਿੰਘ, 20. ਗੁਰਪ੍ਰੀਤ ਕੌਰ ਪੁੱਤਰੀ ਕੁਲਦੀਪ ਸਿੰਘ, 21. ਮਹਿੰਦਰ ਕੌਰ ਪਤਨੀ ਦਰਬਾਰਾ ਸਿੰਘ, 22. ਨਿਰਮਲ ਸਿੰਘ ਪੁੱਤਰ ਹਰਨੇਕ ਸਿੰਘ, 23. ਦੀਦਾਰ ਸਿੰਘ ਪੁੱਤਰ ਜੋਰਾ ਸਿੰਘ, 24. ਰਾਜਵੀਰ ਕੌਰ ਵਿਧਵਾ ਲਾਭ ਸਿੰਘ, 25. ਤੇਜਿੰਦਰ ਸਿੰਘ, 26. ਸੁਭਿੰਦਰ ਸਿੰਘ ਪੁੱਤਰਾਨ ਲਾਭ ਸਿੰਘ, 27.ਗੁਰਚਰਨ ਸਿੰਘ ਪੁੱਤਰ ਨਗੀਨਾ ਸਿੰਘ, 28 ਗੁਰਸੇਵਕ ਸਿੰਘ ਪੁੱਤਰ ਮਨਜੀਤ ਸਿੰਘ, 29. ਰੁਪਿੰਦਰ ਸਿੰਘ ਪੁੱਤਰ ਮਨਜੀਤ ਸਿੰਘ, 30. ਅਮਨਜੋਤ ਕੌਰ ਪੁੱਤਰੀ ਮਨਜੀਤ ਸਿੰਘ, 31. ਧੰਨਵੰਤ ਸਿੰਘ ਪੁੱਤਰ ਗੁਰਦਿਆਲ ਸਿੰਘ, 32. ਸੁਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ, 33. ਕੌਰ ਸਿੰਘ ਪੁੱਤਰ ਮਹਿੰਦਰ ਸਿੰਘ, 34. ਨਿਰਭੈ ਸਿੰਘ ਪੁੱਤਰ ਜਾਗਰ ਸਿੰਘ, 35. ਮਹਿੰਦਰ ਕੌਰ ਪਤਨੀ ਸਿੰਦਰ ਸਿੰਘ, 36. ਛੋਟਾ ਸਿੰਘ ਪੁੱਤਰ ਮੰਗਲ ਸਿੰਘ, 37. ਨਿਰਭੈ ਸਿੰਘ ਪੁੱਤਰ ਜਾਗਰ ਸਿੰਘ, 38. ਸੁਰਜੀਤ ਸਿੰਘ ਪੁੱਤਰ ਦਰਬਾਰਾ ਸਿੰਘ, 39. ਕਮਲਜੀਤ ਕੌਰ ਪੁੱਤਰੀ ਦੇਵਰਾਜ ਸਿੰਘ, 40. ਕੁਲਵੰਤ ਸਿੰਘ ਪੁੱਤਰ ਰਾਮ ਚੰਦ, 41. ਮਿੱਠੂ ਸਿੰਘ ਪੁੱਤਰ ਕਰਨੈਲ ਸਿੰਘ, 42. ਦੀਦਾਰ ਸਿੰਘ ਪੁੱਤਰ ਜੋਰਾ ਸਿੰਘ ਵਾਸੀਆਨ / ਖੇਵਟਦਾਰ ਪਿੰਡ ਰੇਤਗੜ੍ਹ, ਤਹਿ. ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ

ਨੰਬਰ : 1220 /ਰੀਡਰ-2 ਮਿਤੀ : 2/4/24

ਸਹਾਇਕ ਕੁਲੈਕਟਰ ਦਰਜਾ ਪਹਿਲਾ ਕਮ-ਨਾਇਬ ਤਹਿਸੀਲਦਾਰ ਭਵਾਨੀਗੜ੍ਹ

## COURT NOTICE

(U/o 5 Rule 20 CPC)
In the Court of Ms. Tripat Jot Kaur Additional Principal Judge Family Court-1 Jalandhar
CNR No. PBJL01-003234-2024
Next Date :- 28-05-2024
Ravinder Kumar
aged about 36 years S/o Ram Lal resident of H. No. 3250/10, Hari Pur Road, Dashmesh Nagar, Adampur, Jalandhar-144102
Vs.
General Public
Petition Under Guardian and Wards Act
Publication Issued to : General Public
:- General Public
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 28.05.2024 at 10:00 A.M.
For details logon to https://highcourtchd.gov.in/?trs=district_notice&district= Jalandhar
Additional Principal Judge Family Court-1, Jalandhar
Dated this day of 18-04-2024

## COURT NOTICE

Court Notice
(U/o 5 Rule 20 CPC)
In the Court of Ms. Tripat Jot Kaur Additional Principal Judge Family Court-1 Jalandhar
CNR No. PBJL01-015413-2013
Next Date :- 10-05-2024
Guravtar Singh
aged about 46 years S/o Malook Singh R/o 214-8205-86 Ave NW, City of Edmonton, Province of Alberta, 16 C 3J3 Canada through attorney Ajay Kumar S/o Ashok Kumar R/o House No. 18-A,New Dashmesh Nagar, Jalandhar.
Vs.
1. Rajwinder kaur
D/o Amarjit Singh R/o House No. 32, Near Dashmesh Nagar, A.S. Villa, Jalandhar
2. General Public
Petition Under Guardian and Wards Act
Publication Issued to : General Public
General Public
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 10.05.2024 at 10:00 A.M.
For details logon to https://highcourtchd.gov.in/?trs=district_notice&district= Jalandhar
Additional Principal Judge Family Court-1 Jalandhar
Dated this day of 18-04-2024

# ਕਲਾਸੀਫਾਈਡ ਇਸ਼ਤਿਹਾਰ

## Change of Name

I, Rahul S/o Sunil Kumar R/o H.No. 265/A, Main Road, Railway Lines, Ekta Nagar, Surya Enclave, Po. Chogitti, Distt. Jalandhar, Punjab Have Changed My Name From Rahul To Rahul Gaba (Surname as Gaba) All Please Note.

I Aruna Devi W/o Amarjeet V.P.O. Khurdpur (Jalandhar) inform that I have changed my daughter's name from Savita to Savita Kumari and my son's name from Harjot to Harjot Kumar. Concerned note.

I Khushpreet S/O Hira Lal R/o H.No. 258 Mandi Mohalla, Kartarpur PO Kartarpur, Jalandhar-144801, Punjab, have changed my name from Khushpreet to Khushpreet Khosla (surname as Khosla).

I Rakesh Kumar S/O Sudershan Lal R/O House No. W E 345 Ali Mohalla Jalandhar Declare That I Have Changed My Name From Rakesh Kumar To Rakesh Khurana .

I Karandeep S/o Kamaljit Kumar R/o Binjon Tehsil Garhshankar Distt Hoshiarpur have changed my name to Karandeep to Karandeep Kumar (Kumar) as surname.

I, Krishna Devi W/o Amarjit Singh R/o Village Muzaffarpur, Po. Bhojowal, Jalandhar have changed my Name From Krishana Devi To Krishna Devi. All Please Note.

I, Anita Sharma W/o Nipun Mahajan R/o H.No.171, Ward No.12, Mohalla Mistarian, Sujanpur (Rural), Pathankot, Punjab-145023. have changed my name and shall hereafter be Known as Deeksha Mahajan. All Please Note.

I, Kulvinder Kaur W/o Naib Singh R/o Chirwa, Patiala, Punjab- 147111, Declare that name of Mine has been wrongly written as Kulwinder Kaur in my minor Daughter Amandeep Kaur, aged about 13 Years, In her Birth Certificate. The actual name of Mine is Kulvinder Kaur, which may be amended accordingly.

I, Smita Sharma D/o Prakash Chand Sharma R/o H.No-855, Sector-23, VTC- Faridabad Sector 22,, Faridabad, Haryana-121005. have changed my name and shall hereafter be Known as Smitaa S Sharma. All Please Note.

I, Balram S/o Ram Chander R/o 69, Ward No 1, Khawaja Ahmadpur, (36), Karnal, Haryana- 132117, have changed my name and shall hereafter be Known as Balram Singh. All Please Note.

I, Yadwinder Singh S/o Tirath Kumar R/o Dandoh, Hoshiarpur, Punjab-144209, I have changed the name of my minor daughter Harshita aged about 4 years and She shall hereafter be known as Harshita Kajla. All Please Note.

I, Manpreet Kaur D/o Satnam Singh w/o Preet Harinder Singh Lehal r/o HNo.105, Rose Park , Gulab Devi Hospital Road, Dstt.-144008 have changed my name to Manpreet Kaur Lehal. All Please Note.

## Change of Name

I, Gurbax S/o Geju Ram R/o Vill. Johal, Po. Bara Pind, Distt. Jalandhar, Punjab have changed my name from Gurbax to Gurbax Ram. All Please Note.

I, Bachiter Singh S/o Jagir Singh R/o Village Dhirpur, Po. Dialpur, District Jalandhar, Punjab Have Changed My Name From Bachiter Singh To Bachitar Singh. All Please Note.

I, Rakesh Kumar s/o Kulwant Rai r/o VPO. Budhiana, Near Jandu Singha, Jalandhar-144101, Punjab have changed my minor son name from Kunal to Kunal Kumar. All Please Note.

I, Sonia Rana @ Sonu Devi w/o Gurdial Singh r/o 292-293, Nandanpur Road, Vivekanand Park, Maqsudan, Jalandhar have changed my name to Sona Kumari. All Please Note.

I, Anjali Rani w/o Dharamvir Dharamvir r/o VPO.Ucha, Distt. Jalandhar have changed my name after marriage from Anjali Rani to Anjali as given name and Rani as Surname. All Please Note.

I, Ankit s/o Bhal Chander r/o H.No. 356, Shastri Nagar, Jalandhar-144002, Punjab have changed my name from Ankit to Ankit Sharma. All Please Note.

I, Paramjit Singh s/o Sucha Singh r/o 98, VPO. Thatta Nawan, Tehsil Sultanpur Lodhi, Kapurthala-144628 have changed my name to Paramjit Singh Thind. All Please Note.

I, Paramjit Singh Thind s/o Sucha Singh r/o 98, VPO. Thatta Nawan, Tehsil Sultanpur Lodhi, Kapurthala-144628 have changed my minor son name from Sharanjit Singh to Sharanjit Singh Thind. All Please Note.

I, Paramjit Singh Thind s/o Sucha Singh r/o 98, VPO. Thatta Nawan, Tehsil Sultanpur Lodhi, Kapurthala-144628 have changed my minor daughter name from Harsimran Kaur to Harsimran Kaur Thind. All Please Note.

I, Sona Devi w/o Gurdial Singh r/o H.No.292-293, Nandanpur Road, Vivekanand Park, Maqsudan, Jalandhar have changed my name to Sona Kumari. All Please Note.

I, Lakhwinder Singh alias Lakhveer Singh s/o Gurdeep Singh r/o Vill.Surkhan, Surak Po. Sher Singh Wala, Kapurthala, have changed my name to Lakhvir Singh. All Please Note.

I, Davinder Kumar S/o Surinder Pal R/o VPO. Kapoor Pind, Distt. Jalandhar-144025, Punjab Have Changed My Name From Davinder Kumar To Kumar Davinder (Surname as Kumar)

## Change of Name

I, Kiranjot W/O Rajinder Singh Anand R/O H. No. 73, Golden Avenue, Phase-1, Garha Road, Garha, Jalandhar, Punjab-144022 have changed my name from Kiranjot to Kiranjot Anand. (After marriage I have added my surname as Anand). All note.

## ਬੇਦਖਲੀ ਨੋਟਿਸ

ਮੈਂ, ਜਤਿੰਦਰ ਕੌਰ ਪੁੱਤਰੀ ਬਲਦੇਵ ਸਿੰਘ ਵਾਸੀ 148, ਆਰ. ਬੀ. ਗਾਰਡਨ, ਨਜ਼ਦੀਕ ਬਦਰੀਨਾਥ ਹਸਪਤਾਲ, ਫਤਹਿਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ, ਆਪਣੇ ਗੋਦ ਲਏ ਪੁੱਤਰ ਸਾਹਿਲ ਸ਼ਰਮਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।

ਮੈਂ, ਗੁਰਬਖਸ਼ ਕੌਰ ਪਤਨੀ ਲੇਟ ਤਰਸੇਮ ਸਿੰਘ ਵਾਸੀ ਨਵੀਂ ਅਬਾਦੀ, ਪਿੰਡ ਤੇ ਡਾਕਖਾਨਾ ਜੰਡਿਆਲਾ, ਤਹਿਸੀਲ ਫਿਲੌਰ, ਧਾਲੀਵਾਲ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰੇ ਦੋਨੋਂ ਲੜਕੇ ਅਵਤਾਰ ਸਿੰਘ ਤੇ ਸੁਖਵਿੰਦਰ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮਨੋਜ ਕੁਮਾਰ ਪੁੱਤਰ ਜੁਗਿੰਦਰ ਪਾਲ ਵਾਸੀ ਪਿੰਡ ਤੇ ਡਾਕਖਾਨਾ ਪੰਡੋਵਾਲੀ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ ਅਤੇ ਉਸਦੀ ਪਤਨੀ ਨੀਸ਼ਾ ਰੰਧਾਵਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਇਹਨਾਂ ਦੇ ਲੜਕੇ ਬਰੈਨ ਕੁਮਾਰ ਸਮੇਤ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਲੋੜ ਹੈ

ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ, ਜੀ.ਟੀ.ਰੋਡ, ਅੰਮ੍ਰਿਤਸਰ ਨੂੰ ਇੰਟਰਨਲ ਆਡੀਟਰ (ਚਾਰਟਡ ਅਕਾਊਂਟੈਂਟ) ਦੀ ਲੋੜ ਹੈ। ਘੱਟੋ-ਘੱਟ ਪੰਜ ਸਾਲ ਦਾ ਤਜਰਬਾ ਰੱਖਣ ਵਾਲੇ ਚਾਹਵਾਨ ਉਮੀਦਵਾਰ ਸਮੁੱਚੇ ਪੰਜਾਬ ਅਤੇ ਚੰਡੀਗੜ੍ਹ ਵਿਖੇ ਦੀਵਾਨ ਅਧੀਨ ਚੱਲ ਰਹੇ ਅਦਾਰਿਆਂ ਲਈ ਮਿਤੀ 25-04-2024 ਤੱਕ ckd_ca@chiefkhalsadiwan.com 'ਤੇ ਅਪਲਾਈ ਕਰ ਸਕਦੇ ਹਨ।

## PUBLIC NOTICE

I, MANJIT KAUR W/o SUKHDEV SINGH R/o VILLAGE SHAHPUR, TEHSIL NAKODAR (JAL.) Have inform General Public I lost my four pages of Sale deed Document No. 826 Dated 08/06/2010 same is purchased Vide Regd. document No. 2022-23/182/1858 Dt. 07/03/2023. If found contacted 9592661293.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਮਹਾਂ ਕਾਲੀ ਮੰਦਰ ਵਿਖੇ ਮਾਤਾ ਰਾਣੀ ਦੀ ਚੌਂਕੀ ਦਾ ਅਯੋਜਨ



**ਕਾਦੀਆਂ, (ਯਾਦਵਿੰਦਰ ਸਿੰਘ ਮਲਹੋਤਰਾ)**-ਧਰਮ ਸ਼ਾਲਾ ਸ੍ਰੀ ਕਾਲੀ ਦੁਆਰਾ ਵੈਲਫੇਅਰ ਸੁਸਾਇਟੀ ਮੇਨ ਬਜ਼ਾਰ ਕਾਦੀਆਂ ਵਲੋਂ ਮੰਦਰ ਵਿਖੇ ਮਾਤਾ ਰਾਣੀ ਦੀ ਚੌਂਕੀ ਦਾ ਅਯੋਜਨ ਪ੍ਰਧਾਨ ਪਵਨ ਕੁਮਾਰ ਭਾਟੀਆ ਦੀ ਅਗਵਾਈ ਵਿੱਚ ਕੀਤਾ ਗਿਆ। ਇਸ ਮੌਕੇ ਮਾਤਾ ਰਾਣੀ ਦੀਆਂ ਭੇਟਾਂ ਦਾ ਗੁਨਗਾਣ ਪੰਜਾਬ ਦੇ ਮਸ਼ਹੂਰ ਧਾਰਮਿਕ ਗਾਇਕ ਲਲਿਤ (ਬਿੱਟਾ ਭਨੋਟ), ਭਗਤ ਮੋਤੀ ਲਾਲ, ਸੂਰਜ, ਗੌਰਵ ਭਨੋਟ (ਸ਼ੈਂਪੀ), ਮੋਤੀ ਲਾਲ ਟੇਲਰ ਅਤੇ ਹੋਰ ਧਾਰਮਿਕ ਗਾਇਕਾਂ ਵਲੋਂ ਮਾਤਾ ਰਾਣੀ ਦੀਆਂ ਭੇਟਾਂ ਦਾ ਗੁਨਗਾਣ ਕੀਤਾ ਗਿਆ।ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਪਵਨ ਕੁਮਾਰ ਭਾਟੀਆ ਨੇ ਆਈਆਂ ਹੋਈਆਂ ਸਮੂਹ ਸੰਗਤਾਂ, ਸਾਰੇ ਮੰਦਰ ਕਮੇਟੀਆਂ ਦੇ ਪ੍ਰਧਾਨਾਂ ਦਾ ਧੰਨਵਾਦਾ ਕੀਤਾ। ਇਸ ਮੌਕੇ ਵਰਿੰਦਰ ਪ੍ਰਭਾਕਰ, ਬਾਬਾ ਲੱਖ ਦਾਤਾ ਦਰਬਾਰ ਕਮੇਟੀ ਦੇ ਪ੍ਰਧਾਨ ਜੋਗਿੰਦਰ ਪਾਲ ਬਿੱਟੂ, ਪੰਡਤ ਅਸ਼ੋਕ ਸ਼ਰਮਾਂ, ਮੰਦਰ ਠਾਕੁਰ ਦੁਆਰਾ ਦੇ ਪ੍ਰਧਾਨ ਨਰੇਸ਼ ਅਰੋੜਾ, ਰਾਜ ਕੁਮਾਰ ਜੁਲਕਾ, ਬਾਲ ਕ੍ਰਿਸ਼ਨ ਗੁਪਤਾ, ਕੇਵਲ ਗੁਪਤਾ, ਜਸਪਾਲ ਸਿੰਘ ਭਾਟੀਆ, ਤਿਲਕ ਰਾਜ ਮੁਨੀਮ, ਮੰਦਰ ਕਮੇਟੀ ਵੱਲੋਂ ਅਸ਼ੋਕ ਨਈਅਰ, ਸਵਰਨ ਸਿੰਘ ਲਾਡੀ, ਲਲਿਤ ਭਨੋਟ, ਗੌਰਵ ਭਨੋਟ, ਬੱਬਲ ਮਹਾਜਨ, ਡਾਕਟਰ ਤਿਲਕ ਰਾਜ, ਸੂਰਜ ਆਦਿ ਹਾਜ਼ਰ ਸਨ।

# ਕਾਂਗਰਸ 13 ਦੀਆਂ 13 ਸੀਟਾਂ ਜਿੱਤ ਕੇ ਹੂੰਝਾ ਫ਼ੇਰੂ ਜਿੱਤ ਹਾਸਲ ਕਰੇਗੀ : ਕੱਕੜ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਵਿਧਾਨ ਸਭਾ ਹਲਕਾ ਰਾਜਾਸਾਂਸੀ ਤੋਂ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਦੀ ਯੋਗ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਵਿਰੋਧੀਆਂ ਦੀ ਬੋਲਤੀ ਬੰਦ ਕਰਵਾ ਦੇਵਾਂਗੇ। ਗੁਰਜੀਤ ਸਿੰਘ ਔਜਲਾ ਲਗਾਤਾਰ ਤੀਸਰੀ ਵਾਰ ਸ਼ਾਨਦਾਰ ਜਿੱਤ ਹਾਸਲ ਕਰਕੇ ਹੈਟ੍ਰਿਕ ਬਨਾਉਣਗੇ ਅਤੇ ਕੇਂਦਰ ਵਿੱਚ ਬਣ ਰਹੀ ਕਾਂਗਰਸ ਦੀ ਸਰਕਾਰ ਵਿੱਚ ਸਰਹੱਦੀ ਲੋਕਾਂ ਦੇ ਮਸਲੇ ਹਲ ਕਰਵਾਉਂਣਗੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਮੁੱਖ ਬੁਲਾਰਾ ਜਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ 'ਚ ਅਜੇ ਤੱਕ ਕਿਤੇ ਵੀ ਕੋਈ ਵਿਕਾਸ ਦਾ ਕੰਮ ਨਹੀਂ ਕਰਵਾਇਆ। ਕੱਕੜ ਨੇ ਕਿਹਾ ਕਿ ਹਲਕਾ ਰਾਜਾਸਾਂਸੀ ਦੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਨੇ ਜਦੋਂ ਵੀ ਉਹਨਾਂ ਨੂੰ ਪਾਵਰ ਮਿਲੀ ਉਹਨਾਂ ਪੰਜਾਬ ਦੇ ਨਾਲ ਨਾਲ ਆਪਣੇ ਹਲਕੇ ਰਾਜਾਸਾਂਸੀ ਦਾ ਵਿਕਾਸ ਬਿਨਾਂ ਕਿਸੇ ਵਿਤਕਰੇ ਦੇ ਕਰਵਾਇਆ। ਮੰਡੀ ਬੋਰਡ ਦਾ ਚੇਅਰਮੈਨ ਬਣਨ ਮੌਕੇ ਸਰਕਾਰੀਆ ਨੇ ਸੜਕਾਂ ਦਾ ਜਾਲ ਵਿਛਾ ਦਿੱਤਾ ਸੀ। ਕਾਂਗਰਸ ਸਰਕਾਰ ਸਮੇਂ ਸੂਏ ਪੱਕੇ ਕਰਵਾਏ, ਬਲਾਕ ਚੋਗਾਵਾਂ ਵਿਖੇ ਇਕ ਛੱਤ ਥੱਲੇ ਸਾਰੇ ਸਰਕਾਰੀ ਅਦਾਰੇ ਲਿਆਉਂਣ ਦਾ ਕੰਮ ਸ਼ੁਰੂ ਕਰਵਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ ਵਿੱਚ 13 ਦੀਆਂ 13 ਸੀਟਾਂ ਤੇ ਹੂੰਝਾ ਫ਼ੇਰੂ ਜਿੱਤ ਹਾਸਲ ਕਰੇਗੀ।

# ਸ਼ਾਇਰ ਡਾ. ਮੋਹਨਜੀਤ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** - ਅੰਮ੍ਰਿਤਸਰ ਦੇ ਪਿੰਡ ਅਦਲੀਵਾਲ ਵਿਚ 7 ਮਈ 1938 ਨੂੰ ਜਨਮੇ ਤੇ ਦਿੱਲੀ ਵੱਸਦੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਉੱਚ ਦੁਮਾਲੜੇ ਸ਼ਾਇਰ ਡਾ. ਮੋਹਨਜੀਤ ਦੇ ਸਦੀਵੀ ਵਿਛੋੜੇ ਨੇ ਲੇਖਕਾਂ ਤੇ ਸਾਹਿਤ ਪ੍ਰੇਮੀਆਂ ਦੇ ਦਿਲਾਂ ਵਿਚ ਡੂੰਘਾ ਗਮ ਪੈਦਾ ਕੀਤਾ ਹੈ।ਦਿੱਲੀ ਵਿਖੇ ਸਦੀਵੀ ਵਫ਼ਾਤ ਪਾ ਗਏ ਪੰਜਾਬੀ ਜ਼ੁਬਾਨ ਦੇ ਸੁਚਿਆਰੇ ਪੁੱਤਰ ਡਾ. ਮੋਹਨਜੀਤ ਨੇ ਬਹੁਤ ਮੁੱਲਵਾਨ ਪੁਸਤਕਾਂ 'ਓਹਲੇ ਵਿਚ ਉਜਿਆਲਾ', 'ਹਵਾ ਪਿਆਜ਼ੀ', 'ਕੋਣੇ ਦਾ ਸੂਰਜ' ਤੇ 'ਕੀ ਨਦੀ ਕੀ ਨਾਰੀ', ਸਮੇਤ ਕਵਿਤਾ, ਅਨੁਵਾਦ ਤੇ ਅਲੋਚਨਾ ਦੀਆਂ ਦੋ ਦਰਜਨ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਅੰਮ੍ਰਿਤਸਰ ਨਾਲ ਉਨ੍ਹਾਂ ਨੂੰ ਅੰਤਾਂ ਦਾ ਮੋਹ ਰਿਹਾ। ਕੁਝ ਸਮਾਂ ਪਹਿਲਾਂ ਹੀ ਉਹ ਨੇ ਅੰਬਰਸਰ ਆਪਣੇ ਵਿਆਹ ਦੀ 50ਵੀਂ ਵਰ੍ਹੇ ਗੰਢ ਮਨਾਉਣ ਆਏ ਸੀ। ਉਨ੍ਹਾਂ ਦੇ ਵਿਛੋੜੇ ਤੇ ਪ੍ਰਗਤੀਸ਼ੀਲ ਲੇਖਕ ਸੰਘ ਅੰਮ੍ਰਿਤਸਰ, ਵਿਰਸਾ ਵਿਹਾਰ ਸੋਸਾਇਟੀ, ਪੰਜਾਬੀ ਸਾਹਿਤ ਸਭਾ ਚੋਗਾਵਾਂ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ, ਫੋਕਲੋਰ ਰਿਸਰਚ ਅਕਾਦਮੀ ਤੇ ਮਾਝਾ ਵਿਰਾਸਤ ਮੰਚ ਦੇ ਆਗੂਆਂ ਕੇਵਲ ਧਾਲੀਵਾਲ, ਭੁਪਿੰਦਰ ਸਿੰਘ ਸੰਧੂ, ਰਮੇਸ਼ ਯਾਦਵ, ਐਸ. ਪਰਸ਼ੋਤਮ, ਧਰਵਿੰਦਰ ਔਲਖ, ਡਾ. ਸੁਖਦੇਵ ਸਿੰਘ ਸੇਖੋਂ, ਕਮਲ ਗਿੱਲ, ਗੁਰਬਾਜ਼ ਛੀਨਾ, ਡਾ ਰਾਣੀ, ਕਵਲਨੈਨ ਸਿੰਘ, ਸੁਖਬੀਰ ਸਿੰਘ ਭੋਮਾ, ਨਿਰੰਜਣ ਸਿੰਘ ਗਿੱਲ, ਹਰਦਰਸ਼ਨ ਸਿੰਘ ਕਮਲ, ਗੁਰਪ੍ਰੀਤ ਸਿੰਘ ਕੱਦਗਿੱਲ, ਕੁਲਦੀਪ ਸਿੰਘ ਦਰਾਜਕੇ ਆਦਿ ਨੇ ਆਪਣੇ ਆਪਣੇ ਜੀਵਨ ਕਾਲ ਵਿੱਚ ਡਾ.ਮੋਹਨਜੀਤ ਨਾਲ ਜੁੜੀਆਂ ਸਾਂਝਾਂ ਦਾ ਜ਼ਿਕਰ ਕਰਦਿਆਂ ਦਿਲੋਂ ਸ਼ਰਧਾਂਜਲੀ ਭੇਟ ਕੀਤੀ।

# ਡਾਕਟਰ ਗਾਂਧੀ ਵੱਲੋਂ ਹਲਕਾ ਸ਼ੁਤਰਾਣਾ 'ਚ ਚੋਣ ਮੁਹਿੰਮ ਦਾ ਆਗਾਜ਼

## 'ਆਪ' ਲੀਡਰਸ਼ਿਪ ਆਪਣੇ ਪੁਰਾਣੇ ਸਿਧਾਂਤਾਂ ਨੂੰ ਗਵਾ ਚੁੱਕੀ ਹੈ : ਗਾਂਧੀ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਬਾਬਾ ਭੀਮ ਰਾਓ ਅੰਬੇਡਕਰ ਦੁਆਰਾ ਸਿਰਜੇ ਦੇਸ਼ ਦੇ ਸੰਵਿਧਾਨ ਨੂੰ ਬਚਾਉਣ, ਧਰਮ ਨਿਰਪੱਖਤਾ, ਬੁਨਿਆਦੀ ਸਹੂਲਤਾਂ, ਮਨੁੱਖੀ ਅਧਿਕਾਰਾਂ, ਸਮਾਜਿਕ ਇੱਜਤ, ਆਰਥਿਕ ਤੇ ਧਾਰਮਿਕ ਅਜ਼ਾਦੀ ਅਤੇ ਸਮਾਜਿਕ ਵਿਕਾਸ ਦੀ ਬਹਾਲੀ ਲਈ ਭਾਜਪਾ ਤੇ ਆਮ ਆਦਮੀ ਪਾਰਟੀ ਤੋਂ ਛੁਟਕਾਰਾ ਪਾਉਣ ਲਈ ਲੋਕ ਸਭਾ ਚੋਣ ਮਹੱਤਵਪੂਰਨ ਹੈ।

ਇਹ ਪ੍ਰਗਟਾਵਾ ਕਾਂਗਰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਕਾਂਗਰਸ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਦੀ ਰਹਿਨੁਮਾਈ ਹੇਠ ਪਿੰਡ ਬਣਵਾਲਾ ਵਿਖੇ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਨਾਲ ਮੀਟਿੰਗ ਕਰਕੇ ਚੋਣ ਪ੍ਰਚਾਰ ਵਿੱਚ ਜੁੱਟ ਜਾਣ ਦੀ ਅਪੀਲ ਨਾਲ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕੀਤਾ ਹੈ।

ਕਾਂਗਰਸੀ ਉਮੀਦਵਾਰ ਡਾਕਟਰ ਗਾਂਧੀ ਨੇ ਕਿਹਾ ਕਿ ਭਾਜਪਾ ਨੇ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਤੋਂ ਮੁੱਕਰ ਕੇ ਦੇਸ਼ ਦੇ ਅੰਨਦਾਤੇ ਨਾਲ ਵਾਅਦਾ ਖਿਲਾਫੀ ਕੀਤੀ ਹੈ।ਕਿਸਾਨਾਂ ਦੀਆਂ ਮੰਗਾਂ ਮਨਵਾਉਣ ਸੰਘਰਸ਼ ਕਰਦੇ ਕਿਸਾਨਾਂ ਉੱਤੇ ਹਰਿਆਣਾ ਪੁਲਸ ਤੇ ਸੁਰੱਖਿਆ ਬਲਾਂ ਨੇ ਅਣਮਨੁੱਖੀ ਅੱਤਿਆਚਾਰ ਕਰਦਿਆਂ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਹੈ।ਉਨ੍ਹਾ ਕਿਹਾ ਕਿ 'ਆਪ' ਦੀ ਅਜੋਕੀ ਲੀਡਰਸ਼ਿਪ ਆਪਣੇ ਪੁਰਾਣੇ ਸਿਧਾਂਤਾਂ ਨੂੰ ਗਵਾ ਕੇ ਆਮ ਪਾਰਟੀਆਂ ਵਰਗੀ ਪਾਰਟੀ ਹੋ ਗਈ ਹੈ, ਪੰਜਾਬ ਵਿੱਚ ਸ਼ਿਖਰਾਂ ਨੂੰ ਛੋਹ ਰਹੇ ਭ੍ਰਿਸ਼ਟਾਚਾਰ ਤੋਂ ਦੁਖੀ ਲੋਕ ਭਾਜਪਾ ਤੇ 'ਆਪ' ਦੇ ਉਮੀਦਵਾਰਾਂ ਨੂੰ ਮੂੰਹ ਤੋੜਵਾਂ ਜਵਾਬ ਦੇਣ ਲਈ ਮਨ ਬਣਾਈ ਬੈਠੇ ਹਨ।ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਤੇ ਸੀਨੀਅਰ ਕਾਂਗਰਸੀ ਆਗੂ ਦਲੇਰ ਸਿੰਘ ਹਰਿਆਊ ਨੇ ਕਿਹਾ ਕਿ ਦੋ ਵਾਰ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ ਤੇ ਚਾਰ ਵਾਰ ਲੋਕ ਸਭਾ ਮੈਂਬਰ ਰਹੀ ਪ੍ਰਨੀਤ ਕੌਰ ਨੇ ਹਰ ਸਾਲ ਬਰਬਾਦੀ ਦਾ ਕਾਰਨ ਬਣਦੇ ਘੱਗਰ ਦਰਿਆ, ਰੇਲਵੇ ਲਾਈਨ, ਉੱਚ ਤੇ ਤਕਨੀਕੀ ਸਿੱਖਿਆ, ਸਿਹਤ ਸਹੂਲਤਾਂ ਤੇ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਦੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।ਉਨ੍ਹਾਂ ਵੋਟਰਾਂ ਨੂੰ ਯਕੀਨ ਦਿਵਾਇਆ ਕਿ ਜਿੱਤਣ ਤੋਂ ਬਾਅਦ ਡਾਕਟਰ ਧਰਮਵੀਰ ਗਾਂਧੀ ਉਕਤ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਗੇ ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਖਰੋੜਾ, ਗੁਰਦਰਸ਼ਨ ਸਿੰਘ ਗਲੋਲੀ, ਨਿਰਮਲ ਸਿੰਘ ਪੰਨੂ, ਸਾਬਕਾ ਸਰਪੰਚ ਮੋਹਰ ਸਿੰਘ ਜਿਉਣਪੁਰਾ, ਭਗਤ ਸਿੰਘ ਧਾਮੀ, ਰਾਜਕੁਮਾਰ ਖੇਤਲਾ, ਅੰਮ੍ਰਿਤ ਅਨਮੋਲ, ਰਣਜੀਤ ਸਿੰਘ ਮੁਤੌਲੀ ਤੇ ਪਿਆਰਾ ਸਿੰਘ ਗੁਲਾੜ ਆਦਿ ਨੇ ਸੰਬੋਧਨ ਕੀਤਾ।

# ਮੋਟਰਸਾਈਕਲ ਰੇਹੜੀ ਯੂਨੀਅਨ ਵੱਲੋਂ ਕੌਮਾਂਤਰੀ ਮਜ਼ਦੂਰ ਦਿਵਸ ਮਨਾਉਣ ਦਾ ਫੈਸਲਾ

ਮਾਨਸਾ (ਆਤਮਾ ਸਿੰਘ ਪਮਾਰ)-ਡਾ. ਬਾਬਾ ਸਾਹਿਬ ਅੰਬੇਡਕਰ ਮੋਟਰਸਾਈਕਲ ਰੇਹੜੀ ਯੂਨੀਅਨ ਮਾਨਸਾ ਵੱਲੋਂ ਬਾਬਾ ਬੂਝਾ ਸਿੰਘ ਯਾਦਗਾਰ ਭਵਨ ਵਿਖੇ ਕੌਮਾਂਤਰੀ ਮਜ਼ਦੂਰ ਦਿਵਸ 1 ਮਈ ਦੀ ਤਿਆਰੀ ਸਬੰਧੀ ਅਤੇ ਸ਼ਹਿਰ ਵਿੱਚ ਠੇਕੇਦਾਰਾਂ ਵੱਲੋਂ ਸਬਜ਼ੀ ਮੰਡੀ ਵਿੱਚ ਮੋਟਰਸਾਈਕਲ ਰੇਹੜੀਆਂ ਤੇ ਹੋਰ ਛੋਟੇ ਵਹੀਕਲਾਂ ਦੀਆਂ ਰੋਜ਼ਾਨਾ ਪਰਚੀਆਂ ਕੱਟਣ ਦੇ ਵਿਰੋਧ ਵਿੱਚ ਪ੍ਰਧਾਨ ਜਰਨੈਲ ਸਿੰਘ ਦੀ ਪ੍ਰਧਾਨਗੀ ਵਿੱਚ ਮਜ਼ਦੂਰ ਜਮਾਤ ਦੇ ਮਰਹੂਮ ਲੋਕ ਕਵੀ ਕਾਮਰੇਡ ਸੰਤ ਰਾਮ ਉਦਾਸੀ ਜੀ ਦੇ ਜਨਮ ਦਿਵਸ ਤੇ ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਮੁੱਖ ਰੱਖਦਿਆਂ ਮੀਟਿੰਗ ਕੀਤੀ ਗਈ।ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਤਹਿਸੀਲ ਸਕੱਤਰ ਕਾ. ਗੁਰਸੇਵਕ ਸਿੰਘ ਮਾਨਬੀਬੜੀਆਂ ਨੇ ਕਿਹਾ ਕਿ 1 ਮਈ ਕੌਮਾਂਤਰੀ ਮਜ਼ਦੂਰ ਦਿਵਸ ਇੱਕ ਅਜਿਹਾ ਵਿਸ਼ੇਸ਼ ਦਿਨ ਹੈ, ਜੋ ਸਾਰੀ ਦੁਨੀਆ ਵਿੱਚ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ 'ਚ ਮਨਾਇਆ ਜਾਂਦਾ ਹੈ, ਪ੍ਰੰਤੂ ਸਮੇਂ ਦੀਆਂ ਜ਼ਾਲਮ ਸਰਕਾਰਾਂ ਨੇ ਇਸ ਮਜ਼ਦੂਰ ਦਿਵਸ ਦਾ ਕੁਰਬਾਨੀਆਂ ਭਰਿਆ ਇਤਿਹਾਸ ਮਜ਼ਦੂਰਾਂ ਤੋਂ ਦੂਰ ਕਰ ਦਿੱਤਾ ਤੇ ਹੋਰ ਮਜ਼ਦੂਰ ਵਿਰੋਧੀ ਫੈਸਲੇ ਅਤੇ ਪ੍ਰੋਗਰਾਮ ਦੇ ਕੇ ਮਜ਼ਦੂਰ ਜਮਾਤ ਨੂੰ ਪਾੜਨ ਦਾ ਕੰਮ ਕੀਤਾ ਜਾ ਰਿਹਾ ਹੈ।ਪਾਰਟੀ ਆਗੂ ਨੇ ਕਿਹਾ ਕਿ ਮਜ਼ਦੂਰ ਜਮਾਤ ਦਾ ਇਹ ਇਤਿਹਾਸਕ ਦਿਨ ਦਾ ਪੂਰਾ ਇਤਿਹਾਸ ਸਾਨੂੰ ਸਾਰੇ ਮਜ਼ਦੂਰਾਂ ਦੇ ਘਰ ਘਰ ਤੱਕ ਪਹੁੰਚਾਉਣਾ ਚਾਹੀਦਾ ਹੈ ਤੇ ਸਾਨੂੰ ਸ਼ਹੀਦਾਂ ਦੇ ਰਹਿੰਦਿਆਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਵੱਡੀ ਮਜ਼ਦੂਰ ਲਹਿਰ ਉਸਾਰਨ ਦੀ ਲੋੜ ਹੈ। ਉਨ੍ਹਾ ਸਮੁੱਚੇ ਮਜ਼ਦੂਰ ਵਰਗ ਤੇ ਭਰਾਤਰੀ ਜਥੇਬੰਦੀਆਂ ਨੂੰ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਵੀ ਕੀਤੀ। ਉਨ੍ਹਾ ਕਿਹਾ ਕਿ ਇਹ ਦਿਹਾੜਾ ਸਥਾਨਕ ਬਾਬਾ ਬੂਝਾ ਸਿੰਘ ਯਾਦਗਾਰੀ ਭਵਨ ਵਿਖੇ ਹੀ ਮਨਾਇਆ ਜਾਵੇਗਾ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਰਨੈਲ ਸਿੰਘ ਨੇ ਕਿਹਾ ਕਿ ਸਥਾਨਕ ਸਬਜ਼ੀ ਮੰਡੀ ਵਿੱਚ ਕਿਸੇ ਵੀ ਰੇਹੜੀ ਵਾਲੇ ਦੀ ਨਜਾਇਜ਼ ਪਰਚੀ ਨਹੀਂ ਕੱਟਣ ਦਿੱਤੀ ਜਾਵੇਗੀ।ਉਨ੍ਹਾਂ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਗੁੰਡਾ ਪਰਚੀ ਕੱਟਣ ਦੀ ਠੇਕੇਦਾਰਾਂ ਨੂੰ ਇਸੇ ਤਰ੍ਹਾਂ ਖੁੱਲ੍ਹ ਦਿੱਤੀ ਜਾਂਦੀ ਰਹੀ ਤਾਂ ਉਹ ਅਧਿਕਾਰੀਆਂ ਵਿਰੁੱਧ ਸੰਘਰਸ਼ ਕਰਨ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਅੰਗਰੇਜ਼ ਸਿੰਘ ਘਰਾਂਗਣਾ, ਗੋਬਿੰਦ ਸਿੰਘ ਭੈਣੀ ਬਾਘਾ, ਜਸਕਰਨ ਸਿੰਘ ਖਾਲਸਾ, ਅਸ਼ੋਕ ਸਿੰਘ ਖਾਲਸਾ, ਬਲਦੇਵ ਸਿੰਘ ਖਾਲਸਾ, ਤਾਰੀ ਸਿੰਘ ਲਲੂਆਣਾ, ਜਗਜੀਤ ਸਿੰਘ ਮੂਸਾ ਆਦਾ ਆਗੂ ਸ਼ਾਮਲ ਸਨ।

# ਵੱਡਿਆਂ ਦੀਆਂ ਸਾਜ਼ਿਸ਼ਾਂ ਲੋਕਾਂ ਦੇ ਏਕੇ ਅੱਗੇ ਕੰਮ ਨਹੀਂ ਕਰਨਗੀਆਂ : ਖੁੱਡੀਆਂ



ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ)-ਬਠਿੰਡਾ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਬਠਿੰਡਾ ਸ਼ਹਿਰ ਦਾ ਦੌਰਾ ਕੀਤਾ। ਉਨ੍ਹਾ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੇ ਮਹੱਲਿਆਂ ਵਿੱਚ ਲੋਕਾਂ ਦੇ ਭਰਵੇਂ ਇਕੱਠਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਰੋਧੀਆਂ ਨੇ ਬਹੁਤ ਜ਼ੋਰ ਲਾਇਆ ਕਿ ਉਨ੍ਹਾਂ ਦੇ ਵਿਧਾਇਕ ਤੇ ਮੰਤਰੀ ਹੁੰਦਿਆਂ ਉਨ੍ਹਾਂ ਦੀਆਂ ਕੋਈ ਗਲਤੀਆਂ ਕੱਢ ਕੇ ਬਦਨਾਮ ਕਰਨ, ਪਰ ਪ੍ਰਮਾਤਮਾ ਦੇ ਓਟ ਆਸਰੇ ਤੇ ਤੁਹਾਡੇ ਅਸ਼ੀਰਵਾਦ ਸਦਕਾ ਮੈਂ ਪਾਕ ਸਾਫ ਹੋ ਕੇ ਇਸ ਪਰਖ ਦੀ ਘੜੀ ਵਿੱਚੋਂ ਨਿਕਲਿਆ ਹਾਂ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਵੱਲੋਂ ਚੋਣ ਨਾ ਲੜਨ ਦੇ ਫੈਸਲੇ 'ਤੇ ਸਵਾਲ ਚੁੱਕਦਿਆਂ ਜਥੇਦਾਰ ਖੁੱਡੀਆਂ ਨੇ ਕਿਹਾ ਕਿ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਅਕਾਲੀ ਦਲ ਦੀ ਮੌਜੂਦਾ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਹਲਕੇ ਵਿੱਚ ਸਰਗਰਮ ਸਨ, ਜਦੋਂਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਬਠਿੰਡਾ ਲੋਕ ਸਭਾ ਹਲਕੇ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਵਜੋਂ ਵਿਚਰ ਰਹੇ ਸਨ, ਪਰ ਅਚਾਨਕ ਹੀ ਉਹ ਚੋਣ ਦ੍ਰਿਸ਼ ਵਿੱਚੋਂ ਪਾਸੇ ਹੋ ਗਏ।ਉਹ ਕਿਹੜੇ ਕਾਰਨਾਂ ਕਾਰਨ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਨਹੀਂ ਲੜੇ, ਇਸ ਨੂੰ ਲੋਕ ਭਲੀ ਭਾਂਤ ਜਾਣਦੇ ਹਨ।ਜਥੇਦਾਰ ਨੇ ਕਿਹਾ ਕਿ ਵੱਡੇ ਲੋਕਾਂ ਦੀਆਂ ਵੱਡੀਆਂ ਸਾਜ਼ਿਸ਼ਾਂ ਹੁੰਦੀਆਂ ਹਨ, ਪਰ ਲੋਕਾਂ ਦੇ ਏਕੇ ਅੱਗੇ ਇਹ ਸਾਜ਼ਿਸ਼ਾਂ ਕੰਮ ਨਹੀਂ ਕਰਦੀਆਂ ਤੇ ਲੋਕ ਇਨ੍ਹਾਂ ਸਾਜਿਸ਼ਾਂ ਕਰਨ ਵਾਲੇ ਉਮੀਦਵਾਰਾਂ ਨੂੰ ਹਰਾ ਦੇਣਗੇ।ਉਨ੍ਹਾ ਕਿਹਾ ਕਿ ਰਵਾਇਤੀ ਪਾਰਟੀਆਂ ਦੇ ਆਗੂ ਸੋਚਦੇ ਸਨ ਕਿ ਜੇਕਰ ਉਨ੍ਹਾਂ ਦੇ ਘਰ ਬੱਚਾ ਪੈਦਾ ਹੋਵੇਗਾ ਤਾਂ ਉਹ ਵੀ ਮੰਤਰੀ ਹੀ ਬਣੂ, ਪਰ ਪੰਜਾਬ ਦੇ ਬਹਾਦਰ ਲੋਕਾਂ ਨੇ ਆਮ ਘਰਾਂ ਦੇ ਮੁੰਡਿਆਂ ਨੂੰ ਮੰਤਰੀ ਬਣਾ ਕੇ ਇਹ ਦੱਸ ਦਿੱਤਾ ਹੈ ਕਿ ਲੋਕਾਂ ਦੀ ਸ਼ਕਤੀ ਸਭ ਤੋਂ ਵੱਡੀ ਸ਼ਕਤੀ ਹੁੰਦੀ ਹੈ।ਉਨ੍ਹਾਂ ਕਿਹਾ ਕਿ ਮੇਰੇ ਪਿਤਾ ਜੀ 60 ਸਾਲ ਤੋਂ ਰਾਜਨੀਤੀ ਕਰਦੇ ਸਨ, ਜਦੋਂ ਕਿ ਮੈਂ 30 ਸਾਲ ਤੋਂ ਲਗਾਤਾਰ ਲੋਕ ਪੱਖੀ ਰਾਜਨੀਤੀ ਕਰਦਾ ਰਿਹਾ, ਸਾਡਾ ਪਰਿਵਾਰ ਉਥੇ ਦਾ ਉਥੇ ਹੈ, ਜਦੋਂ ਕਿ ਰਵਾਇਤੀ ਪਾਰਟੀਆਂ ਦੇ ਆਗੂ ਕਿੱਥੇ ਪਹੁੰਚ ਗਏ, ਇਹ ਸਭ ਦੇ ਸਾਹਮਣੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਹੁਕਮ ਹੋਇਆ ਸੀ ਕਿ ਉਹ ਦੁਬਾਰਾ ਜਰਵਾਨਿਆਂ ਨਾਲ ਟੱਕਰ ਲੈਣ, ਜਿਸ 'ਤੇ ਫੁੱਲ ਚੜ੍ਹਾਉਂਦਿਆਂ ਉਹ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੋਟਾਂ ਪਾ ਕੇ ਪਾਰਲੀਮੈਂਟ ਭੇਜਣ, ਜਿਸ ਤੋਂ ਬਾਅਦ ਲੋਕਾਂ ਦੇ ਮੁੱਦੇ ਤੇ ਮਸਲੇ ਪਾਰਲੀਮੈਂਟ ਵਿੱਚ ਉਠਾ ਕੇ ਪਹਿਲ ਦੇ ਆਧਾਰ ਤੇ ਹੱਲ ਕਰਨੇ ਉਨ੍ਹਾਂ ਦਾ ਕੰਮ ਹੋਵੇਗਾ।ਇਸ ਮੌਕੇ ਬਠਿੰਡਾ ਸ਼ਹਿਰੀ ਦੇ ਪ੍ਰਧਾਨ ਜਗਰੂਪ ਸਿੰਘ ਗਿੱਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼ਰੀਫ ਤੇ ਇਮਾਨਦਾਰ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਤਾਂ ਜੋ ਉਹ ਬਠਿੰਡਾ ਲੋਕ ਸਭਾ ਹਲਕੇ ਦੀ ਆਵਾਜ਼ ਨੂੰ ਪਾਰਲੀਮੈਂਟ ਵਿੱਚ ਚੁੱਕ ਸਕਣ।

## ਕਾਤਰਾਂ

### ਕੇਸ ਜਿੱਤਣ ਦੀ ਖੁਸ਼ੀ 'ਚ ਪਿੰਡ ਵਾਸੀਆਂ ਐਡਵੋਕੇਟ ਸੰਧੂ ਦਾ ਕੀਤਾ ਸਨਮਾਨ



ਜਗਰਾਉਂ (ਸੰਜੀਵ ਅਰੋੜਾ)-ਅਕਸਰ ਹੀ ਲੋਕ ਨਿਆ ਲੈਣ ਲਈ ਅਦਾਲਤ ਦਾ ਦਰਵਾਜ਼ਾ ਖਟ ਖਟਾਉਂਦੇ ਹਨ।ਅਦਾਲਤ ਵਿੱਚ ਸਬੂਤ ਪੇਸ਼ ਕੀਤੇ ਜਾਂਦੇ ਹਨ।ਕਈ ਵਾਰ ਲੋਕ ਆਪਣੀਆਂ ਦੁਸ਼ਮਣੀਆਂ ਕੱਢਣ ਲਈ ਇੱਕ ਦੂਸਰੇ ਉੱਪਰ ਝੂਠੇ ਕੇਸ ਦਰਜ ਕਰਵਾ ਦਿੰਦੇ ਹਨ।ਮਾਨਯੋਗ ਅਦਾਲਤਾਂ ਵੱਲੋਂ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਕੀਤਾ ਜਾਂਦਾ ਹੈ।ਇਨ੍ਹਾਂ ਕਾਰਜਾਂ ਵਾਸਤੇ ਲੋਕਾਂ ਵੱਲੋਂ ਵਕੀਲਾਂ ਦਾ ਸਹਾਰਾ ਲਿਆ ਜਾਂਦਾ ਹੈ।ਇਸੇ ਤਰ੍ਹਾਂ ਦਾ ਇੱਕ ਮਾਮਲਾ ਜਗਰਾਉਂ ਦੀ ਕੋਰਟ ਵਿੱਚ ਸਾਹਮਣੇ ਆਇਆ। ਐਡਵੋਕੇਟ ਰਜਿੰਦਰ ਸਿੰਘ ਸੰਧੂ ਵੱਲੋਂ ਇਸ ਕੇਸ ਦੀ ਪੈਰਵਾਈ ਕੀਤੀ ਗਈ।ਕਈ ਸਾਲਾਂ ਤੱਕ ਚੱਲਣ ਵਾਲੇ ਇਸ ਕੇਸ ਵਿੱਚ ਐਡਵੋਕੇਟ ਰਜਿੰਦਰ ਸਿੰਘ ਸੰਧੂ ਨੇ ਇਸ ਕੇਸ ਵਿੱਚ ਬੜੀ ਮਿਹਨਤ ਤੇ ਸ਼ਿੱਦਤ ਨਾਲ ਕੰਮ ਕੀਤਾ।ਅਖੀਰ 20 ਅਪ੍ਰੈਲ 2024 ਵਾਲੇ ਦਿਨ ਚੈੱਕ ਬਾਊਂਸ ਮਾਮਲੇ ਵਿੱਚ ਅਦਾਲਤ ਵਿੱਚੋਂ ਵਿਅਕਤੀ ਨੂੰ ਬਰੀ ਕਰਵਾ ਲਿਆ।ਬਰੀ ਹੋਣ ਨਾਲ ਪਿੰਡ ਵਿੱਚ ਤੇ ਯਾਰਾਂ ਦੋਸਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।ਪਿੰਡ ਵਾਸੀਆਂ ਤੇ ਯਾਰਾਂ ਦੋਸਤਾਂ ਨੇ ਐਡਵੋਕੇਟ ਰਜਿੰਦਰ ਸਿੰਘ ਸੰਧੂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਐਡਵੋਕੇਟ ਰਜਿੰਦਰ ਸਿੰਘ ਸੰਧੂ ਤੇ ਕਲਰਕ ਗੌਰਵ ਅਰੋੜਾ ਨੂੰ ਸਨਮਾਨਤ ਕੀਤਾ ਗਿਆ।

### ਹਰਪਾਲ ਸਿੰਘ ਖੜਿਆਲ ਨੂੰ ਪੀ ਏ ਸੀ ਲਗਾਇਆ



ਸੁਨਾਮ ਉਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)-ਇੱਕ ਦਿਨ ਮਿਹਨਤ ਜ਼ਰੂਰ ਰੰਗ ਲੈ ਕੇ ਆਉਂਦੀ ਹੈ ਤੇ ਸਾਨੂੰ ਬਿਨਾਂ ਕਿਸੇ ਸੁਆਰਥ ਤੋਂ ਜੀ ਜਾਨ ਨਾਲ ਮਿਹਨਤ ਕਰਨੀ ਚਾਹੀਦੀ ਹੈ। ਇਹ ਗੱਲ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ੍ਰ. ਹਰਪਾਲ ਸਿੰਘ ਖੜਿਆਲ ਨੇ ਕਹੀ। ਉਨ੍ਹਾ ਕਿਹਾ ਕਿ ਅੱਜ ਮੇਰੇ ਕੋਲ ਸ਼ਬਦ ਨਹੀਂ ਹਨ ਕਿ ਜੋ ਮੈਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਤੇ ਵਰਕਰਾਂ ਦਾ ਧੰਨਵਾਦ ਕਰ ਸਕਾਂ। ਉਨ੍ਹਾ ਇਸ 'ਤੇ ਸ੍ਰ. ਸੁਖਬੀਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦੀਆਂ ਬੁਲੰਦੀਆਂ ਨੂੰ ਸਿਖਰ ਤੱਕ ਪਹੁੰਚਾਵਾਂਗਾ। ਇਸ ਮੌਕੇ ਹਰਪਾਲ ਸਿੰਘ ਖੜਿਆਲ ਵੱਲੋਂ ਸੰਗਰੂਰ ਹਲਕੇ ਤੋਂ ਚੋਣ ਲੜ ਰਹੇ ਇਕਬਾਲ ਸਿੰਘ ਝੂੰਦਾ ਜੀ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਵਿਨਰਜੀਤ ਗੋਲਡੀ, ਗੁਲਜਾਰੀ ਮੂਣਕ, ਤਜਿੰਦਰ ਸਿੰਘ ਸੰਗਰੇੜੀ ਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ।

### ਬੀ.ਐੱਸ.ਐੱਫ. ਤੇ ਪੰਜਾਬ ਪੁਲਸ ਵੱਲੋਂ ਸਰਚ ਅਪ੍ਰੇਸ਼ਨ, 2 ਕਿੱਲੋ 220 ਗ੍ਰਾਮ ਹੈਰੋਇਨ ਬਰਾਮਦ

ਜਲਾਲਾਬਾਦ (ਜੀਤ ਕੁਮਾਰ)-ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ ਦੇ ਨੇੜੇ ਉੱਪ ਮੰਡਲ ਜਲਾਲਾਬਾਦ ਦੇ ਅਧੀਨ ਪੈਂਦੇ ਪਿੰਡ ਢਾਣੀ ਨੱਥਾ ਸਿੰਘ ਵਾਲਾ ਵਿਖੇ ਬੀ.ਐੱਸ.ਐੱਫ. ਤੇ ਪੰਜਾਬ ਪੁਲਸ ਵੱਲੋਂ ਚਲਾਏ ਗਏ ਸਰਚ ਅਪ੍ਰੇਸ਼ਨ ਦੌਰਾਨ 2 ਕਿੱਲੋ 220 ਗ੍ਰਾਮ ਹੈਰੋਇਨ ਬਰਾਮਦ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਗਈ ਹੈ। ਇਸ ਬਾਰੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਜਲਾਲਾਬਾਦ ਦੇ ਡੀ.ਐੱਸ.ਪੀ. ਏ. ਆਰ. ਸ਼ਰਮਾ ਨੇ ਦੱਸਿਆ ਕਿ ਮਿਲੀ ਗੁਪਤ ਸੂਚਨਾ ਦੇ ਅਧਾਰ 'ਤੇ ਬੀ.ਐੱਸ.ਐੱਫ. ਦੀ 160 ਬਟਾਲੀਅਨ ਤੇ ਪੰਜਾਬ ਪੁਲਸ ਵੱਲੋਂ ਸਰਹੱਦੀ ਇਲਾਕੇ ਵਿੱਚ ਚੌਕੀ ਐੱਨ. ਐੱਸ. ਵਾਲਾ ਦੇ ਨਜ਼ਦੀਕ ਭਾਰਤੀ ਏਰੀਏ ਵਿੱਚ ਸਰਚ ਅਪ੍ਰੇਸ਼ਨ ਚਲਾਇਆ ਗਿਆ। ਇਸ ਅਪ੍ਰੇਸ਼ਨ ਦੌਰਾਨ ਭਾਰਤੀ ਖੇਤਰ 'ਚ ਇਕ ਕਿਸਾਨ ਦੇ ਖੇਤ ਵਿੱਚ ਬੀਜੀ ਅਰਬੀ ਦੀ ਫਸਲ ਵਿੱਚੋਂ ਇਕ ਕਾਲੇ ਰੰਗ ਦੇ ਬੈਗ 'ਚ 3 ਪੈਕੇਟ ਹੈਰੋਇਨ ਦੇ ਬਰਾਮਦ ਕੀਤੇ ਗਏ ਹਨ। ਇਨ੍ਹਾਂ ਪੈਕਟਾਂ ਵਿੱਚੋਂ 2 ਕਿੱਲੋ 220 ਗ੍ਰਾਮ ਬਰਾਮਦ ਹੋਈ ਹੈ। ਡੀ.ਐੱਸ.ਪੀ. ਨੇ ਕਿਹਾ ਕਿ ਇਹ ਹੈਰੋਇਨ ਦੀ ਖੇਪ ਪਾਕਿਸਤਾਨ ਵਾਲੇ ਪਾਸਿਓਂ ਡਰੋਨ ਰਾਹੀਂ ਆਉਣ ਦਾ ਖਾਦਸ਼ਾ ਹੈ। ਇਸ ਸਬੰਧੀ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕਰਕੇ ਅੱਗੇ ਵਾਲੀ ਕਾਰਵਾਈ ਕੀਤੀ ਜਾ ਰਹੀ ਹੈ। ਬੀ.ਐੱਸ.ਐੱਫ. ਤੇ ਪੁਲਸ ਵੱਲੋਂ ਬਰਾਮਦ ਕੀਤੀ ਹੈਰੋਇਨ ਦੀ ਕੀਮਤ ਕੌਮਾਂਤਰੀ ਬਾਜ਼ਾਰ ਵਿੱਚ ਕਰੋੜਾਂ ਰੁਪਏ ਦੱਸੀ ਜਾ ਰਹੀ ਹੈ। ਇਸ ਸਰਚ ਅਪ੍ਰੇਸ਼ਨ ਦੌਰਾਨ ਬੀ.ਐੱਸ.ਐੱਫ. ਦੇ ਅਧਿਕਾਰੀ, ਜਵਾਨ ਤੇ ਪੰਜਾਬ ਪੁਲਸ ਦੇ ਅਫਸਰ ਤੇ ਕਰਮਚਾਰੀ ਮੌਜੂਦ ਸਨ।

# ਹਰਸਿਮਰਨ ਸਕੂਲ ਦੀਆਂ ਵਿਦਿਆਰਥਣਾਂ ਬਲਾਕ ਪੱਧਰ 'ਤੇ ਛਾਈਆਂ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਹਰਸਿਮਰਨ ਪਬਲਿਕ ਸਕੂਲ ਮਾਛੀਵਾੜਾ ਦੇ ਵਿਦਿਆਰਥੀਆਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਦੇ ਨਤੀਜਿਆਂ ਵਿੱਚ ਵਧੀਆ ਕਾਰਗੁਜ਼ਾਰੀ ਰਹੀ। ਸਕੂਲ ਪ੍ਰਿੰ. ਜਸਦੇਵ ਸਿੰਘ ਨੇ ਦੱਸਿਆ ਕਿ ਵਿਦਿਆਰਥਣ ਮਹਿਕਦੀਪ ਕੌਰ ਨੇ 616/650 (94.76 ਪ੍ਰਤੀਸ਼ਤ) ਅੰਕ ਪ੍ਰਾਪਤ ਕਰਕੇ ਬਲਾਕ ਮਾਛੀਵਾੜਾ 'ਚੋਂ ਦੂਜਾ ਸਥਾਨ, ਸਹਿਜਪ੍ਰੀਤ ਕੌਰ ਨੇ 615/650 (94.61 ਪ੍ਰਤੀਸ਼ਤ) ਅੰਕ ਪ੍ਰਾਪਤ ਕਰਕੇ ਬਲਾਕ 'ਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅਨਮੋਲ ਕੈਂਥ ਨੇ 612/650 (94.15 ਪ੍ਰਤੀਸ਼ਤ) ਅੰਕ ਪ੍ਰਾਪਤ ਕਰ ਸਕੂਲ 'ਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਿੰਸੀਪਲ ਜਸਦੇਵ ਸਿੰਘ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਬੱਚਿਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੰਦਿਆਂ ਵਿਦਿਆਰਥੀਆਂ ਨੂੰ ਅੱਗੇ ਵੀ ਮਿਹਨਤ ਕਰਨ ਲਈ ਪ੍ਰੇਰਿਆ। ਪ੍ਰਿੰਸੀਪਲ ਵੱਲੋਂ ਮਿਹਨਤੀ ਅਧਿਆਪਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਮਿਹਨਤ ਤੇ ਸੁਚੱਜੀ ਸੇਧ ਸਦਕਾ ਸੰਸਥਾ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਦੇ ਸਮੂਹ ਸਟਾਫ਼ ਵੱਲੋਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਅੱਗੇ ਤੋਂ ਸਿੱਖਿਆ ਦੇ ਖੇਤਰ ਵਿੱਚ ਹੋਰ ਮੱਲਾਂ ਮਾਰਨ।

## ਅਹਿਮਦਪੁਰ ਕਾਤਲ ਕਾਂਡ ਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਧਰਨਾ ਜਾਰੀ



ਬੁਢਲਾਡਾ (ਅਸ਼ੋਕ ਲਾਕੜਾ)-ਅਹਿਮਦਪੁਰ ਕਾਤਲ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਧਰਨਾ ਪੰਜਵੇਂ ਦਿਨ ਵੀ ਜਾਰੀ ਰਿਹਾ। ਇਸ ਸਮੇਂ ਧਰਨੇ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਜੋਗਿੰਦਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਸਾਢੇ ਤਿੰਨ ਮਹੀਨਿਆਂ ਤੋਂ ਉੱਪਰ ਸਮਾਂ ਹੋ ਗਿਆ ਹੈ, ਪਰ ਅਜੇ ਤੱਕ ਪੁਲਸ ਪ੍ਰਸ਼ਾਸਨ ਨੇ ਕਾਤਲਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਾਤਲਾਂ ਨੂੰ ਗਿਰਫ਼ਤਾਰ ਕਰਵਾਉਣ ਲਈ ਜਥੇਬੰਦੀ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਿੰਨਾ ਚਿਰ ਤੱਕ ਪੁਲਸ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕਰਦੀ, ਉਦੋਂ ਤੱਕ ਮੋਰਚਾ ਜਾਰੀ ਰਹੇਗਾ। ਇਸ ਸਮੇਂ ਤੇਜ ਰਾਮ ਅਹਿਮਦਪੁਰ ਬੀ ਕੇ ਯੂ ਧਨੇਰ, ਹੰਸ ਰਾਜ, ਜਗਮੇਲ ਸਿੰਘ, ਸੁਰਿੰਦਰ ਸ਼ਰਮਾ, ਬਹਾਦਰ ਸਿੰਘ ਅਹਿਮਦਪੁਰ, ਜੁਗਰਾਜ ਸਿੰਘ ਕੁਲਾਣਾ, ਜਗਸੀਰ ਸਿੰਘ ਦੋਦੜਾ, ਜਰਨੈਲ ਸਿੰਘ ਟਾਹਲੀਆਂ ਨੇ ਵੀ ਸੰਬੋਧਨ ਕੀਤਾ।

# ਪ੍ਰਮੁੱਖ ਸਕੱਤਰ ਵਿਕਾਸ ਗਰਗ ਵੱਲੋਂ ਅਨਾਜ ਮੰਡੀਆਂ ਦਾ ਦੌਰਾ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਵਿਕਾਸ ਗਰਗ ਨੇ ਅਨਾਜ ਮੰਡੀ ਧੂਰੀ ਦਾ ਦੌਰਾ ਕਰਕੇ ਕਣਕ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾ ਨੇ ਮੌਕੇ 'ਤੇ ਮੌਜੂਦ ਕਿਸਾਨਾਂ, ਆੜ੍ਹਤੀਆਂ ਤੇ ਕਣਕ ਦੇ ਖਰੀਦ ਪ੍ਰਬੰਧਾਂ ਨਾਲ ਸਬੰਧਤ ਹੋਰ ਵਰਗਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਵੀ ਕੀਤੀ।ਇਸ ਮੌਕੇ ਉਨ੍ਹਾਂ ਮੰਡੀਆਂ ਵਿੱਚ ਕੀਤੇ ਖਰੀਦ ਪ੍ਰਬੰਧਾਂ ਉੱਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਉਣ ਵਾਲੇ ਦਿਨਾਂ ਵਿੱਚ ਅਨਾਜ ਮੰਡੀਆਂ ਵਿੱਚ ਕਣਕ ਦੀ ਆਮਦ ਤੇਜ਼ ਹੋਵੇਗੀ, ਇਸ ਲਈ ਮੰਡੀਆਂ ਵਿੱਚੋਂ ਸਮੇਂ ਸਿਰ ਕਣਕ ਦੀ ਲਿਫਟਿੰਗ ਕਰਨ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਮੰਡੀਆਂ ਵਿੱਚ ਕਣਕ ਦੇ ਅੰਬਾਰ ਨਾ ਲੱਗਣ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ ਨੂੰ ਸਮੁੱਚੇ ਸੀਜ਼ਨ ਦੌਰਾਨ ਕਣਕ ਦੀ ਖਰੀਦ, ਅਨਾਜ ਮੰਡੀਆਂ ਵਿੱਚੋਂ ਸਮੇਂ ਸਿਰ ਖਰੀਦੀ ਕਣਕ ਦੀ ਲਿਫਟਿੰਗ, ਅਦਾਇਗੀ, ਟਰਾਂਸਪੋਰਟੇਸ਼ਨ, ਬਾਰਦਾਨੇ ਦੀ ਉਪਲਬਧਤਾ ਆਦਿ ਨੂੰ ਯਕੀਨੀ ਬਣਾਉਣ ਦੇ ਦਿਸ਼ਾ ਨਿਰਦੇਸ਼ ਦਿੱਤੇ ਹੋਏ ਹਨ ਤੇ ਇਸ ਮਾਮਲੇ ਵਿੱਚ ਕਿਸੇ ਪੱਧਰ 'ਤੇ ਕੋਈ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕੇਵਲ ਸੁੱਕੀ ਕਣਕ ਹੀ ਲਿਆਉਣ ਦੀ ਅਪੀਲ ਕੀਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਦੀ ਫਸਲ ਦੀ ਨਾਲੋਂ ਨਾਲ ਸਰਕਾਰੀ ਖਰੀਦ ਨੂੰ ਯਕੀਨੀ ਬਣਾਇਆ ਜਾ ਸਕੇ।ਇਸ ਮੌਕੇ ਉਨ੍ਹਾਂ ਨਾਲ ਏਡੀਸੀ (ਵਿਕਾਸ) ਵਰਜੀਤ ਵਾਲੀਆ, ਸਹਾਇਕ ਕਮਿਸ਼ਨਰ ਜਸਪਿੰਦਰ ਸਿੰਘ, ਸਹਾਇਕ ਕਮਿਸ਼ਨਰ ਅੰਡਰ ਟਰੇਨਿੰਗ ਡਾ. ਅਦਿੱਤਿਆ ਸ਼ਰਮਾ, ਐੱਸ.ਡੀ.ਐੱਮ. ਧੂਰੀ ਅਮਿਤ ਗੁਪਤਾ, ਡੀ.ਐੱਫ.ਐੱਸ.ਸੀ. ਮੇਜਰ ਗੁਰਪ੍ਰੀਤ ਸਿੰਘ ਕੰਗ, ਜ਼ਿਲ੍ਹਾ ਮੰਡੀ ਅਫਸਰ ਜਸਪਾਲ ਸਿੰਘ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਗਤਾਰ ਸਿੰਘ ਸਮਰਾ ਸਮੇਤ ਵੱਖ-ਵੱਖ ਸਰਕਾਰੀ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰ ਤੇ ਮੰਡੀ ਸਕੱਤਰ ਮੌਜੂਦ ਸਨ।

# ਨੈਸ਼ਨਲ ਸਪੋਰਟਸ ਕਲੱਬ ਛੱਤਿਆਣਾ ਵੱਲੋਂ ਨਿਰੋਲ ਪੇਂਡੂ ਕਬੱਡੀ ਟੂਰਨਾਮੈਂਟ

## 50 ਕਿੱਲੋ 'ਚ ਛੱਤਿਆਣਾ ਤੇ 40 ਕਿੱਲੋ 'ਚ ਢਪਾਲੀ ਦੀ ਟੀਮ ਜੇਤੂ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)

ਦਸਮਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਛੱਤਿਆਣਾ ਵਿਖੇ ਨੈਸ਼ਨਲ ਸਪੋਰਟਸ ਕਲੱਬ ਵੱਲੋਂ ਲੋਕਲ ਕਮੇਟੀ, ਕਿਸਾਨ ਯੂਨੀਅਨ, ਗ੍ਰਾਮ ਪੰਚਾਇਤ, ਸਮੂਹ ਖਿਡਾਰੀ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਇਕ ਰੋਜ਼ਾ 52 ਕਿੱਲੋ ਤੇ 40 ਕਿੱਲੋ ਭਾਰ ਦੇ ਖਿਡਾਰੀਆਂ ਦਾ ਨਿਰੋਲ ਪੇਂਡੂ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬਰਾੜ, ਤੇਜਿੰਦਰ ਸਿੰਘ ਮਹਾਸ਼ਾ ਤੇ ਜਸਪਾਲ ਬਰਾੜ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਟੂਰਨਾਮੈਂਟ ਕਰਵਾਉਣ ਦਾ ਮੁੱਖ ਮਕਸਦ ਹੈ ਕਿ ਪਿੰਡ ਨੂੰ ਨਸ਼ਾ ਮੁਕਤ ਕਰਨ ਲਈ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਗਰਾਊਂਡਾਂ ਦੀ ਸ਼ਾਨ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ 52 ਕਿੱਲੋ ਵਰਗ ਲਈ ਇੱਕ ਖਿਡਾਰੀ ਬਾਹਰ ਦਾ ਖੇਡ ਸਕਦਾ ਸੀ ਤੇ 40 ਕਿੱਲੋ ਨਿਰੋਲ ਪਿੰਡ ਦੀ ਟੀਮ ਖੇਡ ਸਕਦੀ ਸੀ। ਇਸ ਟੂਰਨਾਮੈਂਟ ਵਿੱਚ 52 ਕਿੱਲੋ ਦੀਆਂ 32 ਟੀਮਾਂ ਤੇ 40 ਕਿੱਲੋ ਵਿੱਚ 22 ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 52 ਕਿੱਲੋ ਵਿੱਚ ਛੱਤਿਆਣਾ ਦੀ ਟੀਮ ਨੇ ਪਹਿਲਾ ਤੇ ਆਸਾ ਬੁੱਟਰ ਦੀ ਟੀਮ ਦੂਜੇ ਨੰਬਰ 'ਤੇ ਰਹੀ। ਬੈਸਟ ਜਾਫੀ ਮਨਵੀਰ ਆਸਾ ਬੁੱਟਰ ਤੇ ਰਾਜਾ ਛੱਤਿਆਣਾ ਅਤੇ ਬੈਸਟ ਰੇਡਰ ਰਾਜਾ ਛੱਤਿਆਣਾ ਚੁਣੇ ਅਤੇ 40 ਕਿੱਲੋ ਵਿੱਚ ਢਪਾਲੀ ਦੀ ਟੀਮ ਨੇ ਪਹਿਲਾ ਤੇ ਫੁੱਲੋ ਮਿੱਠੀ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ ਅਤੇ ਬੈਸਟ ਰੇਡਰ ਸੁੱਖਾ ਢਪਾਲੀ ਤੇ ਬੈਸਟ ਜਾਫੀ ਸਾਹਿਲ ਢਪਾਲੀ ਚੁਣੇ ਗਏ, ਜਿਨ੍ਹਾਂ ਨੂੰ ਕੱਪ ਤੇ ਸੰਧੂ ਪਰਵਾਰ ਵੱਲੋਂ ਚਾਂਦੀਆਂ ਦੀਆਂ ਚੇਨਾਂ ਨਾਲ ਸੰਨੀ ਸੰਧੂ ਨੇ ਸਨਮਾਨਤ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਜੇਤੂ ਟੀਮਾਂ ਨੂੰ ਨਗਦ ਰਾਸ਼ੀ ਤੇ ਕੱਪ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਗੁਰਦੀਪ ਸਿੰਘ, ਡਾ. ਸੁਖਪ੍ਰੀਤ ਸਿੰਘ, ਦੀਪਾ ਬਰਾੜ, ਗੁਰਪ੍ਰੀਤ ਸਿੰਘ, ਨਿੰਮਾ ਮਾਨ, ਜਨਕ ਸ਼ਰਮਾ, ਜੱਗਾ ਕਾਉਣੀ, ਮੰਦਰ ਰੈਫਰੀ, ਜੱਸਾ ਸਿੰਘ ਰੈਫਰੀ, ਸੈਮੂਅਲ ਸਿੰਘ, ਮਹਿੰਦਰ ਸਿੰਘ, ਬੱਬੀ, ਦਵਿੰਦਰ ਸਿੰਘ, ਮਨਪ੍ਰੀਤ ਸਿੰਘ, ਗੁਰਪ੍ਰੀਤ ਕਾਕਾ ਤੋਂ ਇਲਾਵਾ ਕ੍ਰਿਕਟ ਤੇ ਫੁੱਟਬਾਲ ਦੇ ਸਮੂਹ ਖਿਡਾਰੀਆਂ ਨੇ ਪੂਰਾ ਸਹਿਯੋਗ ਦਿੱਤਾ।

# ਝਾੜ ਸਾਹਿਬ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਇੰਡਸਟਰੀ ਤੇ ਮਾਰਕਿਟ ਦਾ ਦੌਰਾ



ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਵਿਖੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ ਤੇ ਸੁਖਨਪ੍ਰੀਤ ਕੌਰ (ਪ੍ਰੋ. ਫੈਸ਼ਨ ਡਿਜ਼ਾਇਨਿੰਗ ਵਿਭਾਗ), ਮਿਸ ਆਰਤੀ ਰਾਣੀ ਤੇ ਮਿਸ ਅਮਨਦੀਪ ਕੌਰ (ਪ੍ਰੋ. ਕਾਮਰਸ ਵਿਭਾਗ) ਦੀ ਅਗਵਾਈ ਹੇਠ ਕਾਲਜ ਵਿਖੇ ਚੱਲ ਰਹੇ ਤਿੰਨ ਸਾਲਾ ਡਿਗਰੀ ਕੋਰਸ ਬੀ.ਐੱਸ.ਸੀ. (ਫੈਸ਼ਨ ਡਿਜ਼ਾਇਨਿੰਗ), ਪੀ ਜੀ ਡੀ ਐੱਫ ਡੀ ਤੇ ਕਾਮਰਸ ਵਿਭਾਗ ਦੀਆਂ ਵਿਦਿਆਰਥਣਾਂ ਦੁਆਰਾ ਅਜੀਤ ਮਿੱਲ ਮੋਰਿੰਡਾ ਤੇ ਚੰਡੀਗੜ੍ਹ ਮਾਰਕਿਟ ਦਾ ਦੌਰਾ ਕੀਤਾ ਗਿਆ, ਜਿੱਥੇ ਵਿਦਿਆਰਥਣਾਂ ਨੇ ਮੌਜੂਦਾ ਦੌਰ ਵਿੱਚ ਚੱਲ ਰਹੇ ਫੈਸ਼ਨ ਅਨੁਸਾਰ ਵੱਖੋ ਵੱਖਰੇ ਡਿਜ਼ਾਇਨ ਦੇ ਕੱਪੜੇ ਦੇ ਰੇਟ ਬਾਰੇ ਤੇ ਕਵਾਲਿਟੀ ਬਾਰੇ ਵੱਡਮੁੱਲੀ ਜਾਣਕਾਰੀ ਹਾਸਲ ਕੀਤੀ।

ਇਹ ਦੌਰਾ ਮਾਰਕਿਟ ਮੈਨੇਜਮੈਂਟ ਵਿਸ਼ੇ ਨਾਲ ਸਬੰਧਤ ਹੋਣ ਕਾਰਨ ਵਿਦਿਆਰਥਣਾਂ ਨੇ ਮਾਰਕਿਟ ਰੇਟ ਤੋਂ ਇਲਾਵਾ ਹੋਲ ਸੇਲ, ਆਫਰ ਰੇਟ ਤੇ ਗਾਹਕ ਨੂੰ ਆਕਰਸ਼ਤ ਕਰਨ ਦੇ ਵੱਖ-ਵੱਖ ਢੰਗਾਂ ਬਾਰੇ ਵੀ ਗਿਆਨ ਹਾਸਲ ਕੀਤਾ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਦੱਸਿਆ ਕਿ ਕਾਲਜ ਵਿੱਚ ਫੈਸ਼ਨ ਡਿਜ਼ਾਇਨਿੰਗ ਤੇ ਕਾਮਰਸ ਵਿਭਾਗ ਸਫਲਤਾ ਪੂਰਵਕ ਚੱਲ ਰਹੇ ਹਨ।ਅਕਾਦਮਿਕ ਖੇਤਰ ਵਿੱਚ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਯੂਨੀਵਰਸਿਟੀ ਪੱਧਰ ਤੇ ਮੱਲਾਂ ਮਾਰੀਆਂ ਜਾ ਰਹੀਆਂ ਹਨ। ਕਾਲਜ ਵੱਲੋਂ ਵਿਦਿਆਰਥਣਾਂ ਲਈ ਅਜਿਹੇ ਇੰਡਸਟਰੀ ਤੇ ਮਾਰਕੀਟਿੰਗ ਦੌਰੇ ਸਮੇਂ-ਸਮੇਂ ਕਰਵਾਏ ਜਾਂਦੇ ਹਨ ਤਾਂ ਜੋ ਕਿੱਤਾ ਮੁੱਖੀ ਕੋਰਸਾਂ ਰਾਹੀਂ ਉਹ ਸਮੇਂ ਦੇ ਹਾਣੀ ਬਣ ਸਕਣ।

# ਦਸਵੀਂ ਦੀ ਪ੍ਰੀਖਿਆ 'ਚ ਸਨਮਤੀ ਵਿਮਲ ਜੈਨ ਸਕੂਲ ਦੇ ਵਿਦਿਆਰਥੀਆਂ ਮਾਰੀਆਂ ਮੱਲਾਂ



ਜਗਰਾਉਂ (ਅਮਿਤ ਖੰਨਾ)-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਨੇ ਆਪਣੀ ਖੁਸ਼ੀ ਨੂੰ ਜ਼ਾਹਰ ਕਰਦੇ ਹੋਏ ਦੱਸਿਆ ਕਿ ਸਕੂਲ ਦੇ ਹੋਣਹਾਰ ਵਿਦਿਆਰਥੀ ਕਿਰਨਜੋਤ ਸਿੰਘ ਰਾਏ ਨੇ ਦਸਵੀਂ ਕਲਾਸ ਵਿੱਚ 631/650 ਅੰਕ ਪ੍ਰਾਪਤ ਕਰਕੇ ਪੰਜਾਬ ਦੀ ਮੈਰਿਟ ਸੂਚੀ ਵਿੱਚ ਆਪਣਾ ਪੰਦਰਵਾਂ ਸਥਾਨ ਦਰਜ ਕਰਵਾ ਕੇ ਜਗਰਾਉਂ ਵਿੱਚੋਂ ਪਹਿਲਾ ਸਥਾਨ ਤੇ ਤਨਵੇ ਵਰਮਾ ਨੇ 628/650 ਅੰਕ ਪ੍ਰਾਪਤ ਕਰਕੇ ਪੰਜਾਬ ਰਾਜ ਵਿੱਚੋਂ ਅਠਾਰਵਾਂ, ਜਗਰਾਉਂ 'ਚੋਂ ਤੀਜਾ ਤੇ ਸਕੂਲ ਵਿੱਚੋਂ ਦੂਸਰਾ ਸਥਾਨ ਹਾਸਲ ਕਰ ਕੇ ਸਕੂਲ ਦੇ ਨਾਮ ਨੂੰ ਚਮਕਾਇਆ। ਇਸੇ ਲੜੀ ਨੂੰ ਜਾਰੀ ਰੱਖਦੇ ਹੋਏ ਰੀਆ ਨੇ 609/650 ਅੰਕ ਪ੍ਰਾਪਤ ਕਰ ਕੇ ਤੀਸਰਾ, ਦੀਦਾਰ ਸਿੰਘ ਨੇ 600/650 ਸਕੂਲ 'ਚੋਂ ਚੌਥਾ, ਗੁਰਲੀਨ ਕੌਰ ਨੇ 595/650 ਅੰਕ ਪ੍ਰਾਪਤ ਕਰਕੇ ਪੰਜਵਾਂ, ਹਰਸਿਮਰਨ ਕੌਰ ਨੇ 584/650, ਰਜਨੀ ਦੇਵੀ ਨੇ 583/650, ਅਮਨ ਕੁਮਾਰ ਤੇ ਮਨਜੀਤ ਕੌਰ ਨੇ ਸਾਂਝੇ ਰੂਪ 'ਚ 582/650 ਅੰਕ ਤੇ ਅਨਮੋਲਪ੍ਰੀਤ ਕੌਰ ਨੇ 580/650 ਅੰਕ ਹਾਸਲ ਕਰ ਕੇ ਸਫਲਤਾ ਦੇ ਝੰਡੇ ਗੱਡੇ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਰਮੇਸ਼ ਜੈਨ, ਡਾਇਰੈਕਟਰ ਮੈਡਮ ਸ਼ਸ਼ੀ ਜੈਨ, ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਹੋਣਹਾਰ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਸਰਿਤਾ ਅੱਗਰਵਾਲ, ਅੰਜੂ ਕੌਸ਼ਲ, ਰਿਸ਼ੂ ਬਾਂਸਲ ਆਦਿ ਹਾਜ਼ਰ ਸਨ।

## ਮੱਧ ਪ੍ਰਦੇਸ਼ ਦੇ ਵਧੀਕ ਪਮੁੱਖ ਸਕੱਤਰ ਵੱਲੋਂ ਸੰਘੋਲ ਮਿਊਜ਼ੀਅਮ ਦਾ ਦੌਰਾ



ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੱਧ ਪ੍ਰਦੇਸ਼ ਦੇ ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਵਧੀਕ ਪ੍ਰਮੁੱਖ ਸਕੱਤਰ ਸ੍ਰੀਮਤੀ ਸੁਨੀਤਾ ਭਾਰਦਵਾਜ ਆਪਣੇ ਵਿੱਦਿਅਕ ਟੂਰ 'ਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਸੰਘੋਲ ਵਿਖੇ ਪੁੱਜੇ, ਜਿੱਥੇ ਉਨ੍ਹਾਂ ਨੇ ਪੁਰਾਤਨ ਸੱਭਿਅਤਾ ਸਬੰਧੀ ਪ੍ਰਾਪਤ ਹੋਈਆਂ ਨਿਸ਼ਾਨੀਆਂ ਨੂੰ ਵੇਖਿਆ ਤੇ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ।ਇਸ ਤੋਂ ਪਹਿਲਾਂ ਉਨ੍ਹਾਂ ਜ਼ਿਲ੍ਹੇ ਵਿੱਚ ਕਣਕ ਦੇ ਖਰੀਦ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ ਤੇ ਅਧਿਕਾਰੀਆਂ ਨੂੰ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕਣਕ ਵੇਚਣ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ ਤੇ ਇਸ ਲਈ ਯੋਗ ਪ੍ਰਬੰਧ ਕੀਤੇ ਜਾਣ।ਉਪਰੰਤ ਉਹ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ।ਇਸ ਮੌਕੇ ਉਨ੍ਹਾਂ ਨਾਲ ਐਡੀਸ਼ਨਲ ਡਾਇਰੈਕਟਰ ਸ੍ਰੀ ਅਜੈਵੀਰ ਸਰਾਓ, ਸ੍ਰੀਮਤੀ ਸਵੀਟੀ ਦੇਵਗਨ ਡਿਪਟੀ ਡਾਇਰੈਕਟਰ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸ੍ਰੀਮਤੀ ਮੀਨਾਕਸ਼ੀ ਰਾਣੀ ਅਤੇ ਸਹਾਇਕ ਖੁਰਾਕ ਤੇ ਸਿਵਲ ਸਪਲਾਈਜ਼ ਅਫਸਰ ਸ੍ਰੀ ਕੇਵਲ ਸਿੰਘ ਹਾਜ਼ਰ ਸਨ।

## 'ਪਹਿਲ ਮੰਡੀ' ਕਿਸਾਨਾਂ ਤੇ ਸੈੱਲਫ ਹੈਲਪ ਗਰੁੱਪਾਂ ਲਈ ਮੀਲ ਪੱਥਰ ਸਾਬਿਤ ਹੋਵੇਗੀ : ਮਾਨ, ਬਮਾਲ



ਧੂਰੀ (ਸੁਖਦੇਵ ਧੂਰੀ)-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲ ਪ੍ਰੋਜੈਕਟ ਤਹਿਤ ਧੂਰੀ ਵਿਖੇ ਸ਼ੁਰੂ ਕੀਤੀ ਹਫ਼ਤਾਵਾਰੀ ਪਹਿਲ ਮੰਡੀ ਸੈਲਫ ਹੈਲਪ ਗਰੁੱਪ ਮੈਂਬਰ ਤੇ ਆਰਗੈਨਿਕ ਕਿਸਾਨਾਂ ਲਈ ਮੀਲ ਪੱਥਰ ਸਾਬਿਤ ਹੋਵੇਗੀ।ਉਕਤ ਵਿਚਾਰ ਪ੍ਰਗਟ ਕਰਦਿਆਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਅਮਰਜੀਤ ਸਿੰਘ ਮਾਨ ਤੇ ਮਾਸਟਰ ਮਿਸ਼ਰਾ ਸਿੰਘ ਬਮਾਲ ਨੇ ਦੱਸਿਆ ਕਿ ਦਫਤਰ ਨਗਰ ਕੌਂਸਲ ਧੂਰੀ ਸਾਹਮਣੇ ਲੱਗਣ ਵਾਲੀ ਪਹਿਲ ਮੰਡੀ ਦਾ ਘੇਰਾ ਵਧਦਾ ਜਾ ਰਿਹਾ।ਮੰਡੀ ਵਿੱਚ ਭਾਗ ਲੈਣ ਵਾਲੇ ਕਿਸਾਨਾਂ ਤੇ ਗਰੁੱਪ ਮੈਂਬਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ।ਪਹਿਲਾਂ ਲੋਕ ਘਰ ਸਾਮਾਨ ਤਿਆਰ ਕਰਕੇ ਸੀਮਤ ਗਾਹਕਾਂ ਨੂੰ ਵੇਚਦੇ ਸਨ।ਹੁਣ ਉਨ੍ਹਾਂ ਨੂੰ ਮੰਡੀ ਵਿੱਚ ਗਾਹਕ ਮਿਲਣ ਉਪਰੰਤ ਸਾਮਾਨ ਪ੍ਰੋਸੈੱਸ ਕਰਕੇ ਅਪਣਾ ਬ੍ਰਾਂਡ ਬਣਾ ਕੇ ਵੇਚਦੇ ਹਨ।ਮੰਡੀ ਵਿੱਚ ਆਰਗੈਨਿਕ ਆਟਾ, ਆਰਗੈਨਿਕ ਮਸਾਲੇ, ਆਰਗੈਨਿਕ ਦਾਲਾਂ, ਸਬਜ਼ੀਆਂ, ਆਚਾਰ, ਮੁਰੱਬੇ, ਖੋਏ ਦੀ ਤਾਜ਼ਾ ਬਰਫੀ, ਚਾਟੀ ਦੀ ਲੱਸੀ, ਗੋਲਗੱਪੇ, ਪੀਨਟ ਬਟਰ, ਚੂਰਨ, ਆਲੂ-ਟਿੱਕੀ, ਗੁੜ-ਸ਼ੱਕਰ, ਲੱਕੜ ਘਾਣੀ ਰਾਹੀਂ ਕੱਢਿਆ ਵੱਖ-ਵੱਖ ਕਿਸਮ ਦਾ ਤੇਲ, ਸ਼ਹਿਦ ਵਰਗੇ ਸ਼ੁੱਧ ਚੀਜ਼ਾਂ ਤੋਂ ਇਲਾਵਾ ਰਸੋਈ ਦਾ ਸਾਰਾ ਸਾਮਾਨ ਤੇ ਸਰਫ ਆਦਿ ਉਪਲਬਧ ਹਨ।ਇਸ ਮੌਕੇ ਉਨ੍ਹਾਂ ਨਾਲ ਰਾਜਿੰਦਰ ਕੁਮਾਰ ਉਤਪਾਦ ਵਿਕਾਸ ਤੇ ਪ੍ਰਬੰਧਨ ਅਫਸਰ, ਰਣਬੀਰ ਕੌਰ ਬਲਾਕ ਪ੍ਰੋਗਰਾਮ ਮੈਨੇਜਰ, ਜਗਦੇਵ ਸਿੰਘ ਸਤੌਜ, ਜੀਤ ਸਿੰਘ ਸਤੌਜ, ਗੁਰਲਾਲ ਸਿੰਘ ਲਹਿਰਾਗਾਗਾ, ਕਮਰਜੀਤ ਕੌਰ ਪੇਧਨੀ ਕਲਾਂ, ਕਿਰਨਪਾਲ ਕੌਰ ਪੇਧਨੀ ਕਲਾਂ, ਬਲਵਿੰਦਰ ਕੌਰ ਦੁੱਗਾਂ, ਸੁਖਜਿੰਦਰ ਕੌਰ, ਕ੍ਰਿਸ਼ਨਾ ਰਾਣੀ ਉੱਭਾਵਾਲ, ਜਸਵਿੰਦਰ ਕੌਰ ਤੇ ਮਯੰਕ ਸ਼ਰਮਾ ਆਦਿ ਹਾਜ਼ਰ ਸਨ।

# ਮੋਹਣ ਸਿੰਘ ਹੀਰਾ ਇਨਕਲੇਵ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਬਣੇ

## ਵਿਧਾਇਕ ਦੇਵ ਮਾਨ ਨੇ ਗੁਲਦਸਤਾ ਭੇਟ ਕਰਕੇ ਦਿੱਤੀਆਂ ਵਧਾਈਆਂ



ਨਵ-ਨਿਯੁਕਤ ਪ੍ਰਧਾਨ ਮੋਹਣ ਸਿੰਘ ਸਾਥੀ ਮੈਂਬਰਾਂ ਨਾਲ ਵਿਧਾਇਕ ਦੇਵ ਮਾਨ ਨਾਲ ਮੀਟਿੰਗ ਕਰਨ ਉਪਰੰਤ।

ਨਾਭਾ (ਵਰਿੰਦਰ ਵਰਮਾ)

ਰਿਆਸਤੀ ਸ਼ਹਿਰ ਨਾਭਾ ਸਥਿਤ ਪੁੱਡਾ ਕਾਲੋਨੀ ਹੀਰਾ ਇਨਕਲੇਵ ਵੈੱਲਫੇਅਰ ਸੁਸਾਇਟੀ ਦਾ ਜਨਰਲ ਅਜਲਾਸ ਸੱਦਿਆ ਗਿਆ, ਜਿਸ ਵਿੱਚ ਬਹੁ-ਗਿਣਤੀ ਕਾਲੋਨੀ ਵਾਸੀਆਂ ਨੇ ਸ਼ਮੂਲੀਅਤ ਕੀਤੀ ਅਤੇ ਹਰ ਇੱਕ ਕਲੋਨੀ ਵਾਸੀ ਦੇ ਵਿਚਾਰ ਸੁਣੇ ਗਏ।ਜਨਰਲ ਅਜਲਾਸ ਦੌਰਾਨ ਪਹੁੰਚੇ ਸਮੂਹ ਕਾਲੋਨੀ ਵਾਸੀਆਂ ਨੇ ਕਿਹਾ ਕਿ ਨਵੇਂ ਬਣਨ ਵਾਲੇ ਪ੍ਰਧਾਨ ਦਾ ਕਾਰਜਕਾਲ ਦੋ ਸਾਲ ਲਈ ਹੋਵੇਗਾ ਤੇ ਚੋਣ ਸਰਬਸੰਮਤੀ ਨਾਲ ਕੀਤੀ ਜਾਵੇਗੀ, ਇਸ ਦੇ ਨਾਲ ਹੀ ਪ੍ਰਧਾਨਗੀ ਦੀ ਚੋਣ ਕਰਾਉਣ ਸਬੰਧੀ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਸੱਦੇ ਗਏ ਜਨਰਲ ਅਜਲਾਸ ਦੌਰਾਨ ਪੰਜਾਬ ਪੁਲਸ ਦੇ ਸਾਬਕਾ ਇੰਸਪੈਕਟਰ ਮੋਹਣ ਸਿੰਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ, ਜਿਨ੍ਹਾਂ ਨੇ ਅੱਜ ਆਪਣੀ ਟੀਮ ਸਮੇਤ ਆਪਣਾ ਕਾਰਜਕਾਲ ਸੰਭਾਲਣ ਤੋਂ ਬਾਅਦ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਲ ਮੁਲਾਕਾਤ ਕੀਤੀ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਨਵ-ਨਿਯੁਕਤ ਪ੍ਰਧਾਨ ਮੋਹਣ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਕਿਹਾ ਕਿ ਉਹ ਕਾਲੋਨੀ ਨਿਵਾਸੀਆ ਨੂੰ ਕੋਈ ਸਮੱਸਿਆ ਨਹੀਂ ਆਉਣ ਦੇਣਗੇ, ਕਿਉਂਕਿ ਉਹ ਨਾਭਾ ਨਿਵਾਸੀਆਂ ਦੀ ਸੇਵਾ ਲਈ 24 ਘੰਟੇ ਹਾਜ਼ਰ ਹਨ।ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਮੋਹਣ ਸਿੰਘ ਨੇ ਕਿਹਾ ਕਿ ਉਹ ਪੁੱਡਾ ਕਾਲੋਨੀ ਵਾਸੀਆਂ ਦੀ ਬਿਹਤਰੀ ਲਈ ਮੈਂਬਰਾਂ ਦੇ ਸਹਿਯੋਗ ਸਦਕਾ ਆਪਣੇ ਕਾਰਜ ਕਾਲ ਦੌਰਾਨ ਇਮਾਨਦਾਰੀ ਤੇ ਮਿਹਨਤ ਨਾਲ ਕੰਮ ਕਰਨਗੇ।ਇਸ ਮੌਕੇ ਗੌਰਵ ਗਾਬਾ ਸੀਈਓ ਹੀਰਾ ਆਟੋ ਮੋਬਾਇਲਜ਼, ਕ੍ਰਿਸ਼ਨ ਗੋਇਲ, ਰਾਜੇਸ਼ ਢੀਂਗਰਾ, ਇੰਡੀਅਨ ਮੈਡੀਕਲ ਐਸੋਸੀਏਸ਼ਨ ਪ੍ਰਧਾਨ ਡਾਕਟਰ ਜੇ ਪੀ ਨਰੂਲਾ, ਪਰਮਜੀਤ ਗੋਇਲ, ਸੋਮਨਾਥ ਢੱਲ, ਸੰਦੀਪ ਬਾਂਸਲ, ਸੰਦੀਪ ਗਾਬਾ, ਮੁਨੀਸ਼, ਸੌਰਵ ਗਾਬਾ, ਐਡਵੋਕੇਟ ਰਾਕੇਸ਼ ਗਰਗ, ਸੋਮ ਕਾਂਸਲ, ਦਲਜੀਤ ਸਿੰਘ ਮਾਨ, ਗੁਰਦੀਪ ਭਾਊ, ਬਹਾਦਰ ਸਿੰਘ ਕਾਕਾ ਬੂਹੀ, ਗਗਨ ਬਖੋਪੀਰ, ਵਿਜੈ ਬਿੰਦਰਾ, ਅਨਿਲ ਕੁਮਾਰ ਨੀਲੂ ਆਦਿ ਮੌਜੂਦ ਸਨ।

# ਛਾਜਲੀ ਦੀ ਮੰਡੀ 'ਚ ਜਾ ਕੇ ਕਿਸਾਨਾਂ-ਮਜ਼ਦੂਰਾਂ ਨੂੰ ਵੋਟ ਪਾਉਣ ਲਈ ਕੀਤਾ ਪ੍ਰੇਰਤ



ਦਿੜ੍ਹਬਾ (ਜਸਵੀਰ ਲਾਡੀ)

ਵਿਧਾਨ ਸਭਾ ਹਲਕਾ ਦਿੜ੍ਹਬਾ ਦੇ ਵੱਡੇ ਪਿੰਡ ਛਾਜਲੀ ਵਿਖੇ ਡਿਪਟੀ ਕਮਿਸ਼ਨਰ ਸੰਗਰੂਰ ਜੋਤਿੰਦਰ ਜੋਰਵਾਲ ਤੇ ਐੱਸ ਡੀ ਐੱਮ ਦਿੜ੍ਹਬਾ ਰਾਜੇਸ਼ ਕੁਮਾਰ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਲੋਕਾਂ ਨੂੰ ਵੋਟ ਦੇ ਅਧਿਕਾਰ ਸਬੰਧੀ ਜਾਗਰੂਕ ਕਰਨ ਲਈ ਹਲਕਾ ਦਿੜ੍ਹਬਾ ਦੇ ਸਵੀਪ ਨੋਡਲ ਅਫ਼ਸਰ (ਸਕੂਲ) ਲਛਮਣ ਸਿੰਘ ਚੱਠਾ ਵੱਲੋਂ ਪਿੰਡ ਛਾਜਲੀ ਦੀ ਦਾਣਾ ਮੰਡੀ ਵਿਖੇ ਕਿਸਾਨਾਂ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਮਾਨਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪਾਰਲੀਮੈਂਟ ਚੋਣਾਂ ਵਿੱਚ ਲੋਕ ਵੱਧ ਚੜ੍ਹ ਕੇ ਵੋਟ ਪੋਲ ਕਰਨ ਇਸ ਲਈ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਮੁਹਿੰਮ ਤੇਜ਼ ਕਰਨ 'ਤੇ ਵਿਚਾਰ ਚਰਚਾ ਕੀਤੀ ਗਈ।ਇਸਤਰੀ ਵੋਟਰ ਇਨ੍ਹਾਂ ਚੋਣਾਂ ਵਿੱਚ ਵਧੇਰੇ ਸ਼ਮੂਲੀਅਤ ਕਰਨ ਇਸ ਲਈ ਹਰ ਤਰ੍ਹਾਂ ਦੇ ਉਪਰਾਲੇ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ।ਇਸ ਤੋਂ ਬਿਨਾਂ ਹਲਕੇ ਦੇ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਵੋਟ ਦੇ ਅਧਿਕਾਰ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਤਾਂ ਜੋ ਲੋਕ ਵੱਧ ਤੋਂ ਵੱਧ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ।

# ਗੁਰੂ ਨਾਨਕ ਕਾਲਜ ਵਿਖੇ ਅਲੂਮਨੀ ਮੀਟ ਕਰਵਾਈ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਗੁਰੂ ਨਾਨਕ ਕਾਲਜ ਵਿਖੇ ਆਪਣੀ ਰਵਾਇਤ ਨੂੰ ਕਾਇਮ ਰੱਖਦੇ ਅਲੂਮਨੀ ਮੀਟ ਦਾ ਆਯੋਜਨ ਕੀਤਾ ਗਿਆ।ਹੋਮ ਸਾਇੰਸ ਵਿਭਾਗ ਦੇ ਮੁਖੀ ਡਾ. ਰੁਚੀ ਕਾਲੜਾ ਤੇ ਮੈਥ ਵਿਭਾਗ ਦੇ ਮੁਖੀ ਮੈਡਮ ਸਤਿੰਦਰ ਪਾਲ ਕੌਰ ਦੀ ਅਗਵਾਈ ਵਿੱਚ ਕਰਵਾਈ ਗਈ ਅਲੂਮਨੀ ਮੀਟ ਵਿੱਚ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਪੁਰਾਣੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਉਨ੍ਹਾਂ ਵੱਲੋਂ ਆਪਣੇ ਤਜਰਬੇ ਸਾਂਝੇ ਕੀਤੇ ਗਏ ਤੇ ਅਨੇਕਾਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤੇ ਗਏ।ਵੱਡੀ ਗਿਣਤੀ ਵਿੱਚ ਪਹੁੰਚੇ ਵਿਦਿਆਰਥੀਆਂ ਨੇ ਦੱਸਿਆ ਕਿ ਸੰਸਥਾ ਨੇ ਉਨ੍ਹਾਂ ਨੂੰ ਬਹੁਤ ਅਗਵਾਈ ਦਿੱਤੀ ਹੈ ਤੇ ਉਹ ਇਸ ਸੰਸਥਾ ਦੀ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਲਈ ਦੁਆ ਕਰਦੇ ਹਨ।ਉਨ੍ਹਾਂ ਸੰਸਥਾ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨਾਲ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਅਨੇਕਾਂ ਹੋਰ ਖੇਤਰਾਂ ਵਿੱਚ ਵੀ ਇਹ ਸੰਸਥਾ ਮੌਕੇ ਦਿੰਦੀ ਹੈ ਤੇ ਉਨ੍ਹਾਂ ਮੌਕਿਆਂ ਨੂੰ ਕਦੇ ਗਵਾਉਣਾ ਨਹੀਂ ਚਾਹੀਦਾ।ਇਸ ਮੌਕੇ ਸੰਸਥਾ ਤੋਂ ਰਿਟਾਇਰ ਹੋ ਚੁੱਕੇ ਪ੍ਰੋਫੈਸਰ ਪ੍ਰਕਾਸ਼ ਕੌਰ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।ਇਸੇ ਤਰ੍ਹਾਂ ਹੀ ਮਿਸ ਤਾਨੀਆ ਸਬ ਇੰਸਪੈਕਟਰ ਐਕਸਾਈਜ਼ ਟੈਕਸੇਸ਼ਨ ਵਿਭਾਗ ਤੇ ਮਿਸਿਜ਼ ਅੰਜੂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਆਪਣੀ ਪ੍ਰਾਪਤੀ ਦਾ ਸਿਰਾ ਸੰਸਥਾ ਦੇ ਮਿਹਨਤੀ ਸਟਾਫ਼ ਨੂੰ ਦਿੱਤਾ। 250 ਦੇ ਕਰੀਬ ਪੁਰਾਣੇ ਵਿਦਿਆਰਥੀ ਇਸ ਮੀਟਿੰਗ ਵਿੱਚ ਪਹੁੰਚੇ ਤੇ ਕਾਲਜ ਵੱਲੋਂ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਡਾਕਟਰ ਰਾਣਾ ਬਲਜਿੰਦਰ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਸੰਸਥਾ ਦਾ ਨਾਮ ਰੌਸ਼ਨ ਕਰਨ ਲਈ ਵਧਾਈ ਦਿੱਤੀ ਤੇ ਸੰਸਥਾ ਨਾਲ ਹਮੇਸ਼ਾ ਲਈ ਜੁੜੇ ਰਹਿਣ ਦੀ ਅਪੀਲ ਕੀਤੀ।ਉਨ੍ਹਾਂ ਮੀਟ ਦੇ ਆਯੋਜਕਾਂ ਮੈਡਮ ਰੁਚੀ ਕਾਲੜਾ, ਸਤਿੰਦਰ ਪਾਲ ਤੇ ਸਮੂਹ ਸਟਾਫ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

22-APR-PAGE-8.qxd 4/21/2024 10:33 PM Page 1



# ਸੀਚੇਵਾਲ ਨੇ 'ਆਪ' ਦੇ ਕੌਮੀ ਆਗੂਆਂ ਨੂੰ ਸੌਂਪਿਆ ਵਾਤਾਵਰਣ ਦਾ ਏਜੰਡਾ



ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)- ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਆਮ ਆਦਮੀ ਪਾਰਟੀ ਦੇ ਕੌਮੀ ਆਗੂਆਂ ਨਾਲ ਲੋਕ ਸਭਾ ਦੀਆਂ ਚੋਣਾਂ ਵਾਸਤੇ ਜਾਰੀ ਕੀਤੇ ਵਾਤਾਵਰਣ ਦੇ ਏਜੰਡੇ ਨੂੰ ਪਾਰਟੀ ਦੇ ਚੋਣ ਮਨੋਰਥ ਪੱਤਰ ਵਿੱਚ ਸ਼ਾਮਲ ਕਰਨ ਲਈ ਮੁਲਾਕਾਤਾਂ ਕੀਤੀਆਂ। ਆਪ ਦੇ ਕੌਮੀ ਜਨਰਲ ਸਕੱਤਰ, ਰਾਜ ਸਭਾ ਮੈਂਬਰ ਸੰਦੀਪ ਪਾਠਕ ਅਤੇ ਸੰਜੈ ਸਿੰਘ ਨਾਲ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕੀਤੀਆਂ। ਮੀਟਿੰਗਾਂ ਦੌਰਾਨ ਦੱਸਿਆ ਕਿ ਜਲਵਾਯੂ ਤਬਦੀਲੀ ਦੀ ਸਭ ਤੋਂ ਵੱਧ ਮਾਰ ਖੇਤੀ ਖੇਤਰ 'ਤੇ ਪੈ ਰਹੀ ਹੈ। ਆਪ ਦੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ ਨੇ ਸੰਤ ਸੀਚੇਵਾਲ ਨੂੰ ਭਰੋਸਾ ਦਿੱਤਾ ਕਿ ਉਹ ਵਾਤਾਵਰਣ ਦੇ ਇਸ ਸੰਵੇਦਨਸ਼ੀਲ ਮੁੱਦੇ ਨੂੰ ਪਾਰਟੀ ਦੇ ਨੀਤੀਗਤ ਪ੍ਰੋਗਰਾਮ ਵਿੱਚ ਸ਼ਾਮਲ ਕਰਨਗੇ।ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਵੀ ਭਰੋਸਾ ਦਿੱਤਾ ਕਿ ਪਾਰਟੀ ਵਾਤਾਵਰਣ ਦੇ ਮੁੱਦੇ ਨੂੰ ਆਪਣੇ ਚੋਣ ਏਜੰਡੇ ਦਾ ਹਿੱਸਾ ਬਣਾਏਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਇਸ ਗੱਲ 'ਤੇ ਫ਼ਖ਼ਰ ਹੈ ਕਿ ਲੋਕਾਂ ਦੇ ਜੀਵਨ ਨਾਲ ਜੁੜੇ ਹਵਾ, ਪਾਣੀ ਤੇ ਸ਼ੁੱਧ ਖੁਰਾਕ ਵਰਗੇ ਮੁੱਦੇ ਸੰਤ ਸਮਾਜ ਉਠਾ ਰਿਹਾ ਹੈ, ਜਿਸ ਦੀ ਅਗਵਾਈ ਆਪ ਦੇ ਮੈਂਬਰ ਪਾਰਲੀਮੈਂਟ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਕਰ ਰਹੇ ਹਨ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਧਰਮ ਪਤਨੀ ਸੁਨੀਤਾ ਕੇਜਰੀਵਾਲ ਨਾਲ ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਮੁਲਾਕਾਤ ਕੀਤੀ। ਸੰਤ ਸੀਚੇਵਾਲ ਨੇ ਜਿੱਥੇ ਦਿੱਲੀ ਦੇ ਮੁੱਖ ਮੰਤਰੀ ਦੀ ਸਿਹਤ ਬਾਬਤ ਜਾਣਕਾਰੀ ਹਾਸਲ ਕੀਤੀ ਉਥੇ ਨਾਲ ਹੀ ਕੇਜਰੀਵਾਲ ਦੇ ਜਲਦ ਸਿਹਤਯਾਬ ਹੋਣ ਦੀ ਕਾਮਨਾ ਵੀ ਕੀਤੀ। ਉਨ੍ਹਾਂ ਕਿਹਾ ਕਿ ਚੋਣ ਦੌਰਾਨ ਵਿਰੋਧੀ ਧਿਰ ਦੇ ਆਗੂਆਂ ਨੂੰ ਜੇਲ੍ਹ ਵਿੱਚ ਡੱਕਣਾ ਮੰਦਾ ਭਾਗਾ ਹੈ।

# ਜਲੰਧਰ ਦੀਆਂ ਮੰਡੀਆਂ 'ਚ ਹੁਣ ਤੱਕ 15000 ਮੀਟਰਕ ਟਨ ਤੋਂ ਵੱਧ ਕਣਕ ਦੀ ਖਰੀਦ



ਜਲੰਧਰ (ਸੁਰਿੰਦਰ ਕੁਮਾਰ)- ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਅੱਜ ਜਲੰਧਰ ਦੀਆਂ ਵੱਖ-ਵੱਖ ਮੰਡੀਆਂ ਦਾ ਦੌਰਾ ਕਰਦਿਆਂ ਕਣਕ ਦੀ ਖ਼ਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਕਰਤਾਰਪੁਰ ਅਤੇ ਨੌਗੱਜਾ ਮੰਡੀ ਵਿੱਚ ਮੰਡੀ ਬੋਰਡ, ਖੁਰਾਕ ਤੇ ਸਿਵਲ ਸਪਲਾਈ ਵਿਭਾਗ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਖਰੀਦ ਪ੍ਰਕਿਰਿਆ ਦੇ ਜਾਇਜ਼ੇ ਮੌਕੇ ਕਿਸਾਨਾਂ ਤੇ ਆੜ੍ਹਤੀਆਂ ਨਾਲ ਵੀ ਗੱਲਬਾਤ ਕਰਕੇ ਬੀਤੇ ਕੱਲ੍ਹ ਹੋਈ ਬਾਰਿਸ਼ ਸੰਬੰਧੀ ਦਰਪੇਸ਼ ਕਿਸੇ ਵੀ ਮੁਸ਼ਕਲ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਵੱਖ-ਵੱਖ ਸਬ ਡਵੀਜ਼ਨਾਂ ਦੇ ਉਪ ਮੰਡਲ ਮੈਜਿਸਟਰੇਟਾਂ ਵਲੋਂ ਵੀ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ 80 ਦੇ ਕਰੀਬ ਮੰਡੀਆਂ ਵਿੱਚ 5.17 ਲੱਖ ਮੀਟਰਿਕ ਟਨ ਕਣਕ ਦੀ ਖ਼ਰੀਦ ਦਾ ਟੀਚਾ ਹੈ ਜਿਸ ਲਈ ਮੰਡੀਆਂ ਵਿੱਚ ਕਿਸਾਨਾਂ ਦੀ ਫ਼ਸਲ ਦੀ ਨਿਰਵਿਘਨ ਖਰੀਦ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

ਉਨ੍ਹਾਂ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਕਿਸਾਨਾਂ ਨੂੰ ਕਣਕ ਵੇਚਣ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ।ਉਨ੍ਹਾਂ ਇਹ ਵੀ ਕਿਹਾ ਕਿ ਖਰੀਦੀ ਗਈ ਫਸਲ ਦੀ ਸਮੇਂ ਸਿਰ ਚੁਕਾਈ ਅਤੇ ਅਦਾਇਗੀ ਨੂੰ ਨਿਰਧਾਰਤ ਸਮੇਂ ਵਿੱਚ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 16613 ਮੀਟਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਜਿਸ ਵਿਚੋਂ 15121 ਮੀਟਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਡਾ. ਅਗਰਵਾਲ ਨੇ ਕਿਹਾ ਕਿ ਮੰਡੀਆਂ ਵਿੱਚ ਆਪਣੀ ਫ਼ਸਲ ਲੈ ਕੇ ਆਉਣ ਵਾਲੇ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਪੀਣ ਵਾਲੇ ਪਾਣੀ, ਛਾਂ, ਰੌਸ਼ਨੀ, ਸਾਫ-ਸਫਾਈ, ਪਖਾਨੇ ਆਦਿ ਇੰਤਜ਼ਾਮ ਪਹਿਲਾਂ ਹੀ ਕੀਤੇ ਗਏ ਹਨ। ਇਸ ਤੋਂ ਇਲਾਵਾ ਲੇਬਰ, ਫ਼ਸਲ ਦੀ ਢੋਆ-ਢੁਆਈ, ਲੋੜੀਂਦੀ ਮਾਤਰਾ ਵਿੱਚ ਬਾਰਦਾਨਾ ਆਦਿ ਦੇ ਪ੍ਰਬੰਧ ਵੀ ਯਕੀਨੀ ਬਣਾਏ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਨਿਰਧਾਰਤ ਮਾਪਦੰਡਾਂ ਅਨੁਸਾਰ ਹੀ ਫ਼ਸਲ ਲਿਆਂਦੀ ਜਾਵੇ । ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਕਣਕ ਦੀ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਇਆ ਜਾਵੇ।

# ਸਿਲਵਰ ਓਕ ਸਕੂਲ ਦੇ 'ਚ ਧੂਮ-ਧਾਮ ਨਾਲ ਕਰਵਾਈ ਬੱਚਿਆਂ ਦੀ ਗ੍ਰੈਜੂਏਸ਼ਨ ਸੈਰੇਮਨੀ



ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਵਿਖੇ ਬੱਚਿਆਂ ਦੀ ਗ੍ਰੈਜੂਏਸ਼ਨ ਸੈਰੇਮਨੀ ਆਯੋਜਿਤ ਕਰਵਾਈ ਗਈ।ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਇਸ ਪ੍ਰੋਗਰਾਮ ਦੌਰਾਨ ਛੋਟੇ ਛੋਟੇ ਬੱਚਿਆਂ ਨੂੰ ਸਰਟੀਫਿਕਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਾਈਸ ਚੇਅਰਪਰਸਨ ਕਮਲੇਸ਼ ਕੌਰ ਅਤੇ ਇਸ਼ਿਤਾ ਪਾਸੀ ਸੈਣੀ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ। ਇਸ ਮੌਕੇ ਵਾਈਸ ਚੇਅਰਪਰਸਨ ਕਮਲੇਸ਼ ਕੌਰ ਨੇ ਦੱਸਿਆ ਕਿ ਜ਼ਿੰਦਗੀ ਦਾ ਹਰ ਇੱਕ ਪੜਾਅ ਬੱਚੇ ਲਈ ਇੱਕ ਨਵੀਂ ਸੇਧ ਲੈ ਕੇ ਆਉਂਦਾ ਹੈ। ਇਸ ਮੌਕੇ ਇਸ਼ਿਤਾ ਪਾਸੀ ਸੈਣੀ ਨੇ ਵੀ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਬਹੁਤ ਮੁਬਾਰਕਬਾਦ ਦਿੱਤੀ।ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਵੀ ਬੱਚਿਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਦੱਸਿਆ ਕਿ ਸਿਲਵਰ ਉਹ ਸਕੂਲ ਬੱਚਿਆਂ ਨੂੰ ਵਧੀਆ ਅਤੇ ਮਿਆਰੀ ਸਿੱਖਿਆ ਇਸ ਦੇ ਨਾਲ ਹੀ ਉਹਨਾਂ ਨੇ ਸੀ ਸੀ ਏ ਵਿਭਾਗ ਦੇ ਅਧਿਆਪਕ ਪਰਮਜੀਤ ਕੌਰ, ਬਲਜੀਤ ਕੌਰ, ਸੁਮੀਤ ਕੌਰ ਅਤੇ ਇਕਬਾਲ ਸਿੰਘ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਜਗਬੰਧਨ ਸਿੰਘ, ਰਾਜਵੀਰ ਕੌਰ, ਗੁਰਪ੍ਰੀਤ ਕੌਰ, ਅਰਚਨਾ ਸੈਣੀ, ਪੂਜਾ, ਪਰਵੀਨ, ਰੁਪਿੰਦਰ, ਸ਼ਵੇਤਾ, ਚੇਤਨਾ, ਈਸ਼ਾ, ਮਨਦੀਪ, ਰਾਜਵਿੰਦਰ, ਗੁਰਮੀਤ, ਮਮਤਾ, ਦਮਨ, ਹਰਜੀਤ ਸਿੰਘ, ਗੁਰਦੇਵ ਸਿੰਘ ਅਤੇ ਬਾਕੀ ਸਟਾਫ ਵੀ ਮੌਜੂਦ ਸੀ।

## ਮਹਿੰਦਰਾ ਪਬਲਿਕ ਸਕੂਲ ਦਾ 10 ਵੀਂ ਕਲਾਸ ਦਾ ਨਤੀਜਾ ਸ਼ਾਨਦਾਰ



ਕਰਤਾਰਪੁਰ (ਹਰਮੇਸ਼ ਦੱਤ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10 ਵੀ ਸ਼੍ਰੇਣੀ ਦਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੀ ਹੋਣਹਾਰ ਵਿਦਿਆਰਥਣ ਵੈਸ਼ਨਵੀ ਸੇਠੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਦੀ ਸੂਚੀ 'ਚੋਂ ਸੂਬੇ ਭਰ ਚੋਂ 19 ਵਾਂ ਰੈਂਕ ਹਾਸਲ ਕੀਤਾ ਅਤੇ 96.4% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਅਤੇ ਮਾਤਾ ਪਿਤਾ ਦਾ ਨਾਂ ਰੋਸ਼ਨ ਕੀਤਾ। ਸਕੂਲ ਵਿਦਿਆਰਥਣ ਰੁਪਿੰਦਰ ਕੌਰ ਨੇ 93.5% ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਸਿਮਰਨਜੀਤ ਕੌਰ ਨੇ 91.2% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਸਚਾਲਕ ਮੈਡਮ ਮਹਿੰਦਰ ਕੌਰ ਪੱਡਾ ਤੇ ਚੇਅਰਪਰਸਨ ਹਰਮਨ ਸਿੰਘ ਪੱਡਾ ਨੇ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਅਸਲਾ ਧਾਰਕ ਆਪਣਾ ਅਸਲਾ ਜਮ੍ਹਾਂ ਕਰਾਉਣ : ਥਾਣਾ ਮੁਖੀ

ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )-ਲੋਕ ਸਭਾ ਚੋਣਾਂ 'ਚ ਸੁਰੱਖਿਆ ਦੇ ਮੱਦੇਨਜ਼ਰ ਹਦਾਇਤਾਂ ਤਹਿਤ ਥਾਣਾ ਮੁਖੀ ਨੂਰਮਹਿਲ ਇੰਸਪੈਕਟਰ ਵਰਿੰਦਰ ਪਾਲ ਸਿੰਘ ਉੱਪਲ ਵੱਲੋਂ ਲਾਇਸੈਂਸੀ ਅਸਲਾ ਧਾਰਕਾਂ ਨੂੰ ਨੂਰਮਹਿਲ ਥਾਣੇ ਅੰਦਰ ਅਸਲਾ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ। ਇਲਾਕੇ ਅੰਦਰ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਹਰ ਇੱਕ ਵਿਅਕਤੀ ਨੂੰ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਹੀ ਕੰਮ ਕਰਨ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਕਿਹਾ ਕਿ ਕਾਨੂੰਨ ਤੋਂ ਬਾਹਰ ਰਹਿ ਕੇ ਕੰਮ ਕਰਨ ਵਾਲਿਆਂ ਖਿਲਾਫ ਪੁਲਸ ਵੱਲੋਂ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਕਿਸੇ ਵੀ ਮਾੜੇ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।

## ਕਾਨਵੈਂਟ ਹਾਈ ਸਕੂਲ ਅੱਟੀ ਦੇ ਦਸਵੀਂ ਦੇ ਨਤੀਜੇ 'ਚ ਲੜਕੀਆਂ ਨੇ ਮਾਰੀ ਬਾਜ਼ੀ



ਫਿਲੌਰ (ਨਿਰਮਲ)- ਸ੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦੇ ਦਸਵੀਂ ਦੇ ਨਤੀਜੇ 'ਚ ਲੜਕੀਆਂ ਨੇ ਆਪਣੀ ਚੜ੍ਹਤ ਬਰਕਰਾਰ ਰੱਖੀ। ਐਮ.ਡੀ. ਸੁਖਦੀਪ ਸਿੰਘ, ਪ੍ਰਿੰਸੀਪਲ ਬਲਜਿੰਦਰ ਕੁਮਾਰ, ਵਾਈਸ ਪ੍ਰਿੰਸੀਪਲ ਸੰਦੀਪ ਕੌਰ ਅਤੇ ਪ੍ਰਬੰਧਕ ਰਵਿੰਦਰਜੀਤ ਕੌਰ ਨੇ ਦੱਸਿਆ ਕਿ ਇਸ ਵਾਰੀ ਸਾਰੇ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ 'ਚ ਪਾਸ ਹੋਏ ਹਨ। ਉਨ੍ਹਾਂ ਦੱਸਿਆ ਕਿ 12 ਵਿਦਿਆਰਥੀਆਂ ਨੇ 90 ਫੀਸਦੀ ਤੋਂ ਉੱਪਰ ਅੰਕ ਹਾਸਲ ਕੀਤੇ ਹਨ। ਨਤੀਜੇ 'ਚ ਰਵਨੀਤ ਕੌਰ ਅਤੇ ਸੁਨੈਨਾ ਨੇ 96.2 ਫੀਸਦੀ ਅੰਕਾਂ ਨਾਲ ਪਹਿਲਾ ਸਥਾਨ ਜਦਕਿ ਤਨਵੀਰ ਕੌਰ ਨੇ 95 ਫੀਸਦੀ ਅੰਕ ਹਾਸਲ ਕਰਕੇ ਦੂਸਰਾ ਅਤੇ ਭਵਨਜੋਤ ਕੌਰ ਨੇ 94.7 ਫੀਸਦੀ ਅੰਕ ਹਾਸਲ ਕਰਕੇ ਤੀਸਰਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਨਤੀਜੇ ਦਾ ਸਿਹਰਾ ਵਿਦਿਆਰਥੀਆਂ ਦੀ ਲਗਨ, ਮਾਪਿਆਂ ਦਾ ਸਾਥ ਅਤੇ ਮਿਹਨਤੀ ਸਟਾਫ ਦੇ ਯਤਨਾਂ ਨੂੰ ਦੱਸਦੇ ਹੋਏ ਵਧਾਈ ਦਿੰਦੇ ਹੋਏ ਕਿਹਾ ਕਿ ਆਉਣ ਵਾਲੇ ਸਮੇਂ 'ਚ ਵੀ ਸਕੂਲ ਮਿਆਰੀ ਸਿੱਖਿਆ ਦੇ ਆਪਣੇ ਉਦੇਸ਼ ਲਈ ਵਚਨਬੱਧ ਰਹੇਗਾ।

## ਗੋਪਾਲੀਆ 'ਚ ਇੱਕ ਏਕੜ ਕਣਕ ਸੜ ਕੇ ਹੋਈ ਸੁਆਹ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਪਿੰਡ ਗੋਪਾਲੀਆ ਵਿਖੇ ਬਿਜਲੀ ਦੀਆਂ ਤਾਰਾਂ ਵਿਚੋਂ ਨਿਕਲੀਆਂ ਚਿੰਗਾੜੀਆਂ ਕਾਰਨ ਕਿਸਾਨ ਬਲਰਾਜ ਸਿੰਘ ਗਿੱਲ ਪੁੱਤਰ ਹਰਭਜਨ ਸਿੰਘ ਗਿੱਲ ਵਾਸੀ ਰਹੱਲੀ ਥਾਣਾ ਚੱਬੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਦੀ ਇੱਕ ਏਕੜ ਕਣਕ ਸੜ ਕੇ ਸੁਆਹ ਹੋ ਗਈ। ਇਸ ਮੌਕੇ ਪੀੜਤ ਕਿਸਾਨ ਬਲਰਾਜ ਸਿੰਘ ਗਿੱਲ ਰਹੱਲੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੱਲ੍ਹ ਸ਼ਾਮ 3 ਵਜੇ ਦੇ ਕਰੀਬ ਖੇਤਾਂ ਵਿੱਚੋਂ ਲੰਘ ਰਹੀ 11ਕੇ ਵੀ ਬਿਜਲੀ ਦੀਆਂ ਤਾਰਾਂ ਵਿਚੋਂ ਨਿਕਲੀਆਂ ਚਿੰਗਾੜੀਆਂ ਕਾਰਨ ਕਣਕ ਨੂੰ ਅੱਗ ਲੱਗ ਗਈ ਤੇ ਮਿੰਟਾਂ ਵਿੱਚ ਇੱਕ ਏਕੜ ਕਣਕ ਸੜ ਕੇ ਸੁਆਹ ਹੋ ਗਈ। ਰਹੱਲੀ ਨੇ ਦੱਸਿਆ ਕਿ ਪਿੰਡ ਗੋਪਾਲੀਆ ਵਿਖੇ ਖੇਤ ਠੇਕੇ 'ਤੇ ਲਏ ਸਨ। ਉਨ੍ਹਾਂ ਦੱਸਿਆ ਕਿ ਅੱਗ ਬੁਹਤ ਭਿਆਨਕ ਸੀ ਜੋ ਕਿ ਮਿੰਟਾਂ ਵਿੱਚ ਸਾਰੀ ਕਣਕ ਸੜ ਗਈ। ਉਨ੍ਹਾਂ ਦੱਸਿਆ ਕਿ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਾਫੀ ਜੱਦੋ ਜਹਿਦ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਕਿਸਾਨ ਨੇ ਦੱਸਿਆ ਕਣਕ ਦਾ ਖੇਤ ਸਾੜਨ ਕਾਰਨ ਉਨ੍ਹਾਂ ਦਾ 50 ਹਜ਼ਾਰ ਰੁਪਏ ਦਾ ਨੁਕਸਾਨ ਹੋਇਆ ਹੈ। ਪੀੜਤ ਕਿਸਾਨ ਬਲਰਾਜ ਸਿੰਘ ਨੇ ਪੰਜਾਬ ਸਰਕਾਰ ਪਾਸੋਂ ਮੁਆਵਜ਼ੇ ਦੀ ਮੰਗ ਕੀਤੀ ਹੈ।

## ਐੱਸ ਡੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦਸਵੀਂ ਦਾ ਨਤੀਜਾ 100 ਫੀਸਦੀ



ਮਹਿਤਪੁਰ (ਰਾਜਾ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 10ਵੀਂ ਜਮਾਤ ਦੇ ਨਤੀਜਿਆਂ 'ਚ ਐੱਸ ਡੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ 100% ਰਿਹਾ। ਸਕੂਲ ਦੀਆਂ ਵਿਦਿਆਰਥਣਾਂ ਵਿਚੋ ਸ਼ੀਤਲ ਨੇ 650 ਚੋਂ 588 ਅੰਕ ਲੈ ਕੇ ਪਹਿਲਾ ਸਥਾਨ, ਕਵਿਤਾ ਨੇ 587 ਅੰਕ ਦੂਜਾ ਅਤੇ ਮੰਨਤ ਨੇ 578 ਅੰਕ ਹਾਸਲ ਕਰਕੇ ਸਕੂਲ ਚੋਂ ਤੀਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਂ ਰੌਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਵੀਨਾ ਮਹਿਤਾ ਨੇ ਸਕੂਲ ਦੇ ਪਾਸ ਹੋਣ ਵਾਲੇ ਸਾਰੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਤੇ ਸਕੂਲ ਸਟਾਫ ਨੂੰ ਉਨ੍ਹਾਂ ਦੁਆਰਾ ਬੱਚਿਆਂ ਨੂੰ ਕਰਵਾਈ ਮਿਹਨਤ ਲਈ ਧੰਨਵਾਦ ਕੀਤਾ ਅਤੇ ਸਾਰੇ ਵਿਦਿਆਰਥੀਆਂ ਦੇ ਉੱਜਲ ਭਵਿੱਖ ਲਈ ਕਾਮਨਾ ਕੀਤੀ।

## ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪਾਬੰਦੀ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਕ੍ਰਿਸ਼ਨ ਗਰਗ)- ਜ਼ਿਲ੍ਹੇ 'ਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਨੇ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਲਗਾਈ ਹੈ। ਇਸ ਦੇ ਨਾਲ-ਨਾਲ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਮੁਕੰਮਲ ਪਾਬੰਦੀ ਰਹੇਗੀ। ਇਸ ਤੋਂ ਇਲਾਵਾ ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ ਦੀ ਪੂਰਨ ਮਨਾਹੀ ਹੋਵੇਗੀ ਅਤੇ ਕਿਸੇ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ 'ਤੇ ਵੀ ਪਾਬੰਦੀ ਲਾਗੂ ਰਹੇਗੀ।ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਜੇਕਰ ਕੋਈ ਵੀ ਆਮ ਅਤੇ ਖਾਸ, ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਹ ਹੁਕਮ 10 ਜੂਨ 2024 ਤੱਕ ਲਾਗੂ ਰਹਿਣਗੇ।

## ਬੰਗਾ 'ਚ ਬਾਬੂ ਮੰਗੂ ਰਾਮ ਮੁੱਗੋਵਾਲ ਪ੍ਰੀਨਿਰਵਾਣ ਦਿਵਸ ਅੱਜ

ਬੰਗਾ (ਅਵਤਾਰ ਕਲੇਰ)-ਡਾ. ਅੰਬੇਡਕਰ ਬੁੱਧਿਸਟ ਵੈਲਫੇਅਰ ਟਰੱਸਟ ਬੰਗਾ ਵੱਲੋਂ ਆਦਿ ਧਰਮ ਅੰਦੋਲਨ ਦੇ ਮੋਢੀ ਅਤੇ ਸਮਾਜਿਕ ਕ੍ਰਾਂਤੀਕਾਰੀ ਬਾਬੂ ਮੰਗੂ ਰਾਮ ਮੁੱਗੋਵਾਲ ਦਾ ਪ੍ਰੀਨਿਰਵਾਣ 22 ਅਪ੍ਰੈਲ ਨੂੰ ਸਿੱਧ ਮੁਹੱਲਾ ਬੰਗਾ ਵਿਖੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੇ ਹਾਲ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਟਰੱਸਟ ਦੇ ਜਨਰਲ ਸਕੱਤਰ ਹਰਜਿੰਦਰ ਲੱਧੜ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਡਾ. ਕਸ਼ਮੀਰ ਚੰਦ ਕਰਨਗੇ ਅਤੇ ਸਮਾਂ ਦੁਪਹਿਰ 2 ਵਜੇ ਤੋਂ ਬਾਅਦ ਦੁਪਹਿਰ 4 ਵਜੇ ਹੋਵੇਗਾ।

## 3 ਕਿਲੋ ਅਫੀਮ, ਹੈਰੋਇਨ ਤੇ ਡਰੱਗ ਮਨੀ ਸਮੇਤ ਤਸਕਰ ਕਾਬੂ

ਫਗਵਾੜਾ (ਡਾ. ਰਮਨ)- ਲਾਭ ਸਿੰਘ ਸੀ.ਆਈ.ਏ ਸਟਾਫ ਕਪੂਰਥਲਾ ਨੇ ਸਮੇਤ ਪੁਲਸ ਪਾਰਟੀ ਰਾਮਪਾਲ ਪੁੱਤਰ ਲੇਟ ਰਮੇਸ਼ ਕੁਮਾਰ ਵਾਸੀ ਮਹੱਲਾ ਲਾਮਿਆ ਸਰਾਫਾ ਬਜ਼ਾਰ ਫਗਵਾੜਾ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋਂ 3 ਕਿਲੋ ਅਫੀਮ, 200 ਗ੍ਰਾਮ ਹੈਰੋਇਨ, 1 ਦੇਸੀ ਪਿਸਟਲ 32 ਬੋਰ ਸਮੇਤ 6 ਰੌਂਦ ਜ਼ਿੰਦਾ ਅਤੇ 5 ਲੱਖ 7 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।

# ਕਿਰਾਏਦਾਰਾਂ, ਨੌਕਰਾਂ ਤੇ ਪੇਇੰਗ ਗੈਸਟ ਦਾ ਪੂਰਾ ਵੇਰਵਾ ਨਜ਼ਦੀਕੀ ਥਾਣੇ ਨੂੰ ਦੇਣਾ ਲਾਜ਼ਮੀ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਕ੍ਰਿਸ਼ਨ ਗਰਗ)- ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਸਥਿਤ ਮਿਊਂਸਪਲ ਕੌਂਸਲਾਂ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ ਆਪਣੇ ਘਰ ਵਿੱਚ ਜਦੋਂ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਰੱਖੇਗਾ ਤਾਂ ਉਹ ਉਸ ਦਾ ਪੂਰਾ ਵੇਰਵਾ ਇੱਕ ਹਫ਼ਤੇ ਦੇ ਵਿੱਚ-ਵਿੱਚ ਨੇੜਲੇ ਪੁਲਸ ਥਾਣੇ ਨੂੰ ਦੇਣਾ ਯਕੀਨੀ ਬਣਾਏਗਾ।ਇਹ ਹੁਕਮ ਉਨ੍ਹਾਂ 'ਤੇ ਵੀ ਲਾਗੂ ਹੋਵੇਗਾ, ਜਿਨ੍ਹਾਂ ਨੇ ਪਹਿਲਾਂ ਤੋਂ ਹੀ ਰੱਖੇ ਹੋਏ ਕਿਰਾਏਦਾਰਾਂ, ਨੌਕਰਾਂ ਅਤੇ ਪੇਇੰਗ ਗੈਸਟ ਦਾ ਵੇਰਵਾ ਹਾਲਾਂ ਤੱਕ ਪੁਲਸ ਨੂੰ ਨਹੀਂ ਦਿੱਤਾ ਹੈ। ਮਨਾਹੀ ਦੇ ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹੇ ਵਿੱਚ ਦੂਜੇ ਰਾਜਾਂ ਅਤੇ ਬਾਹਰਲੇ ਜ਼ਿਲ੍ਹਿਆਂ ਤੋਂ ਬਹੁਤ ਸਾਰੇ ਲੋਕ ਨੌਕਰੀ/ਕੰਮਕਾਰ ਵਗੈਰਾ ਕਰਨ ਲਈ ਆਉਂਦੇ ਹਨ। ਇਸ ਤੋਂ ਇਲਾਵਾ ਹੋਰ ਵਿਦਿਅਕ ਅਦਾਰਿਆਂ/ਸੰਸਥਾਵਾਂ ਵਿੱਚ ਪੜ੍ਹਾਈ ਲਈ ਦੂਜੇ ਰਾਜਾਂ ਤੋਂ ਵਿਦਿਆਰਥੀ/ਸਿਖਿਆਰਥੀ, ਵੱਖ-ਵੱਖ ਕਿੱਤਿਆਂ/ਕਾਰੋਬਾਰਾਂ ਨਾਲ ਸਬੰਧਤ ਵਿਅਕਤੀ ਬਤੌਰ ਪੇਇੰਗ ਗੈਸਟ ਅਤੇ ਕਾਲ ਸੈਂਟਰਾਂ ਵਿੱਚ ਸਰਵਿਸ ਕਰ ਰਹੇ ਕਰਮਚਾਰੀ ਵੀ ਕਿਰਾਏ 'ਤੇ ਰਹਿ ਰਹੇ ਹਨ।ਇਹ ਹੁਕਮ 10 ਜੂਨ 2024 ਤੱਕ ਲਾਗੂ ਰਹਿਣਗੇ।

# ਪੀ ਸੀ ਐੱਮ ਐੱਸ ਡੀ ਕਾਲਜ 'ਚ ਗੈੱਸਟ ਲੈਕਚਰ



ਜਲੰਧਰ (ਇਕਬਾਲ ਸਿੰਘ ਉੱਭੀ)-ਪੀ ਸੀ ਐਮ ਐਸ.ਡੀ. ਕਾਲਜ ਫ਼ਾਰ ਵੂਮੈਨ, ਜਲੰਧਰ ਦੇ ਈਕੋ ਕਲੱਬ ਨੇ ਪੰਜਾਬ ਸਟੇਟ ਕੌਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ ਅਤੇ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਸਹਿਯੋਗ ਨਾਲ ਵਾਤਾਵਰਣ ਸਿੱਖਿਆ ਪ੍ਰੋਗਰਾਮ ਤਹਿਤ 'ਬਾਜਰੇ ਬਾਰੇ ਜਾਗਰੂਕਤਾ' ਵਿਸ਼ੇ 'ਤੇ ਇੱਕ ਗੈਸਟ ਲੈਕਚਰ ਦਾ ਆਯੋਜਨ ਕੀਤਾ। ਲੈਕਚਰ ਦਾ ਉਦੇਸ਼ ਹਾਜ਼ਰੀਨ ਨੂੰ ਬਾਜਰੇ ਦੇ ਪੌਸ਼ਟਿਕ ਅਤੇ ਵਾਤਾਵਰਨਕ ਲਾਭਾਂ ਬਾਰੇ ਜਾਗਰੂਕ ਕਰਨਾ ਸੀ। ਡਾ. ਨੀਤਿਕਾ ਕਪੂਰ, ਸਹਾਇਕ ਪ੍ਰੋਫੈਸਰ, ਬੋਟੈਨੀਕਲ ਅਤੇ ਵਾਤਾਵਰਣ ਵਿਗਿਆਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਮਿੱਟੀ ਦੀ ਸਿਹਤ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਨੂੰ ਵਧਾਉਣ ਵਿੱਚ ਬਾਜਰੇ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ। ਉਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬਾਜਰੇ ਗਲੂਟਨ-ਮੁਕਤ ਹੁੰਦੇ ਹਨ, ਜੋ ਉਨ੍ਹਾਂ ਨੂੰ ਖੁਰਾਕ ਸੰਬੰਧੀ ਪਾਬੰਦੀਆਂ ਵਾਲੇ ਵਿਅਕਤੀਆਂ ਅਤੇ ਸ਼ੂਗਰ ਦਾ ਪ੍ਰਬੰਧਨ ਕਰਨ ਵਾਲੇ ਵਿਅਕਤੀਆਂ ਲਈ ਢੁਕਵਾਂ ਬਣਾਉਂਦੇ ਹਨ। ਈਕੋ ਕਲੱਬ ਦੇ ਇੰਚਾਰਜ ਦਿਵਿਆ ਬੁਧੀਆ ਨੇ ਜਾਣਕਾਰੀ ਭਰਪੂਰ ਸੈਸ਼ਨ ਲਈ ਡਾ. ਨੀਤਿਕਾ ਕਪੂਰ ਦਾ ਧੰਨਵਾਦ ਕੀਤਾ, ਜਿਸ ਵਿੱਚ ਜਨ ਸਿਹਤ ਦੇ ਸੁਧਾਰੇ ਨਤੀਜਿਆਂ ਲਈ ਬਾਜਰੇ ਨੂੰ ਮੁੱਖ ਧਾਰਾ ਦੀ ਖੁਰਾਕ ਵਿੱਚ ਜੋੜਨ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਬਾਜਰੇ ਦੀ ਖੇਤੀ ਨਾਲ ਜੁੜੇ ਟਿਕਾਊ ਖੇਤੀ ਅਭਿਆਸਾਂ ਬਾਰੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਫੈਲਾਉਣ ਲਈ ਈਕੋ ਕਲੱਬ ਦੇ ਯਤਨਾਂ ਦੀ ਸ਼ਲਾਘਾ ਕੀਤੀ। ਡਾ. ਜੋਤੀ ਸ਼ਰਮਾ ਨੇ ਸਮਾਗਮ ਦੀ ਮੇਜ਼ਬਾਨੀ ਕੀਤੀ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਕੂਲ ਬੱਸਾਂ ਦੀ ਜਾਂਚ



ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਸਕੂਲ ਜਾਂਦੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਅੱਜ ਸਕੂਲ ਬੱਸਾਂ ਦੀ ਬਾਰੀਕੀ ਨਾਲ ਜਾਂਚ ਲਈ ਵਿਆਪਕ ਜਾਂਚ ਮੁਹਿੰਮ ਚਲਾਈ ਗਈ । ਰਿਜਨਲ ਟਰਾਂਸਪੋਰਟ ਅਥਾਰਟੀ ਮੇਜਰ ਅਮਿਤ ਮਹਾਜਨ ਵਲੋਂ ਆਰ.ਟੀ.ਏ. ਅਮਨਪ੍ਰੀਤ ਸਿੰਘ ਅਤੇ ਏ.ਟੀ.ਓ ਵਿਸ਼ਾਲ ਗੋਇਲ ਨਾਲ ਸੁਰੱਖਿਆ ਨਿਯਮਾਂ ਦੀ ਪਾਲਣਾ ਦੇ ਹਿੱਤ ਸਕੂਲ ਬੱਸਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਰਿਜਨਲ ਟਰਾਂਸਪੋਰਟ ਅਥਾਰਟੀ ਨੇ ਦੱਸਿਆ ਕਿ ਨਿਯਮਾਂ ਦੀ ਉਲੰਘਣਾ 'ਤੇ 45 ਚਲਾਨ ਕੀਤੇ ਗਏ ਅਤੇ 4 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਜਿਸ ਵਿਚੋਂ 2.5 ਲੱਖ ਰੁਪਏ ਪਹਿਲਾਂ ਹੀ ਉਲੰਘਣਾ ਕਰਨ ਵਾਲਿਆਂ ਤੋਂ ਵਸੂਲੇ ਜਾ ਚੁੱਕੇ ਸਨ ਅਤੇ 4 ਬੱਸਾਂ ਨੂੰ ਜ਼ਬਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਸੁਰੱਖਿਆ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸਕੂਲ ਪ੍ਰਿੰਸੀਪਲਾਂ ਨੂੰ ਸ਼ਾਮਲ ਕਰਦਿਆਂ ਪ੍ਰਬੰਧਕਾਂ ਅਤੇ ਮਾਪਿਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸਬੰਧਤ ਉਪ ਮੰਡਲ ਮੈਜਿਸਟਰੇਟਾਂ ਵਲੋਂ ਵੀ ਆਪਣੀ-ਆਪਣੀ ਸਬ ਡਵੀਜ਼ਨ ਵਿੱਚ ਸਕੂਲ ਬੱਸਾਂ ਦੀ ਜਾਂਚ ਮੁਹਿੰਮ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੁਲਸ, ਸਿੱਖਿਆ ਅਤੇ ਟਰਾਂਸਪੋਰਟ ਵਿਭਾਗ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਵਲੋਂ ਸਕੂਲ ਬੱਸਾਂ ਦੁਆਰਾ ਨਿਯਮਾਂ ਦੀ ਉਲੰਘਣਾ ਕਰਨ ਵਿਰੁੱਧ ਜ਼ੀਰੋ ਟੋਲਰੈਂਸ ਨੀਤੀ ਨੂੰ ਅਪਣਾਉਣ ਸਬੰਧੀ ਪਹਿਲਾਂ ਹੀ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ । ਉਨ੍ਹਾਂ ਜ਼ੋਰ ਦਿੱਤਾ ਕਿ ਵਿਦਿਆਰਥੀਆਂ ਦੇ ਸਕੂਲ ਜਾਣ ਅਤੇ ਵਾਪਸ ਆਉਣ ਸਮੇਂ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਾਂਚ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ ।

# ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਸਰਬੱਤ ਦੇ ਭਲੇ ਲਈ ਸਮਾਗਮ



ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)- ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਸਕੂਲ ਦੇ ਨਵੇਂ ਸੈਸ਼ਨ ਦੀ ਆਰੰਭਤਾ ਮੌਕੇ ਸਰਬੱਤ ਦੇ ਭਲੇ ਲਈ ਸਮਾਗਮ ਕਰਵਾਇਆ ਗਿਆ। ਸੰਸਥਾ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ-ਨਿਰਦੇਸ਼ਾਂ ਅਧੀਨ, ਪ੍ਰਿੰਸੀਪਲ ਕਮਲਪ੍ਰੀਤ ਸਿੰਘ ਦੀ ਦੇਖ-ਰੇਖ ਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਹੋਏ ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸਕੂਲ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਰ ਮਾਰਸ਼ਲ ਐਜੂਕੇਸ਼ਨ ਸੋਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ, ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ ਪਿਤਾ ਅਤੇ ਸਮੂਹ ਸਟਾਫ ਮੈਂਬਰਾਂ ਨੂੰ ਨਵੇਂ ਸੈਸ਼ਨ ਦੀ ਆਰੰਭਤਾ ਮੌਕੇ ਮੁਬਾਰਕਬਾਦ ਦਿੱਤੀ ਅਤੇ ਵਿਦਿਆਰਥੀਆਂ ਨੂੰ ਮਿਹਨਤ, ਲਗਨ ਤੇ ਦ੍ਰਿੜ ਨਿਸਚੇ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਜ਼ਿੰਦਗੀ ਵਿੱਚ ਉੱਚੇ ਮੁਕਾਮ ਹਾਸਲ ਕਰਨ ਲਈ ਮਿਹਨਤ ਲਗਨ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਮੈਡਮ ਕੁਨਿਕਾ, ਹਰਪ੍ਰੀਤ ਕੌਰ, ਗਗਨਪ੍ਰੀਤ ਕੌਰ, ਸੰਦੀਪ ਕੌਰ ਸੁਖਲਿੰਦਰ ਪਾਲ ਸਿੰਘ, ਮੈਡਮ ਪ੍ਰਿੰਸੀ, ਟੀਨਾ, ਅੰਜੂ ਮੇਘਾ, ਪ੍ਰਿਯਕਾ, ਪ੍ਰਭਜੋਤ ਕੌਰ, ਭਾਵਨਾ ਗਗਨਦੀਪ ਕੌਰ, ਨਵਨੀਤ ਕੌਰ, ਜੈਸਮੀਨ ਕੌਰ, ਉਂਕਾਰ ਸਿੰਘ, ਬਲਦੇਵ ਸਿੰਘ ਰਮਨ, ਰਣਜੀਤ ਸਿੰਘ ਤੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

# ਖਾਲਸਾ ਪੰਥ ਦੇ ਪ੍ਰਗਟ ਦਿਹਾੜੇ ਨੂੰ ਸਮਰਪਤ 2 ਦਿਨਾ ਗੁਰਮਤਿ ਸਮਾਗਮ



ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )-ਖਾਲਸਾ ਪੰਥ ਦੇ ਪ੍ਰਗਟ ਦਿਹਾੜੇ ਨੂੰ ਸਮਰਪਤ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਬੀਬੀਆਂ ਟਾਂਡਾ ਵਿਖੇ 2 ਦਿਨਾ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ । ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਕਰਵਾਏ ਜਾ ਰਹੇ 2 ਦਿਨਾ ਸਮਾਗਮ ਦੌਰਾਨ ਢਾਡੀ ਜਥਾ ਭਾਈ ਸੁਖਰਾਜ ਸਿੰਘ ਤੇ ਸਾਥੀ, ਭਾਈ ਭੁਪਿੰਦਰ ਸਿੰਘ ਸੋਹਲਪੁਰ ਤੇ ਭਾਈ ਸੁਖਰਾਜ ਸਿੰਘ ਪ੍ਰੀਤਮਪੁਰਾ ਰਾਗੀ ਢਾਡੀ ਜਥਿਆਂ ਨੇ ਸੰਗਤ ਨੂੰ ਮਨੋਹਰ ਸ਼ਬਦ ਕੀਰਤਨ ਤੇ ਕਥਾ ਵਿਚਾਰਾਂ ਦੁਆਰਾ ਨਿਹਾਲ ਕੀਤਾ। ਸਮਾਗਮ ਵਿੱਚ ਹਾਜ਼ਰੀ ਲਗਵਾਉਣ ਵਾਸਤੇ ਪਹੁੰਚੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਸਮੂਹ ਸੰਗਤਾਂ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਮੁਬਾਰਕਬਾਦ ਦਿੱਤੀ ਅਤੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ ਸੇਵਾ ਤੇ ਸਿਮਰਨ ਦੇ ਮਾਰਗ 'ਤੇ ਚੱਲ ਕੇ ਆਪਣਾ ਮਨੁੱਖਾ ਜਨਮ ਸਫਲਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਿਰਮਲ ਸਿੰਘ ਤੁੱਲੀ ਅਤੇ ਜਨਰਲ ਸਕੱਤਰ ਲਖਵੀਰ ਸਿੰਘ ਖਾਲਸਾ ਨੇ ਸਮਾਗਮ ਵਿੱਚ ਤਨ ਮਨ ਤੇ ਧਨ ਨਾਲ ਸੇਵਾਵਾਂ ਕਰਕੇ ਸਹਿਯੋਗ ਕਰਨ ਵਾਲੇ ਸੇਵਾਦਾਰਾਂ ਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਮੂਹ ਸੰਗਤ ਨੂੰ ਖਾਲਸਾ ਪੰਥ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਣ ਦੇ ਨਾਲ ਨਾਲ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਇਤਿਹਾਸ 'ਤੇ ਵੀ ਚਾਨਣਾ ਪਾਇਆ। ਸਮਾਗਮ ਦੀ ਸੰਪੂਰਨਤਾ ਤੇ ਸਹਿਯੋਗੀ ਸੇਵਾਦਾਰਾਂ ਦਾ ਸਨਮਾਨ ਵੀ ਕੀਤਾ ਗਿਆ । ਵਿਧਾਇਕ ਜਸਵੀਰ ਸਿੰਘ ਰਾਜਾ, ਲਖਬੀਰ ਸਿੰਘ, ਜਗਜੀਵਨ ਜੱਗੀ, ਕੇਸਵ ਸਿੰਘ ਸੈਣੀ, ਸੁਖਵਿੰਦਰ ਸਿੰਘ ਅਰੋੜਾ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਗੁਰਦੀਪ ਸਿੰਘ ਹੈਪੀ, ਦੀਪਕ ਭੀਲ, ਕੌਂਸਲਰ ਹਰਕ੍ਰਿਸ਼ਨ ਸੈਣੀ, ਕੌਂਸਲਰ ਲਖਵਿੰਦਰ ਸਿੰਘ ਮੁਲਤਾਨੀ, ਸੁਰਿੰਦਰ ਸਿੰਘ ਭਾਟੀਆ, ਰਾਜਨ ਸੋਂਧੀ, ਦਮਨਪ੍ਰੀਤ ਸਿੰਘ, ਗੋਲਡੀ ਵਰਮਾ, ਬਲਵੀਰ ਸਿੰਘ, ਕਮਲ ਧੀਰ, ਪ੍ਰਿੰਸੀਪਲ ਸਾਹਿਬ ਸਿੰਘ, ਕੈਪਟਨ ਦਲਵੀਰ ਸਿੰਘ, ਗੁਰਮੀਤ ਸਿੰਘ, ਪਰਮਿੰਦਰ ਸਿੰਘ, ਬਬਲਾ ਸੈਣੀ, ਡੀ.ਐਸ.ਪੀ ਅਜੀਤ ਸਿੰਘ, ਐਡਵੋਕੇਟ ਗੁਰਪ੍ਰੀਤ ਸਿੰਘ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਗੁਰਪਾਲ ਸਿੰਘ ਸੈਣੀ, ਸੁਖਜਿੰਦਰ ਸਿੰਘ ਸੈਣੀ, ਦਿਲਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਪ੍ਰੇਮ ਪਡਵਾਲ ਵੀ ਹਾਜ਼ਰ ਸਨ।

## ਮੁਹੱਲਾ ਡਿਵੈੱਲਪਮੈਂਟ ਕਮੇਟੀ ਦਾ ਵਫਦ ਐੱਸ ਪੀ ਨੂੰ ਮਿਲਿਆ

ਫਗਵਾੜਾ (ਡਾ. ਰਮਨ)- ਅੱਜ ਮੁਹੱਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਭਾਣੋਕੀ ਰੋਡ ਫਗਵਾੜਾ ਦਾ ਇੱਕ ਵਫਦ ਕਮੇਟੀ ਪ੍ਰਧਾਨ ਡਾ. ਰਮਨ ਸ਼ਰਮਾ ਦੀ ਅਗਵਾਈ ਹੇਠ ਐਸ ਪੀ ਫਗਵਾੜਾ ਰੁਪਿੰਦਰ ਕੌਰ ਭੱਟੀ ਨੂੰ ਮਿਲਿਆ ਅਤੇ ਰੇਲਵੇ ਸਟੇਸ਼ਨ ਫਗਵਾੜਾ ਦੇ ਪਲੇਟਫਾਰਮ ਨੰਬਰ 2 ਨਜ਼ਦੀਕ ਬੂਡਨਬ੍ਰਿਜ ਵਾਲੀ ਸਾਈਡ ਵੱਲ ਭਗਤਪੁਰਾ ਨੂੰ ਜਾਂਦੇ ਰਸਤੇ ਵੱਲ ਢਾਹੇ ਗਏ ਰੇਲਵੇ ਕਵਾਟਰ ਜੋ ਕਿ ਜੰਗਲਨੁਮਾ ਬਣ ਚੁੱਕੇ ਹਨ, ਵਾਲੀ ਸੁੰਨਸਾਨ ਜਗ੍ਹਾ 'ਤੇ ਸ਼ਰਾਰਤੀ ਅਨਸਰਾਂ ਵੱਲੋਂ ਇੱਥੋਂ ਆਉਣ ਜਾਣ ਵਾਲੇ ਲੰਘਣ ਵਾਲੇ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਖਸੁੱਟ ਨੂੰ ਰੋਕਣ ਲਈ ਇੱਕ ਮੰਗ ਪੱਤਰ ਸੌਂਪਿਆ ਗਿਆ।ਮੁਹੱਲਾ ਡਿਵੈਲਪਮੈਂਟ ਕਮੇਟੀ ਪ੍ਰਧਾਨ ਡਾ. ਰਮਨ ਨੇ ਦੱਸਿਆ ਕਿ ਇਸ ਸੰਬੰਧੀ ਰੇਲਵੇ ਦੇ ਅਧਿਕਾਰੀਆਂ ਡੀ ਆਰ ਐਮ ਨਾਰਦਨ ਰੇਲਵੇ ਫਿਰੋਜ਼ਪੁਰ ਡਵੀਜ਼ਨ, ਸਟੇਸ਼ਨ ਸੁਪਰਡੈਂਟ ਫਗਵਾੜਾ, ਸੈਕਸ਼ਨ ਇੰਜੀਨੀਅਰ ਆਈ ਡਬਲਯੂ ਵਿਭਾਗ ਰੇਲਵੇ ਸਟੇਸ਼ਨ ਫਗਵਾੜਾ ਦੇ ਧਿਆਨ ਹਿੱਤ ਮਾਮਲਾ ਲਿਆਂਦਾ ਜਾ ਚੁੱਕਾ ਹੈ। ਮੈਡਮ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੀ ਇਹ ਗੰਭੀਰ ਸਮੱਸਿਆ ਦਾ ਸਥਾਈ ਹੱਲ ਜਲਦ ਹੀ ਕਰਨਗੇ।

# ਬੀਬੀ ਹਰਬੰਸ ਕੌਰ ਨਮਿਤ ਸਤਿਕਾਰ ਸਮਾਗਮ



ਫਗਵਾੜਾ (ਡਾ. ਰਮਨ) - ਤਰਕਸ਼ੀਲ ਤੇ ਜਮਹੂਰੀ ਲਹਿਰ ਦੀ ਹਮਦਰਦ ਬੀਬੀ ਹਰਬੰਸ ਕੌਰ ਰਿਟਾਇਰਡ ਟੀਚਰ ਕੈਂਸਰ ਦੀ ਬਿਮਾਰੀ ਕਾਰਨ 12 ਅਪ੍ਰੈਲ ਨੂੰ ਸਦੀਵੀ ਵਿਛੋੜਾ ਦੇ ਗਏ ਸਨ । ਮ੍ਰਿਤਕ ਸਾਥੀ ਹਰਬੰਸ ਕੌਰ ਦੇ ਪਤੀ ਸੁਖਦੇਵ ਸਿੰਘ ਅਤੇ ਪਰਵਾਰ ਵਲੋਂ ਬੀਬੀ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਸੀ ਐਮ ਸੀ ( ਕ੍ਰਿਸਚੀਅਨ ਮੈਡੀਕਲ ਕਾਲਜ) ਲੁਧਿਆਣਾ ਨੂੰ ਪ੍ਰਦਾਨ ਕੀਤੀ ਗਈ। ਅੱਜ ਹਰਬੰਸ ਕੌਰ ਵਲੋਂ ਜਿਊਂਦੇ ਜੀਅ ਕੀਤੇ ਕਾਰਜਾਂ ਅਤੇ ਮੌਤੋਂ ਬਾਅਦ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਭੇਟ ਕਰਨ ਦੇ ਉਦਮੀ ਕਾਰਜ ਲਈ ਪਰੰਪਰਾਵਾਦੀ ਲੀਹਾਂ ਤੋਂ ਹਟ ਕੇ ਨਨਕਾਣਾ ਬਰਾਦਰੀ ਜੰਜਘਰ ਫਗਵਾੜਾ ਵਿਖੇ ਹਰਬੰਸ ਕੌਰ ਸਤਿਕਾਰ ਸਮਾਗਮ ਕੀਤਾ ਗਿਆ । ਇਸ ਸਮਾਗਮ ਵਿੱਚ ਤਰਕਸ਼ੀਲ ਲਹਿਰ, ਸਮਾਜਿਕ - ਜਮਹੂਰੀ ਜਥੇਬੰਦੀਆਂ ਅਤੇ ਰਿਸ਼ਤੇਦਾਰਾਂ ਤੇ ਸੰਗੀਆਂ ਸਾਥੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਕੱਠ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਮੁਖੀ ਰਜਿੰਦਰ ਭਦੌੜ, ਜਮਹੂਰੀ ਅਧਿਕਾਰ ਸਭਾ ਦੇ ਆਗੂ ਬੂਟਾ ਸਿੰਘ ਮਹਿਦੂਦਪੁਰ , ਅਧਿਆਪਕ ਭਲਾਈ ਕਮੇਟੀ ਆਗੂ ਪ੍ਰਿੰਸੀਪਲ ਹਰਮੇਸ਼ ਪਾਠਕ, ਮਨਪ੍ਰੀਤ ਕੌਰ ਜਮਹੂਰੀ ਕਾਰਕੁੰਨ, ਮੈਗਜ਼ੀਨ ਵਰਗ ਚੇਤਨਾ ਦੇ ਸੰਪਾਦਕ ਯਸ਼ਪਾਲ, ਤਰਕਸ਼ੀਲ ਆਗੂ ਸੁਰਜੀਤ ਟਿੱਬਾ ਅਤੇ ਬੀਬੀ ਜੀ ਦੇ ਦਾਮਾਦ ਡਾ. ਪੰਕਜ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰਬੰਸ ਕੌਰ ਨੇ ਜਿਊਂਦੇ ਜੀਅ ਲੰਬਾ ਸਮਾਂ ਅਧਿਆਪਨ ਦਾ ਕੰਮ ਬੜੀ ਇਮਾਨਦਾਰੀ ਨਾਲ ਕੀਤਾ, ਲੋਕ ਹਿਤਾਂ ਲਈ ਕੰਮ ਕਰਦੀਆਂ ਜਥੇਬੰਦੀਆਂ ਦਾ ਪੂਰਨ ਸਹਿਯੋਗ ਕੀਤਾ। ਹਰਬੰਸ ਕੌਰ ਦੇ ਪਰਵਾਰ ਸੁਖਦੇਵ ਸਿੰਘ, ਡਾ. ਨਵਕਿਰਨ, ਡਾ. ਪੰਕਜ, ਨਵਦੀਪ ਤੇ ਅਮਨਦੀਪ ਕੌਰ ਅਸਟ੍ਰੇਲੀਆ ਨੇ ਹਰਬੰਸ ਕੌਰ ਦੇ ਮਿਤਕ ਸਰੀਰ ਨੂੰ ਲੋਕ ਹਿਤਾਂ ਲਈ ਮੈਡੀਕਲ ਖੋਜ ਕਾਰਜਾਂ ਲਈ ਅਰਪਿਤ ਕਰਕੇ ਸਮਾਜ ਨੂੰ ਵੱਡੀ ਸੇਧ ਦਿੱਤੀ ਹੈ। ਜਸਬੀਰ ਨੰਬਰਦਾਰ ਨੇ ਇੱਕ ਭਾਵਭਿੰਨੀ ਕਵਿਤਾ ਪੇਸ਼ ਕਰਕੇ ਮਾਂ ਨੂੰ ਸ਼ਰਧਾਂਜਲੀ ਭੇਟ ਕੀਤੀ ।ਦੇਸ਼ ਵਿਦੇਸ਼ ਤੋਂ ਪ੍ਰਾਪਤ ਸ਼ੋਕ ਸੰਦੇਸ਼ਾਂ ਰਾਹੀਂ ਪੰਜਾਬ ਲੋਕ ਸੱਭਿਆਚਾਰਕ ਮੰਚ, ਦੇਸ਼ ਭਗਤ ਯਾਦਗਰ ਕਮੇਟੀ ਜਲੰਧਰ, ਭਗਵੰਤ ਸਿੰਘ ਯੂ ਕੇ, ਬਾਈ ਅਵਤਾਰ ਕਨੇਡਾ, ਤਰਕਸ਼ੀਲ ਸੁਸਾਇਟੀ ਕਨੇਡਾ, ਡਾ. ਨਵਸ਼ਰਨ, ਡਾ. ਅਰੀਤ, ਡਾ. ਪਰਮਿੰਦਰ ਸਿੰਘ ਅੰਮ੍ਰਿਤਸਰ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਡੀ ਐਮ ਐਫ ਫਗਵਾੜਾ, ਸਰਕਾਰੀ ਸੀਨੀਅਰ ਸਕੰਡਰੀ ਸਕੂਲ ਭੁੱਲਾਰਾਏ ਦਾ ਸਟਾਫ, ਡੀ ਟੀ ਐਫ ਜ਼ਿਲ੍ਹਾ ਜਲੰਧਰ, ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਬਰਟੇਨ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਡੀ ਟੀ ਐਫ ਪ੍ਰਧਾਨ ਦਿਗਵਿਜੇਪਾਲ, ਜਨਰਲ ਸਕਤਰ ਬਲਵੀਰ ਚੰਦ ਲੌਂਗੋਵਾਲ, ਪੰਜਾਬ ਵੈਲਫੇਅਰ ਪੈਨਸ਼ਨਰਜ਼ ਐਸੋਸੀਏਸ਼ਨ ਫਗਵਾੜਾ ਆਦਿ ਨੇ ਹਰਬੰਸ ਕੌਰ ਦੇ ਕੰਮਾਂ ਨੂੰ ਸਲੂਟ ਕਰਦੇ ਹੋਏ ਪਰਵਾਰ ਨਾਲ ਹਮਦਰਦੀ ਪ੍ਰਗਟਾਈ ।

## ਨਵਜੋਤ ਕੌਰ ਨੇ ਭੌਤਿਕ ਵਿਗਿਆਨ 'ਚ ਮਾਸਟਰ ਡਿਗਰੀ ਅੱਵਲ ਦਰਜੇ 'ਚ ਕੀਤੀ ਪਾਸ




ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਜ਼ਿਲ੍ਹਾ ਨਵਾਂਸ਼ਹਿਰ ਦੀ ਨਵਜੋਤ ਕੌਰ ਨੇ ਵਿਸ਼ਾ ਭੌਤਿਕ ਵਿਗਿਆਨ 'ਚ ਮਾਸਟਰ ਡਿਗਰੀ ਅੱਵਲ ਦਰਜੇ ਵਿੱਚ ਹਾਸਲ ਕਰਕੇ ਆਪਣੇ ਮਾਤਾ ਪਿਤਾ ਦਾ ਨਾਂ ਰੋਸ਼ਨ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਖੇ ਨਵਜੋਤ ਕੌਰ ਨੂੰ ਕਰਵਾਏ ਗਏ ਕਨਵੋਕੇਸ਼ਨ ਸਮਾਗਮ ਦੌਰਾਨ ਐਮ.ਐਸ.ਸੀ (ਭੌਤਿਕ ਵਿਗਿਆਨ) ਵਿਸ਼ੇ ਦੀ ਡਿਗਰੀ ਦੇ ਕੇ ਸਨਮਾਨਤ ਕੀਤਾ ਗਿਆ। ਨਵਜੋਤ ਕੌਰ ਨੇ ਆਪਣੀ ਇਸ ਸਫਲਤਾ ਦਾ ਰਾਜ਼ ਆਪਣੇ ਮਾਤਾ ਪਿਤਾ ਨੂੰ ਦੱਸਦਿਆਂ ਕਿਹਾ ਕਿ ਮੈਨੂੰ ਇਹ ਕਾਮਯਾਬੀ ਮੇਰੇ ਮਾਤਾ ਪਿਤਾ ਦੀ ਕਰੜੀ ਮਿਹਨਤ ਸਦਕਾ ਪ੍ਰਾਪਤ ਹੋਈ ਹੈ। ਮਾਤਾ ਪਰਮਜੀਤ ਕੌਰ ਨੇ ਭਾਵੁਕ ਮਨ ਨਾਲ ਕਿਹਾ ਕਿ ਉਹ ਆਪਣੀ ਧੀ ਨਵਜੋਤ ਕੌਰ ਨੂੰ ਉਸਦੇ ਪਿਤਾ ਹਰਿੰਦਰ ਸਿੰਘ ਦੀ ਤਰ੍ਹਾਂ ਸਫ਼ਲ ਹੁੰਦਾ ਦੇਖਣਾ ਚਾਹੁੰਦੇ ਹਨ।ਇਸ ਮੌਕੇ ਨਵਜੋਤ ਕੌਰ ਨੇ ਕਿਹਾ ਕਿ ਉਹ ਜਲਦ ਆਪਣੀ ਮਿਹਨਤ ਦੇ ਬਲਬੂਤੇ ਸਫਲਤਾ ਦੀ ਪੌੜੀ ਚੜ੍ਹ ਕੇ ਆਪਣੇ ਮਾਤਾ ਪਿਤਾ ਦਾ ਸਹਾਰਾ ਬਣੇਗੀ।

## ਜੁਆਇੰਟ ਕਮਿਸ਼ਨਰ ਨੇ ਵੱਖ-ਵੱਖ ਖੇਤਰਾਂ 'ਚ ਸਫਾਈ ਵਿਵਸਥਾ ਦਾ ਲਿਆ ਜਾਇਜ਼ਾ

ਫਗਵਾੜਾ (ਡਾ. ਰਮਨ)- ਸ਼ਹਿਰ ਅੰਦਰ ਸਫਾਈ ਵਿਵਸਥਾ ਦੀ ਬੇਹਤਰੀ ਲਈ ਅੱਜ ਜੁਆਇੰਟ ਕਮਿਸ਼ਨਰ ਕੁਲਪ੍ਰੀਤ ਸਿੰਘ ਵੱਲੋਂ ਨਗਰ ਨਿਗਮ ਫਗਵਾੜਾ ਦੇ ਵੱਖ—ਵੱਖ ਏਰੀਆਜ਼ ਵਿੱਚ ਸਫ਼ਾਈ ਵਿਵਸਥਾ ਦਾ ਜਾਇਜ਼ਾ ਲਿਆ ਗਿਆ। ਸ਼ਹਿਰ ਦੇ ਦੌਰੇ ਦੌਰਾਨ ਜੁਆਇੰਟ ਕਮਿਸ਼ਨਰ ਵੱਲੋਂ ਵੱਖ—ਵੱਖ ਵਾਰਡਾਂ, ਡਾਕਖਾਨਾ ਰੋਡ 'ਤੇ ਸਥਿਤ ਸੈਕੰਡਰੀ ਪੁਆਇੰਟ ਅਤੇ ਬਾਹੜਾ ਹਸਪਤਾਲ ਦੇ ਨਜ਼ਦੀਕ ਸਥਿਤ ਸੈਕੰਡਰੀ ਪੁਆਇੰਟ ਦੀ ਚੈਕਿੰਗ ਕੀਤੀ ਗਈ। ਕੁਲਪ੍ਰੀਤ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਨਿਗਮ ਕਮਿਸ਼ਨਰ ਵੱਲੋਂ ਸ਼ਹਿਰ ਅੰਦਰ ਸਫ਼ਾਈ ਵਿਵਸਥਾ ਦੀ ਹੋਰ ਬੇਹਤਰੀ ਲਈ ਨਿਰੰਤਰ ਯਤਨ ਜਾਰੀ ਹਨ ਅਤੇ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਦੇ ਦਿਸ਼ਾ—ਨਿਰਦੇਸ਼ਾਂ ਹੇਠ ਅੱਜ ਉਨ੍ਹਾਂ ਵੱਲੋਂ ਹੈਲਥ ਸ਼ਾਖਾ ਦੀ ਸਮੁੱਚੀ ਟੀਮ ਨਾਲ ਸ਼ਹਿਰ ਦੇ ਵੱਖ—ਵੱਖ ਖੇਤਰਾਂ ਵਿੱਚ ਸਫਾਈ ਵਿਵਸਥਾ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਕਿਹਾ ਕਿ ਨਿਗਮ ਕਮਿਸ਼ਨਰ ਵੱਲੋਂ ਸ਼ਹਿਰ ਦੀ ਸਫ਼ਾਈ ਵਿਵਸਥਾ ਨੂੰ ਨਿੱਜੀ ਪੱਧਰ 'ਤੇ ਮੋਨੀਟਰ ਕੀਤਾ ਜਾ ਰਿਹਾ ਹੈ। ਜੁਆਇੰਟ ਕਮਿਸ਼ਨਰ ਨੇ ਸਮੂਹ ਸਫ਼ਾਈ ਕਰਮਚਾਰੀਆਂ ਦੇ ਕੰਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਨਗਰ ਨਿਗਮ ਦੇ ਸਫ਼ਾਈ ਕਰਮਚਾਰੀ ਸ਼ਹਿਰ ਦੀ ਸਫ਼ਾਈ ਲਈ ਅਣਥੱਕ ਮਿਹਨਤ ਕਰਦੇ ਹਨ। ਇਸ ਮੌਕੇ ਉਨ੍ਹਾਂ ਨੇ ਸ਼ਹਿਰ ਅੰਦਰ ਸਫ਼ਾਈ ਕਰ ਰਹੇ ਕਰਮਚਾਰੀਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੇ ਕੰਮ ਦੀ ਪ੍ਰਸੰਸਾ ਕੀਤੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਸ਼ਹਿਰ ਦੀ ਸਾਫ਼—ਸਫ਼ਾਈ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ। ਇਸ ਮੌਕੇ ਉਨ੍ਹਾਂ ਨਾਲ ਸੈਨੇਟਰੀ ਇੰਸਪੈਕਟਰ, ਐਮ.ਆਈ.ਐਸ. ਸਮੇਤ ਹੈਲਥ ਸ਼ਾਖਾ ਦੀ ਸਮੁੱਚੀ ਟੀਮ ਹਾਜ਼ਰ ਸੀ

## ਚੜਿਆਲ 'ਚ ਬਾਬਾ ਸਾਹਿਬ ਅੰਬੇਡਕਰ ਦਾ ਜਨਮ ਦਿਵਸ ਮਨਾਇਆ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਬਲਾਕ ਹੁਸ਼ਿਆਰਪੁਰ-1 ਦੇ ਪਿੰਡ ਚੜਿਆਲ ਵਿਖੇ ਪਿੰਡ ਦੀ ਅੰਬੇਡਕਰ ਮਿਸ਼ਨ ਸੁਸਾਇਟੀ ਵਲੋਂ ਬਾਬਾ ਸਾਹਿਬ ਭੀਮ ਰਾਓ ਦਾ 133ਵਾਂ ਜਨਮ ਦਿਵਸ ਬੜੇ ਚਾਵਾਂ ਅਤੇ ਖੁਸ਼ੀਆਂ ਨਾਲ ਮਨਾਇਆ ਗਿਆ। ਇਸ ਵਿਸ਼ਾਲ ਸਮਾਗਮ ਵਿੱਚ ਭਾਰੀ ਗਿਣਤੀ ਵਿੱਚ ਪਿੰਡ ਵਾਸੀਆਂ, ਨੌਜਵਾਨਾਂ, ਔਰਤਾਂ ਅਤੇ ਬੱਚਿਆਂ ਨੇ ਭਾਗ ਲਿਆ। ਇਸ ਸੁਸਾਇਟੀ ਦੇ ਪ੍ਰਬੰਧਕ ਮੈਂਬਰਾਂ ਪ੍ਰਦੀਪ ਕੁਮਾਰ, ਕੇਵਲ ਕ੍ਰਿਸ਼ਨ, ਅੰਮ੍ਰਿਤਪਾਲ ਸਿੰਘ, ਵਰਿੰਦਰ ਕੁਮਾਰ ਬੰਟੀ, ਵਿਜੇ ਅਤੇ ਰੋਹਿਤ ਦੀ ਨਿਗਰਾਨੀ ਹੇਠ ਪਿੰਡ ਵਾਸੀਆਂ ਨੇ ਬਰੈਡ ਅਤੇ ਚਾਹ ਪਾਣੀ ਅਤੇ ਮਠਿਆਈ ਆਦਿ ਦਾ ਯੋਗ ਪ੍ਰਬੰਧ ਕੀਤਾ ਹੋਇਆ ਸੀ। ਇਸ ਸਮਾਗਮ ਨੂੰ ਸਫਲਤਾ ਪੂਰਵਕ ਕਾਮਯਾਬ ਕਰਨ ਲਈ ਐਨ.ਆਰ.ਆਈ. ਨੇ ਵੀ ਆਰਥਿਕ ਤੌਰ 'ਤੇ ਸਹਿਯੋਗ ਕੀਤਾ। ਸਮਾਗਮ ਸਮੇਂ ਅੰਮ੍ਰਿਤਪਾਲ ਸਿੰਘ ਨੇ ਆਏ ਮਹਿਮਾਨਾਂ ਅਤੇ ਪਿੰਡ ਵਾਸੀਆਂ ਦਾ ਸਮਾਗਮ ਵਿੱਚ ਭਾਰੀ ਗਿਣਤੀ ਵਿੱਚ ਪਹੁੰਚਣ 'ਤੇ ਜੀ ਆਇਆਂ ਕਿਹਾ ਤੇ ਬਾਬਾ ਸਾਹਿਬ ਵਲੋਂ ਸਮਾਜ ਲਈ ਕੀਤੇ ਸੰਘਰਸ਼ਾਂ ਬਾਰੇ ਦੱਸਿਆ। ਇਸ ਤੋਂ ਬਾਅਦ ਮੁੱਖ ਮਹਿਮਾਨ ਮਾਸਟਰ ਮਹਿੰਦਰ ਸਿੰਘ ਹੀਰ, ਡਾਕਟਰ ਅਮਨਦੀਪ ਸਿੰਘ ਤੇ ਪਿੰਡ ਵਾਸੀਆਂ ਨੇ ਬਾਬਾ ਸਾਹਿਬ ਦੀ ਫੋਟੋ ਤੇ ਹਾਰ ਪਹਿਨਾ ਕੇ ਸ਼ਰਧਾ ਸੁਮਨ ਭੇਟ ਕੀਤੇ। ਇਸ ਮੌਕੇ ਮੁੱਖ ਮਹਿਮਾਨ ਅਤੇ ਪ੍ਰਧਾਨ ਵਲੋਂ ਪਹਿਲੀ ਤੇ ਪੰਜਵੀਂ ਜਮਾਤ ਵਿੱਚ ਪਹਿਲੇ, ਦੂਜੇ ਅਤੇ ਤੀਜੇ ਦਰਜੇ ਵਿੱਚ ਆਏ ਬੱਚਿਆਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਗਿਆਨੀ ਗੁਰਬਚਨ ਸਿੰਘ, ਆਤਮਾ ਰਾਮ, ਹਰਭਜਨ ਲਾਲ, ਪਟਵਾਰੀ ਮੋਹਨ ਲਾਲ, ਵਿਵੇਕ, ਬਲਵਿੰਦਰ, ਹਰਵਿੰਦਰ ਸਿੰਘ, ਹਰਪ੍ਰੀਤ ਕੌਰ ਅਤੇ ਅਨੀਤਾ ਰਾਣੀ ਆਦਿ ਸ਼ਾਮਲ ਸਨ।

## ਵਿਦਿਆਰਥੀਆਂ ਨੇ ਅਖ਼ਬਾਰ ਛਪਾਈ ਦੀਆਂ ਬਾਰੀਕੀਆਂ ਸਿੱਖੀਆਂ



ਜਲੰਧਰ (ਸ਼ੈਲੀ ਐਲਬਰਟ)- ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ.-ਪੀ.ਟੀ.ਯੂ.) ਦੇ ਪੱਤਰਕਾਰੀ ਅਤੇ ਜਨਸੰਚਾਰ ਵਿਭਾਗ ਦੇ ਵਿਦਿਆਰਥੀਆਂ ਨੇ ਖਬਰਾਂ ਦੇ ਪ੍ਰਕਾਸ਼ਨ ਨਾਲ ਸਬੰਧਤ ਜਾਣਕਾਰੀ ਹਾਸਲ ਕਰਨ ਲਈ ਇੱਕ ਅਖਬਾਰ ਸਮੂਹ ਦਾ ਅਕਾਦਮਿਕ ਦੌਰਾ ਕੀਤਾ। ਵਿਦਿਆਰਥੀਆਂ ਨੇ ਪ੍ਰੈਕਟੀਕਲ ਗਿਆਨ ਦੇ ਰੂਪ ਵਿੱਚ ਅਖਬਾਰ ਪ੍ਰਿੰਟਿੰਗ ਪ੍ਰੈਸ ਯੂਨਿਟ ਵਿੱਚ ਕੀਤੇ ਗਏ ਕੰਮਾਂ ਨੂੰ ਨੇੜਿਓਂ ਸਮਝਿਆ। ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. (ਡਾ.) ਸੁਸ਼ੀਲ ਮਿੱਤਲ ਦੇ ਨਿਰਦੇਸ਼ਾਂ ਮੁਤਾਬਕ ਵਿਦਿਆਰਥੀਆਂ ਨੂੰ ਹਰ ਵਿਸ਼ੇ ਦਾ ਪ੍ਰੈਕਟੀਕਲ ਗਿਆਨ ਦੇਣ ਦੇ ਮਕਸਦ ਨਾਲ ਸੰਬੰਧਤ ਉਦਯੋਗਿਕ ਇਕਾਈ ਦਾ ਦੌਰਾ ਕੀਤਾ ਜਾਵੇ।ਯੂਨੀਵਰਸਿਟੀ ਦੇ ਰਜਿਸਟਰਾਰ ਡਾ.ਐਸ.ਕੇ ਮਿਸ਼ਰਾ, ਡੀਨ ਅਕਾਦਮਿਕ ਪ੍ਰੋ. (ਡਾ.) ਵਿਕਾਸ ਚਾਵਲਾ ਨੇ ਇਸ ਉਪਰਾਲੇ ਲਈ ਵਿਭਾਗ ਦੇ ਮੁਖੀ ਪ੍ਰੋ. (ਡਾ.) ਰਣਬੀਰ ਸਿੰਘ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕੀਤੀ। ਸੀਨੀਅਰ ਫੋਰਮੈਨ ਵਿਜੇ ਸ਼ਰਮਾ ਨੇ ਗੁੰਝਲਦਾਰ ਪ੍ਰਿੰਟਿੰਗ ਪ੍ਰਕਿਰਿਆ ਦਾ ਵੇਰਵਾ ਦਿੱਤਾ, ਕਾਗਜ਼ ਅਤੇ ਗੱਤੇ ਉੱਤੇ ਡਿਜ਼ਾਈਨ ਟ੍ਰਾਂਸਫਰ ਕਰਨ ਵਿੱਚ ਆਫਸੈੱਟ ਪ੍ਰਿੰਟਿੰਗ ਤਕਨਾਲੋਜੀ ਦੀ ਸ਼ੁੱਧਤਾ ਦਾ ਪ੍ਰਦਰਸ਼ਨ ਕੀਤਾ। ਪ੍ਰਸ਼ਾਸਨਿਕ ਅਧਿਕਾਰੀ ਸੰਜੀਵ ਸ਼ਰਮਾ ਵੱਲੋਂ ਸੁਚਾਰੂ ਢੰਗ ਨਾਲ ਤਾਲਮੇਲ ਕੀਤੇ ਗਏ ਇਸ ਦੌਰੇ ਨੇ ਵਿਦਿਆਰਥੀਆਂ ਨੂੰ ਅਖ਼ਬਾਰ ਉਤਪਾਦਨ ਦੀਆਂ ਪੇਚੀਦਗੀਆਂ ਜਾਣੂ ਕਰਵਾਇਆ । ਪ੍ਰੋਫੈਸਰ (ਡਾ.) ਰਣਬੀਰ ਸਿੰਘ ਨੇ ਮੀਡੀਆ ਵਿੱਚ ਸਫਲ ਕਰੀਅਰ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ ਅਜਿਹੇ ਵਿਦਿਅਕ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ।

## ਨਨਕਾਣਾ ਸਾਹਿਬ ਖਾਲਸਾ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ



ਸੁਲਤਾਨਪੁਰ ਲੋਧੀ ( ਹਨੀ )- ਸਥਾਨਕ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ 100 ਫੀਸਦੀ ਰਿਹਾ । ਪ੍ਰਿੰਸੀਪਲ ਨਿਧੀ ਸੰਗੋਤਰਾ ਨੇ ਦੱਸਿਆ ਕਿ ਸਕੂਲ ਦੀ ਹੋਣਹਾਰ ਵਿਦਿਆਰਥਣ ਮਨਪ੍ਰੀਤ ਕੌਰ 650 ਅੰਕਾਂ ਵਿਚੋਂ 522 ਅੰਕ ਹਾਸਲ ਕਰਕੇ ਪਹਿਲੇ ਸਥਾਨ 'ਤੇ ਰਹੀ । ਇਸੇ ਤਰ੍ਹਾਂ ਸਿਮਰਨ ਕੌਰ 510 ਅੰਕਾਂ ਨਾਲ ਦੂਜੇ ਅਤੇ ਪ੍ਰਿੰਸ 504 ਅੰਕਾਂ ਨਾਲ ਤੀਜੇ ਸਥਾਨ 'ਤੇ ਰਿਹਾ । ਜਦਕਿ ਜਸ਼ਨਦੀਪ 499 ਅੰਕਾਂ ਨਾਲ ਚੌਥੇ ਅਤੇ ਪ੍ਰਿੰਸਪ੍ਰੀਤ ਸਿੰਘ 488 ਅੰਕਾਂ ਨਾਲ ਪੰਜਵੇਂ ਸਥਾਨ 'ਤੇ ਰਿਹਾ । ਪ੍ਰਿੰਸੀਪਲ ਸੰਗੋਤਰਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ 30 ਵਿਦਿਆਰਥੀ ਪਹਿਲੇ ਦਰਜੇ ਵਿਚ ਪਾਸ ਹੋਣ 'ਚ ਸਫਲ ਰਹੇ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਅਤੇ ਇੰਜੀਨੀਅਰ ਨਿਮਰਤਾ ਕੌਰ ਨੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ । ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ । ਇਸ ਮੌਕੇ ਹਰਜਿੰਦਰ ਸਿੰਘ, ਰਣਜੀਤ ਸਿੰਘ, ਸੁਖਵਿੰਦਰ ਸਿੰਘ, ਪਰਵੀਨ ਕੁਮਾਰੀ, ਨੀਨਾ ਕੁਮਾਰੀ, ਸੰਦੀਪ ਕੌਰ, ਅਮਨਦੀਪ ਕੌਰ, ਕੰਵਲਜੀਤ ਕੌਰ, ਮਨਪ੍ਰੀਤ ਕੌਰ, ਕਿਰਨ ਕੁਮਾਰੀ, ਹਿਨਾ, ਸੁਮਨ ਕੌਰ, ਹਰਪ੍ਰੀਤ ਸਿੰਘ ਆਦਿ ਸਟਾਫ਼ ਮੈਂਬਰ ਹਾਜ਼ਰ ਸਨ ।

## ਕੰਨਿਆ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਸੌ ਫ਼ੀਸਦੀ



ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਸੌ ਫ਼ੀਸਦੀ ਰਿਹਾ ਹੈ। ਸਕੂਲ ਦੀਆਂ ਦਸਵੀਂ ਜਮਾਤ ਦੀ ਸਲਾਨਾ ਪ੍ਰੀਖਿਆ ਦੇਣ ਵਾਲੀਆਂ ਸਮੂਹ ਸੱਠ ਵਿਦਿਆਰਥਣਾਂ ਨੇ ਵਧੀਆ ਅੰਕ ਪ੍ਰਾਪਤ ਕਰਨ 'ਤੇ ਸਕੂਲ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਵੱਲੋਂ ਸਮੂਹ ਵਿਦਿਆਰਥਣਾਂ ਤੇ ਸਕੂਲ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਗਈ । ਸਕੂਲ ਦੇ ਅਧਿਆਪਕ ਗੁਰਪ੍ਰੀਤ ਸਿੰਘ ਹੀਰਾ ਅਤੇ ਹਰਨੀਰ ਕੌਰ ਮਾਂਗਟ ਨੇ ਦੱਸਿਆ ਕਿ ਸਕੂਲ ਦੀਆਂ ਅੱਠ ਵਿਦਿਆਰਥਣਾਂ ਨੇ 80 ਫੀਸਦੀ ਤੋਂ ਵੱਧ ਅੰਕ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ । ਪ੍ਰਿੰਸੀਪਲ ਨੇ ਕਿਹਾ ਕਿ ਸਕੂਲ ਵਿਖੇ ਲੰਮੇ ਸਮੇਂ ਤੋਂ ਵਿਦਿਆਰਥਣਾਂ ਦੇ ਸਰਬਪੱਖੀ ਵਿਕਾਸ ਲਈ ਵਿਭਾਗੀ ਹਦਾਇਤਾਂ ਅਨੁਸਾਰ ਵਿੱਦਿਅਕ ਤੇ ਸਹਿ ਵਿੱਦਿਅਕ ਸਰਗਰਮੀਆਂ ਜਾਰੀ ਹਨ, ਜਿਸ ਦੇ ਚੱਲਦੇ ਅੱਜ ਵੱਡੀ ਗਿਣਤੀ ਵਿਦਿਆਰਥਣਾਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ ਹੈ। ਇਸ ਮੌਕੇ 80 ਫੀਸਦੀ ਤੋਂ ਵੱਧ ਅੰਕ ਲੈਣ ਵਾਲੀਆਂ ਵਿਦਿਆਰਥਣਾਂ ਸਾਨੀਆ ਖਾਨ, ਸਹਿਜਪ੍ਰੀਤ ਕੌਰ, ਜਸਨੂਰਪ੍ਰੀਤ ਕੌਰ, ਜਾਨਵੀ, ਹਰਲੀਨ ਕੌਰ, ਸਿਮਰਨਜੀਤ ਕੌਰ, ਮਨਮੀਤ ਕੌਰ ਅਤੇ ਗਗਨਪ੍ਰੀਤ ਕੌਰ ਨੂੰ ਸਨਮਾਨਤ ਕੀਤਾ ਗਿਆ । ਇਸ ਮੌਕੇ ਲੈਕਚਰਾਰ ਜਗਤਾਰ ਸਿੰਘ, ਕਮਲਪ੍ਰੀਤ ਕੌਰ , ਹਰਜੀਤ ਕੌਰ, ਸੁਖਵਿੰਦਰ ਕੌਰ, ਪ੍ਰਿਯੰਕਾ ਮਹਿੰਦਰੂ, ਰੁਪਿੰਦਰ ਕੌਰ, ਅਮਨਦੀਪ, ਅਜੈ ਗੁਪਤਾ, ਮਨਦੀਪ ਕੌਰ ਅਤੇ ਹਰਜੀਤ ਸਿੰਘ ਆਦਿ ਹਾਜ਼ਰ ਸਨ ।

## ਪੰਜਾਬ ਨੈਸ਼ਨਲ ਬੈਂਕ ਦੇ ਮੈਨੇਜਰ 'ਤੇ 5000 ਰੁਪਏ ਜੁਰਮਾਨਾ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਸੇਵਾ ਦਾ ਅਧਿਕਾਰ ਆਯੋਗ ਨੇ ਸਮੇਂ 'ਤੇ ਕਰਜ਼ੇ ਦੀ ਅਦਾਇਗੀ ਨਾ ਕਰਨ 'ਤੇ ਪੰਜਾਬ ਨੈਸ਼ਨਲ ਬੈਂਕ ਦੀ ਇਕ ਬ੍ਰਾਂਚ ਦੇ ਮੈਨੇਜਰ 'ਤੇ 5000 ਰੁਪਏ ਜੁਰਮਾਨਾ ਲਗਾਉਣ ਦਾ ਫੈਸਲਾ ਸੁਣਾਇਆ ਹੈ। ਇਹ ਜੁਰਮਾਨਾ ਰਕਮ ਮੈਨੇਜਰ ਦੇ ਅਪ੍ਰੈਲ ਮਹੀਨੇ ਦੀ ਤਨਖਾਹ ਵਿੱਚੋਂ ਕੱਟੀ ਜਾਵੇਗੀ।ਹਰਿਆਣਾ ਦੇ ਸੇਵਾ ਦਾ ਅਧਿਕਾਰ ਆਯੋਗ ਦੇ ਇਕ ਬੁਲਾਰੇ ਨੇ ਦੱਸਿਆ ਕਿ ਆਯੋਗ ਦੇ ਮੁੱਖ ਕਮਿਸ਼ਨਰ ਟੀ ਸੀ ਗੁਪਤਾ ਨੇ ਪਿਛਲੇ ਮਹੀਨੇ ਮਾਰਚ ਵਿਚ ਮੁੱਖ ਮੰਤਰੀ ਅੰਤੋਂਦੇਯ ਪਰਵਾਰ ਉਥਾਨ ਯੋਜਨਾ (ਐਮਐਮਏਪੀਯੂਵਾਈ) ਦੇ ਲਾਭਕਾਰਾਂ ਦੇ ਤਿੰਨ ਮਾਮਲਿਆਂ ਦੀ ਸੁਣਵਾਈ ਕੀਤੀ ਸੀ ਜਿਸ ਦੇ ਤਹਿਤ ਸਿਵਾਨੀ ਤੋਂ ਬਿਨੈਕਾਰ ਉਮਪਤੀ ਦੇ ਮਾਮਲੇ ਵਿਚ ਖੁਦ ਐਕਸ਼ਨ ਲਿਆ ਹੈ। ਇਸ ਮਾਮਲੇ ਵਿਚ ਬੈਂਕ ਵੱਲੋਂ ਸਮੇਂ 'ਤੇ ਕਰਜ਼ੇ ਦੀ ਅਦਾਇਗੀ ਨਾ ਕਰਨ 'ਤੇ ਪੰਜਾਬ ਨੈਸ਼ਨਲ ਬੈਂਕ, ਸਿਵਾਨੀ ਜ਼ਿਲ੍ਹਾ ਭਿਵਾਨੀ ਦੇ ਬ੍ਰਾਂਚ ਮੈਨੇਜਰ ਅਨੁਜ ਵਰਮਾ 'ਤੇ 5000 ਰੁਪਏ ਦਾ ਜੁਰਮਾਨਾ ਲਗਾਉਣ ਦਾ ਫੈਸਲਾ ਸੁਣਾਇਆ। ਪਿਛਲੇ ਸਾਲ 6 ਅਕਤੂਬਰ ਨੂੰ ਹਰਿਆਣਾ ਸੇਵਾ ਦਾ ਅਧਿਕਾਰ ਆਯੋਗ ਦੇ ਸਮੇਂ ਕਮਿਸ਼ਨਰ ਦੀ ਅਗਵਾਈ ਹੇਠ ਐਸਐਲਬੀਸੀ ਅਤੇ ਕੁੱਝ ਬੈਂਕਾਂ ਦੇ ਡੀ ਜੀ ਐਮ ਦੀ ਮੀਟਿੰਗ ਵਿਚ ਜਦੋਂ ਆਯੋਗ ਨੂੰ ਇਹ ਪਤਾ ਚੱਲਿਆ ਕਿ ਹਜ਼ਾਰਾਂ ਮਾਮਲਿਆਂ ਵਿਚ ਬੈਂਕਾਂ ਵੱਲੋਂ ਸਮੇਂ 'ਤੇ ਕਰਜ਼ਾ ਨਹੀਂ ਦਿੱਤਾ ਜਾ ਰਿਹਾ ਅਤੇ ਸੈਂਕੜਿਆਂ ਮਾਮਲਿਆਂ ਵਿਚ ਮਨਜ਼ੂਰੀ ਅਤੇ ਖਰੀਦ ਦੇ ਬਾਅਦ ਵੀ ਬੈਂਕ ਕਰਜ਼ੇ ਦਾ ਵੰਡ ਨਹੀਂ ਕੀਤਾ ਜਾ ਰਿਹਾ। ਉਦੋਂ ਇਹ ਫੈਸਲਾ ਕੀਤਾ ਗਿਆ ਕਿ ਜਿਨ੍ਹਾਂ 100 ਮਾਮਲਿਆਂ ਵਿਚ ਕਰਜ਼ਾ ਵੰਡ ਵਿਚ ਬਹੁਤ ਵੱਧ ਦੇਰੀ ਹੋਈ ਹੈ, ਉਨ੍ਹਾਂ ਦੀ ਜਾਂਚ ਕਰ ਆਯੋਗ ਵੱਲੋਂ ਸਹੀ ਕਾਰਵਾਈ ਕੀਤੀ ਜਾਵੇਗੀ।

## ਸੰਤ ਹੀਰਾ ਦਾਸ ਗਰਲਜ਼ ਕਾਲਜੀਏਟ ਸਕੂਲ ਦਾ 10ਵੀਂ ਦਾ ਨਤੀਜਾ ਸ਼ਾਨਦਾਰ



ਕਾਲਾ ਸੰਘਿਆਂ (ਮਨਜੀਤ ਮਾਨ) ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਲਈ ਗਈ ਮੈਟ੍ਰਿਕ ਦੀ ਪ੍ਰੀਖਿਆ ਵਿੱਚੋਂ ਸੰਤ ਹੀਰਾ ਦਾਸ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆ ਦਾ ਦਸਵੀਂ ਕਲਾਸ ਦਾ ਨਤੀਜਾ 100% ਰਿਹਾ ਹੈ। ਕਾਲਜੀਏਟ ਪ੍ਰਿੰਸੀਪਲ ਮਿਸ ਕਰੁਣਾ ਅਤੇ ਕਾਲਜ ਪ੍ਰਿੰਸੀਪਲ ਮਿਸਿਜ ਬਲਜਿੰਦਰ ਕੌਰ ਸਚਦੇਵਾ ਨੇ ਦੱਸਿਆ ਕਿ ਸਾਡੇ ਸਕੂਲ ਦੀਆਂ ਵਿਦਿਆਰਥਣਾਂ ਸੋਬੀਆ 603/650 (93%) ਲੈ ਕੇ ਪਹਿਲੀ ਪੁਜੀਸ਼ਨ ਹਾਸਲ ਕੀਤੀ। ਨਵਨੀਤ ਕੌਰ ਨੇ 580/650 (89%) ਲੈ ਕੇ ਦੂਜੀ ਪੁਜੀਸ਼ਨ ਹਾਸਲ ਕੀਤੀ ਤੇ ਹਰਮਨਜੋਤ ਕੌਰ ਨੇ 544/650(84%) ਲੈ ਕੇ ਤੀਜੀ ਪੁਜੀਸ਼ਨ ਹਾਸਲ ਕੀਤੀ।ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ੀਤਲ ਸਿੰਘ ਸੰਘਾ ਨੇ ਤੇ ਪ੍ਰਿੰਸੀਪਲ ਨੇ ਸਾਡੇ ਵਿਦਿਆਰਥੀਆਂ ਨੂੰ ਮਿਹਨਤ ਕਰਵਾਉਣ ਵਾਲੇ ਸਟਾਫ ਨੂੰ ਵਧਾਈ ਦਿੱਤੀ।

## ਟਾਂਡਾ ਏਰੀਏ 'ਚ ਚੋਰ ਤੇ ਲੁਟੇਰੇ ਚੁਸਤ, ਪੁਲਸ ਸੁਸਤ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਟਾਂਡਾ ਇਲਾਕੇ ਵਿੱਚ ਚੋਰੀ ਅਤੇ ਲੁੱਟਾਂ ਖੋਹਾਂ ਵਾਰਦਾਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬੀਤੇ ਦਿਨੀਂ ਸਵੇਰੇ ਕਰੀਬ 5:30 ਵਜੇ ਦਲਜੀਤ ਕੌਰ ਪਤਨੀ ਜਸਪ੍ਰੀਤ ਸਿੰਘ ਵਾਸੀ ਟਾਂਡਾ ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾ ਰਹੀ ਸੀ ਕਿ 2 ਅਣਪਛਾਤੇ ਲੁਟੇਰਿਆਂ ਨੇ ਹਥਿਆਰ ਦੀ ਨੋਕ ਤੇ ਸੋਨੇ ਦੇ ਟੋਪਸ ਤੇ ਚਾਂਦੀ ਦੇ ਗਹਿਣੇ ਲੁੱਟ ਕੇ ਫਰਾਰ ਹੋ ਗਏ ਨਾਲ ਹੀ ਟਾਂਡਾ ਬੋਹੜ ਨੇੜੇ ਗੁਰਪ੍ਰੀਤ ਕੌਰ ਪਤਨੀ ਪਰਮਿੰਦਰ ਸਿੰਘ ਵਾਸੀ ਸੰਤ ਪ੍ਰੇਮ ਸਿੰਘ ਨਗਰ ਤੋਂ ਵੀ ਲੁਟੇਰਿਆਂ ਨੇ ਦਾਤਰ ਦਿਖਾ ਕੇ ਕੰਨਾਂ ਦੀਆਂ ਵਾਲੀਆਂ ਝਪਟ ਕੇ ਫਰਾਰ ਹੋ ਗਏ।ਨਿਤ ਦਿਨ ਰਾਤ ਦੀਆਂ ਚੋਰੀਆਂ ਤੇ ਲੁੱਟਾਂ ਖੋਹਾਂ ਨਾਲ ਟਾਂਡਾ ਇਲਾਕੇ ਵਿੱਚ ਲੋਕਾਂ ਵਲੋਂ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ ਪੁਲਸ ਪ੍ਰਸ਼ਾਸਨ ਤੋ ਲੋਕਾਂ ਦਾ ਵਿਸ਼ਵਾਸ ਖਤਮ ਹੁੰਦਾ ਜਾ ਰਿਹਾ ਹੈ।

## ਜ਼ਿਲ੍ਹੇ 'ਚ 24 ਤੋਂ ਲੱਗਣਗੇ ਵਿਸ਼ੇਸ਼ ਟੀਕਾਕਰਨ ਕੈਂਪ

ਮੋਹਾਲੀ (ਗੁਰਜੀਤ ਬਿੱਲਾ) ਸਰਵਵਿਆਪਕ ਟੀਕਾਕਰਨ ਪ੍ਰੋਗਰਾਮ ਦੇ 50 ਸਾਲ ਪੂਰੇ ਹੋਣ 'ਤੇ ਵਿਸ਼ਵ ਟੀਕਾਕਰਨ ਹਫ਼ਤਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਜ਼ਿਲ੍ਹੇ ਵਿਚ 24 ਅਪ੍ਰੈਲ ਤੋਂ 30 ਅਪ੍ਰੈਲ ਤੱਕ ਵਿਸ਼ੇਸ਼ ਟੀਕਾਕਰਨ ਕੈਂਪ ਲਗਾਏ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਅਤੇ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ ਨੇ ਦਸਿਆ ਕਿ ਵਿਸ਼ਵ ਟੀਕਾਕਰਨ ਹਫ਼ਤੇ ਤਹਿਤ ਲੱਗਣ ਵਾਲੇ ਵਿਸ਼ੇਸ਼ ਟੀਕਾਕਰਨ ਕੈਂਪਾਂ ਵਿਚ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹੇ ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਕਵਰ ਕੀਤਾ ਜਾਵੇਗਾ। ਇਹ ਕੈਂਪ ਵਿਸ਼ੇਸ਼ ਤੌਰ ਤੇ ਪ੍ਰਵਾਸੀ ਆਬਾਦੀ ਵਾਲੇ ਖੇਤਰਾਂ, ਝੁੱਗੀਆਂ, ਬਸਤੀਆਂ ਆਦਿ ਵਿਚ ਰਹਿਣ ਵਾਲੀਆਂ ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਨੂੰ ਕਵਰ ਕਰਨ ਕਰਨਗੇ।

## ਖੇਤ ਮਜ਼ਦੂਰ ਯੂਨੀਅਨ ਮੋਦੀ ਨੂੰ ਹਰਾਉਣ ਲਈ ਪਿੰਡਾਂ 'ਚ ਮੁਹਿੰਮ ਚਲਾਏਗੀ : ਨੂਰਪੁਰੀ, ਗੁਰਮੇਸ਼



ਨਵਾਂਸ਼ਹਿਰ (ਮਨੋਜ ਲਾਡੀ) ਸਥਾਨਕ ਮੰਢਾਲੀ ਭਵਨ ਵਿੱਚ ਯੂਨੀਅਨ ਦੇ ਸੂਬਾਈ ਅਹੁਦੇਦਾਰਾਂ ਦੀ ਮੀਟਿੰਗ ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਯੂਨੀਅਨ ਦੀ ਸਾਲਾਨਾ ਮੈਂਬਰਸ਼ਿੱਪ ਫਾਈਨਲ ਕੀਤੀ ਗਈ, ਜੋਂ 2 ਲੱਖ 10 ਹਜ਼ਾਰ ਚਾਰ ਸੌ 24 ਹੋਈ ਅਤੇ ਅਗਲਾ ਕੋਟਾ 3 ਲੱਖ ਰੱਖਿਆ ਗਿਆ। ਮੀਟਿੰਗ ਵਿੱਚ 14 ਅਪ੍ਰੈਲ ਨੂੰ ਡਾਕਟਰ ਅੰਬੇਡਕਰ ਦੇ ਜਨਮ ਦੀ ਰਿਪੋਰਟ ਲਈ ਗਈ ਜੋਂ ਪੂਰੇ ਸੂਬੇ ਵਿੱਚ ਮਨਾਇਆ ਗਿਆ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਯੂਨੀਅਨ ਦੇ ਗ਼ਰੀਬ ਲੋਕਾਂ ਨੂੰ ਚੋਣਾਂ ਵਿੱਚ ਘਰ ਘਰ ਜਾ ਕੇ ਸੁਨੇਹਾ ਦੇਵੇਗੀ ਕਿ ਮੋਦੀ ਤੇ ਕਾਰਪੋਰੇਟ ਗਠਜੋੜ ਨੂੰ ਹਰਾਇਆ ਜਾਵੇ।ਇਸ ਮੀਟਿੰਗ ਵਿੱਚ ਵੱਖ ਵੱਖ ਜਿਲ੍ਹਿਆਂ ਦੇ ਅਹੁਦੇਦਾਰ ਸ਼ਾਮਲ ਹੋਏ। ਮੀਟਿੰਗ ਦੀ ਇਹ ਜਾਣਕਾਰੀ ਸੂਬਾ ਜਨਰਲ ਸੱਕਤਰ ਗੁਰਮੇਸ਼ ਸਿੰਘ ਨੇ ਦਿੱਤੀ।

## ਸੀਜ਼ਨ ਦੌਰਾਨ ਲੱਗਭੱਗ 31.14 ਲੱਖ ਕੁਇੰਟਲ ਗੰਨੇ ਦੀ ਪਿੜਾਈ : ਸੁਰਿੰਦਰ ਪਾਲ

ਨਵਾਂਸ਼ਹਿਰ (ਮਨੋਜ ਲਾਡੀ) ਨਵਾਂਸ਼ਹਿਰ ਸਹਿਕਾਰੀ ਖੰਡ ਮਿੱਲ ਨੇ ਆਪਣਾ 56ਵਾਂ ਪਿੜਾਈ ਸੀਜਨ 2023-24 ਮਿਤੀ 19.04.2024 ਨੂੰ ਸਫਲਤਾ ਪੂਰਵਕ ਸਮਾਪਤ ਕੀਤਾ।ਮਿੱਲ ਦੇ ਬੋਰਡ ਆਫ ਡਾਇਰੈਕਟਰਜ਼ ਅਤੇ ਮਿੱਲ ਮੈਨੇਜਮੈਂਟ ਵੱਲੋਂ ਪਿੜਾਈ ਸੀਜਨ ਦੇ ਸੁਚਾਰੂ ਢੰਗ ਨਾਲ ਸਮਾਪਤ ਹੋਣ 'ਤੇ ਜਿਮੀਦਾਰ ਭਰਾਵਾਂ ਅਤੇ ਮਿੱਲ ਵਰਕਰਾਂ ਦਾ ਸਮੂਹਿਕ ਧੰਨਵਾਦ ਕੀਤਾ। ਇਸ ਮੌਕੇ ਮਿੱਲ ਦੇ ਸਮੂਹ ਉੱਚ ਅਧਿਕਾਰੀ, ਬੋਰਡ ਆਫ ਡਾਇਰੈਕਟਰਜ਼ ਅਤੇ ਮਿੱਲ ਕਰਮਚਾਰੀ ਹਾਜ਼ਰ ਹੋਏ।ਇਸ ਉਪਰੰਤ ਪ੍ਰੈਸ ਨੂੰ ਸੰਬੋਧਿਤ ਕਰਦੇ ਹੋਏ ਮਿੱਲ ਦੇ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰਾਂ ਅਤੇ ਜਨਰਲ ਮੈਨੇਜਰ ਸੁਰਿੰਦਰ ਪਾਲ ਵੱਲੋਂ ਦੱਸਿਆ ਗਿਆ ਕਿ ਮਿੱਲ ਵੱਲੋਂ ਪਿੜਾਈ ਸੀਜਨ 2023-24 ਮਿਤੀ 05.12.2023 ਨੂੰ ਸ਼ੁਰੂ ਕੀਤਾ ਗਿਆ ਸੀ ਅਤੇ ਮਿੱਲ ਵੱਲੋਂ ਇਸ ਸੀਜਨ ਦੌਰਾਨ ਲੱਗਭੱਗ 31.14 ਲੱਖ ਕੁਇੰਟਲ ਗੰਨੇ ਦੀ ਪਿੜਾਈ ਕੀਤੀ ਗਈ ਹੈ। ਇਸ ਮੌਕੇ ਤੇ ਸਮੁੱਚੇ ਬੋਰਡ ਆਫ ਡਾਇਰੈਕਟਰਜ਼ ਅਤੇ ਮਿੱਲ ਮੈਨੇਜਮੈਂਟ ਵੱਲੋਂ ਕਿਸਾਨ ਭਰਾਵਾਂ, ਜਿਲ੍ਹਾ ਪ੍ਰਸ਼ਾਸਨ ਅਤੇ ਮਿੱਲ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਦਿੱਤੇ ਗਏ ਸਹਿਯੋਗ ਲਈ ਉਨ੍ਹਾ ਦਾ ਧੰਨਵਾਦ ਕੀਤਾ।

## ਭੋਗਲ ਪਰਵਾਰ ਵੱਲੋਂ ਭੋਗਪੁਰ 'ਚ ਬਹੁਤ ਵਧੀਆ ਉਪਰਾਲਾ




ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ) ਸਾਫ ਸਫ਼ਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਭੋਗਲ ਪਰਵਾਰ ਨੇ ਲਿਆਂਦੀ ਗੰਨੇ ਦੇ ਰਸ ਕੱਢਣ ਵਾਲੀ ਡਿਜੀਟਲ ਮਸ਼ੀਨ ਜੋ ਇਲਾਕੇ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਜਾਣਕਾਰੀ ਦਿੰਦਿਆਂ ਗੁਰਪ੍ਰੀਤ ਸਿੰਘ ਭੋਗਲ ਨੇ ਦੱਸਿਆ ਕਿ ਗਰਮੀਆਂ ਦਾ ਮੌਸਮ ਆਉਂਦੇ ਹੀ ਲੋਕ ਠੰਡੀਆਂ ਚੀਜ਼ਾਂ ਖਾਣਾ-ਪਸੰਦ ਕਰਦੇ ਹਨ। ਆਈਸ-ਕਰੀਮ, ਕੋਲਡ ਡ੍ਰਿੰਕ ਆਦਿ। ਜਿਨ੍ਹਾਂ ਦਾ ਸੇਵਨ ਕਰਨ ਨਾਲ ਗਰਮੀ 'ਚ ਰਾਹਤ ਤਾਂ ਦਿਵਾਉਂਦਾ ਹੈ ਪਰ ਕੋਲਡ ਡ੍ਰਿੰਕ ਜਾਂ ਆਈਸ ਕਰੀਮ ਦਾ ਰੋਜ਼ਾਨਾ ਸੇਵਨ ਕਰਨ ਨਾਲ ਸਿਹਤ ਨੂੰ ਨੁਕਸਾਨ ਹੁੰਦਾ ਹੈ। ਉਹਨਾਂ ਕਿਹਾ ਕਿ ਇਨ੍ਹਾਂ ਦੀ ਵਜਾਏ ਗਰਮੀਆਂ 'ਚ ਗੰਨੇ ਦਾ ਰਸ ਪੀਣਾ ਚਾਹੀਦਾ ਹੈ।ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਪਰਵਾਸੀਆਂ ਨੇ ਇੰਜਨ ਵਾਲੇ ਗੰਨੇ ਦੇ ਓਪਨ ਵੇਲਣੇ ਲਗਾਏ ਹੋਏ ਹਨ, ਜਿਸ ਉੱਪਰ ਮੱਖੀਆਂ, ਧੂਲ ਘੱਟਾ, ਬਾਰ ਬਾਰ ਗੰਦੇ ਹੱਥ ਲਗਾਏ। ਇਹ ਦੇਖਦੇ ਹੋਏ ਉਹਨਾਂ ਨੇ ਸਫਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਡਿਜੀਟਲ ਰਸ ਵਾਲੀ ਮਸ਼ੀਨ ਲਿਆਂਦੀ ਹੈ ਜੋ ਸਾਰੀ ਸਾਇਡ ਤੋਂ ਕਵਰ ਹੈ ਅਤੇ ਗੰਨਾ ਵੀ ਇੱਕ ਵਾਰ ਹੀ ਲਗਾਉਣਾ ਪੈਂਦਾ ਹੈ। ਉਹਨਾਂ ਇਹ ਵੀ ਕਿਹਾ ਕਿ ਸ਼ਹਿਰ ਵਿੱਚ ਇਸਦੇ ਨਾਲ ਦੀ ਕੋਈ ਵੀ ਮਸ਼ੀਨ ਨਹੀਂ ਹੈ।

# ਸਕੂਲਾਂ 'ਚ ਬੱਚਿਆਂ ਲਈ ਸਮੇਂ ਸਿਰ ਕਿਤਾਬਾਂ ਨਹੀਂ ਪਹੁੰਚ ਰਹੀਆਂ : ਧੀਮਾਨ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਕਹਿਣ ਨੂੰ ਸਿੱਖਿਆ ਵਿਚ ਕ੍ਰਾਂਤੀ ਆ ਗਈ ਹੈ ਤੇ ਪੰਜਾਬ ਵਿਚ ਸਮਾਰਟ ਸਕੂਲ ਅਤੇ ਸਕੂਲ ਆਫ ਐਮੀਨੈਂਸ ਬਣ ਗਏ ਹਨ।ਪਰ ਇਹ ਸਭ ਕੁਝ ਫਲੈਕਸਾਂ ਜਾਂ ਸਕੂਲਾਂ ਦੀਆਂ ਕੰਧਾਂ ਉਤੇ ਵੇਖਣ ਨੂੰ ਮਿਲ ਰਿਹਾ।ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਵੱਖ ਵੱਖ ਸਕੂਲਾਂ ਅਤੇ ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫਤਰ ਨਾਲ ਸੰਪਰਕ ਕਰਨ 'ਤੇ ਦੱਸਿਆ ਕਿ ਦਫਤਰ ਵਿਚ ਇਨਫਰਾਸਟਰਕਚਰ ਅਤੇ ਸਟਾਫ ਦੀ ਘਾਟ ਕਾਰਨ ਜ਼ਿਲ੍ਹੇ ਦੇ 23 ਸਿੱਖਿਆ ਬਲਾਕਾਂ ਵਿਚ ਕਿਤਾਬਾਂ ਦਾ ਸਮੇਂ ਸਿਰ ਨਾ ਪਹੁੰਚਣ ਕਾਰਨ ਪੰਜਾਬ ਸਰਕਾਰ ਦੀਆਂ ਫਲੈਕਸੀ ਨੀਤੀਆਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਇਹ ਅਪਣੇ ਆਪ ਵਿਚ ਰਾਇਟ ਟੂ ਐਜੂਕੇਸ਼ਨ ਐਕਟ ਦਾ ਸਭ ਤੋਂ ਵੱਡਾ ਨਿਰਾਦਰ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਸਿੱਖਿਆ ਮੰਤਰਾਲੇ ਕੋਲ ਸਾਰਾ ਡਾਟਾ ਤੇ ਬੱਚਿਆਂ ਦੀ ਗਿਣਤੀ ਹੋਣ ਉਪਰੰਤ ਵੀ ਜ਼ਿਲ੍ਹਾ ਦੇ ਦਫਤਰ ਵਿਚ ਕਿਤਾਬਾਂ ਨੂੰ 23 ਬਲਾਕਾਂ ਵਿਚ ਪਹੁੰਚਾਉਣ ਲਈ ਇਕ ਹੀ ਵਹੀਕਲ ਹੈ ਤੇ ਉਸ ਗੱਡੀ ਨਾਲ ਸਿਰਫ 3 ਹੀ ਮਜ਼ਦੂਰ ਹਨ ਤੇ ਉਹ ਵੀ ਕੱਚੇ ਹਨ।ਪਹਿਲਾਂ ਇਹ ਕਿਤਾਬਾਂ ਬਲਾਕ ਪ੍ਰਾਇਮਰੀ ਸਿੱਖਿਆ ਦੇ ਦਫਤਰ ਵਿਚ ਪਹੁੰਚਦੀਆਂ ਹਨ ਤੇ ਬਾਅਦ ਵਿਚ ਅਧਿਆਪਕ ਆਪਣੇ ਨਿੱਜੀ ਖਰਚੇ ਉਤੇ ਸਕੂਲਾਂ ਵਿਚ ਬੱਚਿਆਂ ਨੂੰ ਦਿੰਦੇ ਹਨ।ਕਿਤਾਬਾਂ ਦਫਤਰ ਵਿਚ ਭਰੀਆਂ ਪਈਆਂ ਹਨ ਤੇ ਸਿਰਫ ਸਰਕਾਰੀ ਘਾਟ ਕਾਰਨ ਇਸ ਤਰ੍ਹਾਂ ਤਾਂ 2 ਮਹੀਨੇ ਹੋਰ ਲੱਗਣਗੇ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਵੀ ਪਤਾ ਹੈ ਕਿ ਹੁਸ਼ਿਆਰਪੁਰ ਜ਼ਿਲ੍ਹਾ ਸਭ ਤੋਂ ਵੱਡਾ ਹੈ ਤੇ ਇਸ ਜ਼ਿਲ੍ਹੇ ਵਿਚ ਸਕੂਲ ਵੀ ਵੱਧ ਹਨ ਤੇ ਇਥੇ ਇਨਫਰਾਸਟਰਕਚਰ ਵੀ ਜ਼ਿਆਦਾ ਹੀ ਚਾਹੀਦਾ ਹੈ।ਹਾਲੇ ਕਈ ਅਜਿਹੇ ਮਹੱਤਵਪੂਰਨ ਵਿਸ਼ੇ ਹਨ ਜਿਨ੍ਹਾਂ ਦੀਆਂ ਕਿਤਾਬਾਂ ਛਪ ਕੇ ਆਉਣੀਆਂ ਬਾਕੀ ਹਨ।ਧੀਮਾਨ ਨੇ ਕਿਹਾ ਕਿ ਅਸਲ ਵਿਚ ਸਕੂਲਾਂ ਵਿਚ ਨਾ ਤਾਂ ਅਧਿਆਪਕ ਪੂਰੇ ਹਨ ਤੇ ਨਾ ਹੀ ਸਮੇਂ ਸਿਰ ਕਿਤਾਬਾਂ ਬੱਚਿਆਂ ਨੂੰ ਪਹੁੰਚ ਰਹੀਆਂ ਹਨ। ਧੀਮਾਨ ਨੇ ਕਿਹਾ ਕਿ ਸਰਕਾਰ ਜਾਣਬੁੱਝ ਕੇ ਇਨਫਰਾਸਟਰਕਚਰ ਮੁਹੱਈਆ ਨਾ ਕਰਵਾ ਕੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੀ ਹੈ।ਬੱਚਿਆਂ ਦੇ ਨਾਲ ਜਿਥੇ ਮਾਪੇ ਪ੍ਰਸ਼ਾਨ ਹਨ ਤੇ ਉਸ ਦੇ ਨਾਲ ਅਧਿਆਪਕ ਵੀ ਪ੍ਰਸ਼ਾਨ ਹਨ।ਧੀਮਾਨ ਨੇ ਕਿਹਾ ਕਿ ਮੈਡੀਕਲ ਅਤੇ ਨਾਨ ਮੈਡੀਕਲ ਦੇ ਵਿਦਿਆਰਥੀਆਂ ਲਈ ਅਲੱਗ ਨਿਵੇਕਲੀ ਮੁਸ਼ਕਲ ਪੈਦਾ ਹੁੰਦੀ ਹੈ। ਅਗਰ ਪੰਜਾਬ ਸਰਕਾਰ ਥੋੜ੍ਹਾ ਜਿਹਾ ਵੀ ਧਿਆਨ ਦਿੰਦੀ ਤਾਂ ਬੱਚਿਆਂ ਨੂੰ ਸਮੇਂ ਸਿਰ ਕਿਤਾਬਾਂ ਦਿਤੀਆਂ ਜਾ ਸਕਦੀਆਂ ਸਨ। ਧੀਮਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਬੱਚਿਆਂ ਨਾਲ ਖਿਲਵਾੜ ਕਰਨਾ ਤੁਰੰਤ ਬੰਦ ਕੀਤਾ ਜਾਵੇ ਤੇ ਇਸ ਸਬੰਧ ਵਿਚ ਕੇਂਦਰੀ ਸਿੱਖਿਆ ਸਕੱਤਰ ਨੂੰ ਤੁਰੰਤ ਦਖਲ ਦੇਣ ਲਈ ਵੀ ਲਿਖਿਆ। ਇਸ ਸਬੰਧ ਵਿਚ ਜ਼ਿਲ੍ਹਾ ਡਿਪਟੀ ਸਿੱਖਿਆ ਅਫਸਰ ਦੀਪਕ ਵਸ਼ਿਸ਼ਟ ਨੇ ਦੱਸਿਆ ਕਿ ਬੱਚਿਆਂ ਨੂੰ ਕਿਤਾਬਾਂ ਪਹੁੰਚਾਉਣ ਦਾ ਕੰਮ ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਹੈ, ਜਲਦੀ ਹੀ ਸਕੂਲਾਂ ਵਿਚ ਪਹੁੰਦੀਆਂ ਕਰ ਦਿੱਤੀਆਂ ਜਾਣਗੀਆਂ।

# ਭੁੰਗਰਨੀ 'ਚ ਸਾਲਾਨਾ ਕ੍ਰਿਕਟ ਟੂਰਨਾਮੈਂਟ ਕਰਵਾਇਆ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਇਤਿਹਾਸਿਕ ਪਿੰਡ ਭੁੰਗਰਨੀ ਵਿਖੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਕ੍ਰਿਕਟ ਸਪੋਰਟਸ ਕਲੱਬ ਵੱਲੋਂ ਸਲਾਨਾ ਕ੍ਰਿਕਟ ਟੂਰਨਾਮੈਂਟ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ 10 ਅਪ੍ਰੈਲ ਤੋਂ 18 ਅਪ੍ਰੈਲ ਤੱਕ ਕਰਵਾਇਆ ਗਿਆ। ਇਸ ਮੌਕੇ ਮੁੱਖ ਪ੍ਰਬੰਧਕ ਅਮਨਦੀਪ ਸਿੰਘ ਗਿਰਨ ਨੇ ਦੱਸਿਆ ਕਿ ਮੁੱਖ ਮਹਿਮਾਨ ਬਾਬਾ ਦੀਪਾ ਅਤੇ ਪਿੰਡ ਦੇ ਪਤਵੰਤੇ ਸੱਜਣ ਕ੍ਰਿਕਟ ਟੂਰਨਾਮੈਂਟ ਦਾ ਅਰਦਾਸ ਹੋਣ ਤੋਂ ਬਾਅਦ ਰੀਬਨ ਕੱਟ ਕੇ ਉਦਘਾਟਨ ਕੀਤਾ ਸੀ। ਇਸ ਮੌਕੇ ਪ੍ਰਬੰਧਕਾਂ ਦੱਸਿਆ ਇਸ ਕ੍ਰਿਕਟ ਟੂਰਨਾਮੈਂਟ ਵਿੱਚ ਪੰਜਾਬ ਦੀਆਂ ਨਾਮਵਰ 64 ਟੀਮਾਂ ਨੇ ਹਿੱਸਾ ਲਿਆ। ਫਾਈਨਲ ਮੈਚ ਮਹਿਮੋਵਾਲ ਅਤੇ ਸਰਹਾਲ ਮੰਡੀ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਸਰਹਾਲ ਮੰਡੀ ਦੀ ਟੀਮ ਜੇਤੂ ਰਹੀ।ਉਨ੍ਹਾਂ ਕਿਹਾ ਕਿ ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 25000 ਹਜ਼ਾਰ ਰੁਪਏ, ਦੂਜੇ ਸਥਾਨ 'ਤੇ ਆਉਣ ਵਾਲੇ ਟੀਮ ਨੂੰ 17000 ਹਜ਼ਾਰ ਰੁਪਏ, ਤੀਜੇ ਸਥਾਨ 'ਤੇ ਆਉਣ ਵਾਲੇ ਨੂੰ 4100 ਸੌ ਅਤੇ ਚੌਥੇ ਸਥਾਨ 'ਤੇ ਆਉਣ ਵਾਲੇ 3100 ਦੇ ਕੇ ਸਨਮਾਨਤ ਕੀਤਾ ਗਿਆ । ਮੈਨ ਆਫ਼ ਦੀ ਪਲੇਅਰ 3100 ਰੁਪਏ ਪਲਸ ਟਰਾਫੀ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਅਤੇ ਬੈਸਟ ਬੈਟਸਮੈਨ ਅਤੇ ਬੈਸਟ ਬਾਊਲਰ ਨੂੰ 2100 ਸੌ ਰੁਪਏ ਅਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ। ਪਹਿਲੇ ਸਥਾਨ 'ਤੇ ਸਰਹਾਲ ਮੰਡੀ, ਦੂਜੇ ਸਥਾਨ 'ਤੇ ਮਹਿਮੋਵਾਲ, ਤੀਜੇ ਸਥਾਨ 'ਤੇ ਬੋਲੀਨਾ, ਚੌਥੇ ਸਥਾਨ 'ਤੇ ਅਸਲਪੁਰ ਦੀ ਟੀਮ ਜੇਤੂ ਰਹੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਟੀਮਾਂ ਯਾਦਗਾਰੀ ਚਿੰਨ੍ਹ ਅਤੇ ਨਗਦ ਇਨਾਮ ਅਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮੁੱਖ ਪ੍ਰਬੰਧਕ ਅਮਨਦੀਪ ਗਿਰਨ, ਬਾਬਾ ਸੁਖਚੈਨ ਸਿੰਘ ਹੈਡ ਗ੍ਰੰਥੀ, ਭਾਈ ਪੁਰਸ਼ੋਤਮ ਸਿੰਘ ਗ੍ਰੰਥੀ, ਰਣਜੀਤ ਸਿੰਘ, ਕੋਚ ਕੁਲਦੀਪ ਸਿੰਘ ਤੋਤਾ, ਅਮਨਦੀਪ ਸਿੰਘ ਲਾਟੂ, ਪ੍ਰਦੀਪ ਕੌਰ, ਡਾਕਟਰ ਗੁਰਦੇਵ ਸਿੰਘ ਤਨੂੰਲੀ, ਜਸਵੀਰ ਸਿੰਘ, ਮਨਪ੍ਰੀਤ ਸਿੰਘ ਬਘਾਣਾ, ਹਰਜਿੰਦਰ ਸਿੰਘ ਪੰਚ, ਪਰਮਿੰਦਰ ਸਿੰਘ ਪੰਚ, ਅਮਰ ਸਿੰਘ ਲਾਡੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਹਾਜ਼ਰ ਸਨ।

## ਜਥੇਦਾਰ ਸਰੂਪ ਸਿੰਘ ਖਲਵਾੜਾ ਗੋਲਡ ਮੈਡਲ ਨਾਲ ਸਨਮਾਨਤ

ਫਗਵਾੜਾ (ਡਾ. ਰਮਨ)- ਡੇਰਾ 108 ਸੰਤ ਬਾਬਾ ਹੰਸਰਾਜ ਜੀ, ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸਚਖੰਡ ਪੰਡਵਾ ਦੇ ਗੱਦੀਨਸ਼ੀਨ ਸੰਤ ਮਹਿੰਦਰ ਪਾਲ ਵਲੋਂ ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦੇ ਚੇਅਰਮੈਨ ਜਥੇਦਾਰ ਸਰੂਪ ਸਿੰਘ ਖਲਵਾੜਾ ਨੂੰ ਉਨ੍ਹਾਂ ਦੀਆਂ ਸਮਾਜ ਅਤੇ ਧਰਮ ਪ੍ਰਤੀ ਨਿਭਾਈਆਂ ਜਾ ਰਹੀਆਂ ਵਧੀਆ ਸੇਵਾਵਾਂ ਨੂੰ ਦੇਖਦੇ ਹੋਏ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਡੇਰਾ ਸੱਚਖੰਡ ਅਤੇ ਹੋਰ ਜਥੇਬੰਦੀਆਂ ਵਲੋਂ ਵਿਸਾਖੀ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ 133ਵੇਂ ਜਨਮ ਦਿਵਸ ਨੂੰ ਸਮਰਪਤ ਡੇਰੇ ਵਿਖੇ ਕਰਵਾਏ ਸਮਾਗਮ ਦੌਰਾਨ ਦਿੱਤਾ ਗਿਆ। ਜਥੇਦਾਰ ਖਲਵਾੜਾ ਨੇ ਇਸ ਸਨਮਾਨ ਲਈ ਡੇਰੇ ਦੇ ਸੇਵਾਦਾਰ ਸੰਤ ਮਹਿੰਦਰ ਪਾਲ ਅਤੇ ਸਮੂਹ ਪਤਵੰਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਬੀਬੀ ਬਿਮਲਾ ਰਾਣੀ, ਸੰਤ ਜਸਵਿੰਦਰ ਪਾਲ, ਸੰਤ ਮੋਹਨ ਪਾਲ, ਬਾਲ ਕ੍ਰਿਸ਼ਨ, ਮਾਸਟਰ ਗੁਰਨਾਮ ਸਿੰਘ, ਜਸਵਿੰਦਰ ਸਿੰਘ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਬ) ਦੇ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਣਾ, ਦਿਹਾਤੀ ਹਲਕਾ ਇੰਚਾਰਜ ਰਾਜਿੰਦਰ ਸਿੰਘ ਚੰਦੀ, ਜਥੇਦਾਰ ਬਹਾਦਰ ਸਿੰਘ ਸੰਗਤਪੁਰ, ਸੁਰਿੰਦਰ ਸਿੰਘ ਦਰਵੇਸ਼ ਪਿੰਡ, ਪਰਮਿੰਦਰ ਸਿੰਘ ਜੰਡੂ, ਪ੍ਰਕਾਸ਼ ਸਿੰਘ ਰਾਣੀਪੁਰ, ਹਰਬਿਲਾਸ ਬਾਲੂ, ਮਾਸਟਰ ਗੁਰਨਾਮ ਸਿੰਘ, ਜਸਵਿੰਦਰ ਸਿੰਘ ਡਾਂਡੀਆਂ, ਰਸ਼ਪਾਲ ਸਿੰਘ, ਦਵਿੰਦਰ ਸਿੰਘ, ਕਸ਼ਮੀਰ ਸਿੰਘ ਖਲਵਾੜਾ, ਸਰਪੰਚ ਹਰਬੰਸ ਲਾਲ ਖਲਵਾੜਾ, ਰਾਮ ਲਾਲ, ਸ਼ਿਵ ਕੁਮਾਰ, ਸਰਬਜੀਤ ਕੌਰ ਭਗਤਪੁਰਾ, ਪਰਮਿੰਦਰ ਲਾਡੀ ਨੰਗਲ ਮੱਝਾ, ਦਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਕੁਲਾਰ, ਡਾ. ਜਗਦੀਪ ਸਿੰਘ ਖਲਵਾੜਾ, ਗੁਰਦੀਪ ਸਿੰਘ ਖੇੜਾ, ਮਧੁਸੂਦਨ ਸਿੰਘ, ਦੇਸਰਾਜ ਜਮਾਲਪੁਰ, ਮਲੂਕ ਸਿੰਘ ਖਲਵਾੜਾ, ਜਸਵਿੰਦਰ ਸਿੰਘ ਭਗਤਪੁਰਾ, ਹਰਮੇਸ਼ ਲਾਲ ਬਿਸ਼ਨਪੁਰ, ਅਮਰੀਕ ਸਿੰਘ, ਪੁਰਸ਼ੋਤਮ ਲਾਲ, ਰਸ਼ਪਾਲ ਸਿੰਘ, ਸੁਰਿੰਦਰ ਸਿੰਘ, ਰਸ਼ਪਾਲ ਸਿੰਘ ਪੀਪਾਰੰਗੀ, ਦਵਿੰਦਰ ਕੌਰ ਖਲਵਾੜਾ, ਸਤਿਆ ਦੇਵੀ, ਸ਼ਿਵ ਕੁਮਾਰ ਖਲਵਾੜਾ ਆਦਿ ਹਾਜ਼ਰ ਸਨ।

## ਡਾ. ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਮਿਸ਼ਨਰੀ ਪ੍ਰੋਗਰਾਮ



ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਡਾਕਟਰ ਬੀ ਆਰ ਅੰਬੇਡਕਰ ਲਾਇਬ੍ਰੇਰੀ, ਡਾਕਟਰ ਅੰਬੇਡਕਰ ਨਗਰ, ਢੱਡੇ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਮਿਸ਼ਨਰੀ ਪ੍ਰੋਗਰਾਮ ਬਲਵੀਰ ਦਾਸ ਅਤੇ ਮੋਹਣ ਲਾਲ ਇੰਗਲੈਂਡ ਵਾਲਿਆਂ ਵਲੋਂ ਕਰਵਾਇਆ ਗਿਆ ਜਿਸ ਵਿੱਚ ਲਾਇਬ੍ਰੇਰੀ ਵਿੱਚੋਂ ਬਿਲਕੁਲ ਫ੍ਰੀ ਟਿਊਸ਼ਨ ਲੈਣ ਵਾਲੇ ਬੱਚੇ ਜੋ ਸਕੂਲਾਂ ਵਿੱਚ ਪਹਿਲੇ ਦੂਜੇ ਤੀਜੇ ਨੰਬਰ 'ਤੇ ਆਏ ਹਨ ਉਨ੍ਹਾਂ ਨੂੰ ਐਮ ਬੀ ਡੀ ਗਾਈਡਾਂ, ਸਟੇਸ਼ਨਰੀ, ਕਿਤਾਬਾਂ, ਕਾਪੀਆਂ, ਪੈਨ-ਪੈਨਸਲਾਂ, ਸਕੂਲਾਂ ਵਾਲੇ ਬੈਗ, ਪਾਣੀ ਦੀਆਂ ਬੋਤਲਾਂ ਅਤੇ ਪੜ੍ਹਾਈ ਨਾਲ ਸੰਬੰਧਤ ਜ਼ਰੂਰੀ ਸਟੇਸ਼ਨਰੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਮਿਸ਼ਨਰੀ ਲੇਖਕ ਅਤੇ ਕਵੀ ਸੋਹਣ ਸਹਿਜਲ ਅਤੇ ਉਨ੍ਹਾਂ ਦੀ ਪਤਨੀ ਸ਼ਕੁੰਤਲਾ ਸਹਿਜਲ ਪਹੁੰਚੇ ਅਤੇ ਕਵਿਤਾਵਾਂ ਗਾਇਨ ਕੀਤੀਆਂ। ਬੱਚਿਆਂ ਨੇ ਵੀ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਬਕਰ ਦੇ ਜੀਵਨ ਨਾਲ ਸੰਬੰਧਤ ਸੋਹਣ ਸਹਿਜਲ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਗਾਇਨ ਕਰਕੇ ਅਤੇ ਬਾਬਾ ਸਾਹਿਬ ਦੇ ਜਨਮ ਦਿਨ ਦਾ ਕੇਕ ਕੱਟ ਕੇ ਖੁਸ਼ੀ ਮਨਾ ਕੇ ਸਾਬਤ ਕਰ ਦਿੱਤਾ ਕਿ ਅਸੀਂ ਕਿਸੇ ਵੀ ਮੁਕਾਮ ਤੱਕ ਪਹੁੰਚ ਸਕਦੇ ਹਾਂ। ਇਸ ਮੌਕੇ ਉੱਘੇ ਸਮਾਜ ਸੇਵਕ ਤੇ ਸਾਹਿਤਕਾਰ ਜਸਵਿੰਦਰ ਢੱਡਾ ਨੇ ਕਿਹਾ ਕਿ ਔਰਤਾਂ ਸਮਾਜਿਕ ਬੁਰਾਈਆਂ ਖਤਮ ਕਰਨ ਲਈ ਪਹਿਲ ਕਦਮੀ ਕਰਨ ਤੇ ਨਵੇਂ ਨਰੋਏ ਸਮਾਜ ਦੀ ਉਸਾਰੀ 'ਚ ਆਪਣਾ ਅਹਿਮ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਸਾਨੂੰ ਦਲਿਤ ਸਮਾਜ ਨੂੰ ਉੱਚਾ ਚੁੱਕਣ ਲਈ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਵਲੋਂ ਦਰਸਾਏ ਰਾਹ 'ਤੇ ਚੱਲਣ ਦੀ ਲੋੜ ਹੈ।

ਜਸਵਿੰਦਰ ਢੱਡਾ ਨੇ ਲਾਇਬ੍ਰੇਰੀ ਵਲੋਂ ਜੋ ਲੋੜਵੰਦਾਂ ਨੂੰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਵਾਰੇ ਵਿਸਥਾਰ ਪੂਰਵਕ ਦੱਸਿਆ । ਮੁੱਖ ਮਹਿਮਾਨ ਸੋਹਣ ਸਹਿਜਲ ਨੂੰ ਟਰਾਫ਼ੀ ਦੇ ਕੇ ਸਨਮਾਨਤ ਕੀਤਾ ਗਿਆ, ਸ਼ਕੁੰਤਲਾ ਸਹਿਜਲ, ਗੁਰਪ੍ਰੀਤ ਸਿੰਘ ਸ਼ਿਮਲਾ ਪੁਰੀ ਨੂੰ ਵੀ ਸਨਮਾਨਤ ਕੀਤਾ ਗਿਆ, ਉੱਥੇ ਸਿਲਾਈ ਅਤੇ ਟਿਊਸ਼ਨ ਟੀਚਰ ਜਸਵਿੰਦਰ ਕੌਰ ਅਤੇ ਬਿੰਦਰ ਕੌਰ ਨੂੰ ਵੀ ਲੇਡੀ ਸੂਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਪ੍ਰੋਗਰਾਮ ਦੇ ਵਿੱਚ ਲਾਇਬ੍ਰੇਰੀ ਇੰਚਾਰਜ ਹਰਬੰਸ ਲਾਲ, ਸੁਰਜੀਤ ਬੰਗੜ , ਗਿਆਨੀ ਰੌਣਕ ਸਿੰਘ , ਗਿਆਨੀ ਜਸਪਾਲ ਸਿੰਘ , ਪਿੰਡ ਦੇ ਸਰਪੰਚ ਜਸਵੀਰ ਕੌਰ, ਰਾਮਪਾਲ ਭੰਗੂ, ਏਕਮਨੂਰ ਸਿੰਘ ਸ਼ਿਮਲਾ ਪੁਰੀ, ਮਾਨਵ, ਸਾਹਿਲ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਗੜੇਮਾਰੀ ਕਾਰਨ ਖਰਾਬ ਹੋਈਆਂ ਫ਼ਸਲਾਂ ਦੀ ਗਿਰਦਾਵਰੀ ਦੀ ਮੰਗ

ਮਹਿਤਪੁਰ (ਰਾਜਾ) ਪੰਜਾਬ ਵਿੱਚ ਅਚਾਨਕ ਮੌਸਮ ਖਰਾਬ ਹੋਣ ਕਾਰਨ ਕਈ ਇਲਾਕਿਆਂ 'ਚ ਭਾਰੀ ਮੀਂਹ ਅਤੇ ਗੜੇਮਾਰੀ ਕਾਰਨ ਖੜ੍ਹੀ ਕਣਕ ਅਤੇ ਹੋਰ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ।ਮੰਡੀਆਂ 'ਚ ਪਈ ਕਣਕ ਵੀ ਮੀਂਹ ਕਾਰਨ ਭਿੱਜ ਗਈ ਹੈ। ਫ਼ਸਲਾਂ ਨੂੰ ਪਹੁੰਚੇ ਨੁਕਸਾਨ ਬਾਰੇ ਵਿਚਾਰ ਵਟਾਂਦਰਾ ਕਰਨ ਦੋਆਬਾ ਕਿਸਾਨ ਯੂਨੀਅਨ ਮਹਿਤਪੁਰ ਵੱਲੋਂ ਇਕ ਮੀਟਿੰਗ ਬੁਲਾਈ ਗਈ। ਮੀਟਿੰਗ ਵਿੱਚ ਇਕੱਠੇ ਹੋਏ ਅਹੁਦੇਦਾਰਾਂ ਅਤੇ ਮੈਂਬਰਾਂ ਵਲੋਂ ਮੰਗ ਕੀਤੀ ਗਈ ਕਿ ਸਰਕਾਰ ਇਸ ਕੁਦਰਤੀ ਆਫ਼ਤ ਕਾਰਨ ਫਸਲਾਂ ਨੂੰ ਪਹੁੰਚੇ ਨੁਕਸਾਨ ਦੀ ਤੁਰੰਤ ਗਿਰਦਾਵਰੀ ਕਰਵਾ ਕੇ ਕਿਸਾਨਾ ਨੂੰ ਢੁੱਕਵਾਂ ਮੁਆਵਜ਼ਾ ਦੇਣ ਦਾ ਪ੍ਰਬੰਧ ਕਰੇ ਤਾਂ ਜੋ ਕਿਸਾਨ ਅਗਲੀ ਫਸਲ ਦੀ ਤਿਆਰੀ ਸ਼ੁਰੂ ਕਰ ਸਕਣ ।ਇਸ ਮੌਕੇ ਰਛਪਾਲ ਸਿੰਘ ਧੰਜੂ, ਮਹਿੰਦਰਪਾਲ ਸਿੰਘ ਟੁਰਨਾ ਸਰਬਜੀਤ ਸਿੰਘ ਝੁਗੀਆਂ, ਨਿਰਮਲ ਸਿੰਘ, ਪਰਮਜੀਤ ਸਿੰਘ ਸ਼ਾਹਪੁਰ, ਦਲਜੀਤ ਸਿੰਘ ਸ਼ਾਹਪੁਰ, ਬਲਦੇਵ ਸਿੰਘ ਸਰਪੰਚ, ਗੁਰਮੁਖ ਸਿੰਘ ਪਟਿਆਲੀਆ, ਅਵਤਾਰ ਸਿੰਘ ਮਾਨ, ਦਲਜੀਤ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਖੁਰਮਪੁਰ, ਹਰਜਿੰਦਰ ਸਿੰਘ ਸਮੈਲਪੁਰ, ਸੁਰਿੰਦਰਪਾਲ ਸਿੰਘ ਨਕੋਦਰ, ਪਰਮਜੀਤ ਸਿੰਘ ਭੋਡੀਪੁਰ, ਅਵਤਾਰ ਸਿੰਘ ਸਮੈਲਪੁਰ, ਗੁਰਜੀਤ ਸਿੰਘ ਤੱਲਣੀਆਂ, ਤੇਜਪਾਲ ਸਿੰਘ ਗਿੱਲ, ਗੁਰਤੇਜ ਸਿੰਘ ਗਿੱਲ, ਪਰਮਜੀਤ ਸਿੰਘ ਅੰਗਾਕੀੜੀ, ਨਿਰਮਲ ਸਿੰਘ, ਅਰਬਿੰਦਰ ਸਿੰਘ ਚੀਮਾ, ਬਲਵੀਰ ਸਿੰਘ, ਗੁਰਨਾਮ ਸਿੰਘ, ਅਮਰਜੀਤ ਸਿੰਘ, ਸੰਤੋਖ ਸਿੰਘ, ਬਲਕਾਰ ਸਿੰਘ ਝੁੱਗੀਆਂ, ਹਰਜਿੰਦਰ ਸਿੰਘ, ਸੰਦੀਪ ਸਿੰਘ, ਕਰਨੈਲ ਸਿੰਘ, ਰੁਪਿੰਦਰ ਸਿੰਘ ਉਮਰੇਵਾਲ, ਗੁਰਨਾਮ ਸਿੰਘ ਮਹਿਸਮਪੁਰੀ, ਤੇਜਪਾਲ ਸਿੰਘ ਗਿੱਲ, ਗੁਰਸ਼ਰਨ ਪ੍ਰੀਤ ਸਿੰਘ ਐਡਵੋਕੇਟ, ਕਸ਼ਮੀਰੀ ਲਾਲ, ਸੁਖਵਿੰਦਰ ਸਿੰਘ ਹਾਜ਼ਰ ਸਨ।

# ਅਜ਼ਾਦ ਸੋਸ਼ਲ ਵੈੱਲਫੇਅਰ ਸੁਸਾਇਟੀ ਵੱਲੋਂ ਬੱਚਿਆਂ ਦਾ ਸਨਮਾਨ




ਮੋਰਿੰਡਾ (ਜੋਜ਼ੀ ਸਰਦਾਰ)- ਅਜ਼ਾਦ ਸੋਸ਼ਲ ਵੈਲਫੇਅਰ ਸੁਸਾਇਟੀ ਰਜਿ. ਮੋਰਿੰਡਾ ਵੱਲੋਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਢੰਗਰਾਲੀ ਵਿਖੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਗਿਆ। ਇਸ ਸਬੰਧੀ ਸੁਸਾਇਟੀ ਦੇ ਸਰਪ੍ਰਸਤ ਡਾਕਟਰ ਸੀਤਾ ਰਾਮ ਰਾਣਾ ਤੇ ਮੀਤ ਪ੍ਰਧਾਨ ਡਾਕਟਰ ਪਾਲ ਸਿੰਘ ਨੇ ਦੱਸਿਆ ਕਿ ਅਜ਼ਾਦ ਸੋਸ਼ਲ ਵੈਲਫੇਅਰ ਸੁਸਾਇਟੀ ਸਮਾਜ ਸੇਵਾ ਕਾਰਜ ਕਰਦੀ ਰਹਿੰਦੀ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ ਅੱਜ ਬਲਾਕ ਮੋਰਿੰਡਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਢੰਗਰਾਲੀ ਵਿਖੇ ਸਲਾਨਾ ਨਤੀਜੇ ਵਿੱਚ ਪਹਿਲੀ, ਦੂਜੀ, ਤੀਜੀ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੇ ਬੱਚਿਆਂ ਦਾ ਮੈਡਲ ਤੇ ਟਰਾਫੀ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਸੁਸਾਇਟੀ ਮੈਂਬਰ ਆਸ਼ੀਸ਼ ਖੰਨਾ ਤੇ ਜੁਆਇੰਟ ਸਕੱਤਰ ਡਾਕਟਰ ਕਰਨੈਲ ਸਿੰਘ ਨੇ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ ਤੇ ਬਾਕੀ ਬੱਚਿਆਂ ਨੂੰ ਵੀ ਵਧੀਆ ਕਾਰਗੁਜ਼ਾਰੀ ਲਈ ਪ੍ਰੇਰਿਤ ਕੀਤਾ।

ਅਖੀਰ ਵਿੱਚ ਸਕੂਲ ਅਧਿਆਪਕ ਗੁਰਪ੍ਰੀਤ ਸਿੰਘ ਨੇ ਸੁਸਾਇਟੀ ਦੇ ਸਮੁੱਚੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਸੁਸਾਇਟੀ ਮੈਂਬਰ ਸੁਰਿੰਦਰ ਸ਼ਿੰਦਾ, ਰਜਿੰਦਰ ਸਿੰਘ ਖੀਵਾ, ਸਕੂਲ ਅਧਿਆਪਕ ਮੋਹਨਜੀਤ ਕੌਰ, ਦਵਿੰਦਰ ਕੌਰ, ਆਂਗਣਵਾੜੀ ਵਰਕਰ ਮਾਧਵੀ ਸ਼ਰਮਾ, ਮਨਜੀਤ ਕੌਰ, ਗਿਆਨ ਕੌਰ ਅਤੇ ਬੱਚਿਆਂ ਦੇ ਮਾਪੇ ਮੌਜੂਦ ਸਨ।

# ਖਾਲਸਾ ਕਾਲਜ ਮਾਹਿਲਪੁਰ ਦੀ ਲਾਇਬਰੇਰੀ ਨੂੰ ਬਲਜਿੰਦਰ ਮਾਨ ਵੱਲੋਂ ਪੁਸਤਕਾਂ ਭੇਟ



ਮਾਹਿਲਪੁਰ-ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਸਥਿਤ ਸੰਤ ਬਾਬਾ ਹਰੀ ਸਿੰਘ ਯਾਦਗਾਰੀ ਲਾਇਬਰੇਰੀ ਵਿੱਚ ਕਾਲਜ ਦੇ ਵਿਦਿਆਰਥੀ-ਲੇਖਕ ਸੈਕਸ਼ਨ ਲਈ ਸ਼੍ਰੋਮਣੀ ਬਾਲ ਸਾਹਿਤ ਐਵਾਰਡ ਜੇਤੂ ਲੇਖਕ ਬਲਜਿੰਦਰ ਮਾਨ ਵੱਲੋਂ ਆਪਣੀਆਂ ਲਿਖੀਆਂ ਪੁਸਤਕਾਂ ਦੇ ਸੈੱਟ ਭੇਟ ਕੀਤੇ ਗਏ। ਇਸ ਮੌਕੇ ਪ੍ਰਿੰ ਡਾ. ਪਰਵਿੰਦਰ ਸਿੰਘ ਨੇ ਦੱਸਿਆ ਕਿ ਕਾਲਜ ਤੋਂ ਪੜ੍ਹੇ ਵਿਦਿਆਰਥੀ-ਲੇਖਕਾਂ ਦੀਆਂ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਤ ਪੁਸਤਕਾਂ ਨੂੰ ਲਾਇਬ੍ਰੇਰੀ ਵਿੱਚ ਵੱਖਰੇ ਇੰਦਰਾਜ ਦੇ ਕੇ ਇੱਕ ਅਲੱਗ ਸੈਕਸ਼ਨ ਦਾ ਨਿਰਮਾਣ ਕੀਤਾ ਗਿਆ ਹੈ ਤਾਂ ਜੋ ਕਾਲਜ ਵਿੱਚ ਮੌਜੂਦਾ ਸਮੇਂ ਸਿੱਖਿਆ ਹਾਸਲ ਕਰ ਰਹੇ ਵਿਦਿਆਰਥੀ ਇਨ੍ਹਾਂ ਲੇਖਕਾਂ ਤੋਂ ਸੇਧ ਹਾਸਲ ਕਰ ਸਕਣ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਜੇ ਬੀ ਸੇਖੋਂ ਨੇ ਦੱਸਿਆ ਕਿ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਵਿੱਚ ਸਾਹਿਤ ਅਕਾਦਮੀ ਜੇਤੂ ਪੁਰਸਕਾਰ ਗੁਲਜ਼ਾਰ ਸਿੰਘ ਸੰਧੂ, ਪ੍ਰਯੋਗਵਾਦੀ ਲੇਖਕ ਅਜਾਇਬ ਕਮਲ, ਗੁਰਦੇਵ ਚੌਹਾਨ ਕੈਨੇਡਾ, ਪ੍ਰੇਮ ਸਾਹਿਲ ਦੇਹਰਾਦੂਨ, ਸੁਰਿੰਦਰ ਸੀਹਰਾ ਇੰਗਲੈਂਡ ਸਮੇਤ ਅਨੇਕਾਂ ਸਾਹਿਤਕਾਰ ਸ਼ਾਮਿਲ ਹਨ ਜਿਨ੍ਹਾਂ ਦੀਆਂ ਪੁਸਤਕਾਂ ਦੇ ਸੈਟ ਇਸ ਵੱਖਰੇ ਸੈਕਸ਼ਨ ਵਿੱਚ ਰੱਖੇ ਜਾ ਰਹੇ ਹਨ। ਇਸ ਮੌਕੇ ਸਾਹਿਤਕਾਰ ਬਲਜਿੰਦਰ ਮਾਨ ਸਮੇਤ ਲੇਖਕ ਡਾ. ਬਲਵੀਰ ਕੌਰ ਅਤੇ ਲੇਖਕ ਸੁਖਮਨ ਨੇ ਵੀ ਆਪਣੀਆਂ ਪੁਸਤਕਾਂ ਦੇ ਸੈਟ ਇਸ ਸੈਕਸ਼ਨ ਲਈ ਭੇਟ ਕੀਤੇ। ਲੇਖਕ ਬਲਜਿੰਦਰ ਮਾਨ ਨੇ ਧੰਨਵਾਦੀ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਇਸ ਕਾਲਜ ਤੋਂ ਪੜ੍ਹ ਕੇ ਦੇਸ਼ਾਂ ਵਿਦੇਸ਼ਾਂ ਵਿੱਚ ਅਨੇਕਾਂ ਲੇਖਕ ਆਪਣੇ ਖੇਤਰਾਂ ਵਿੱਚ ਸਰਗਰਮ ਹਨ ਜਿਨਾਂ ਦੀਆਂ ਸਿਰਜਣਾਤਮਕ ਲਿਖਤਾਂ ਨੂੰ ਵਿਸ਼ੇਸ਼ ਤੌਰ 'ਤੇ ਸਾਂਭਣਾ ਇਸ ਸੰਸਥਾ ਵੱਲੋਂ ਆਪਣੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕਰਨਾ ਹੈ।ਇਸ ਮੌਕੇ ਡਾ ਪ੍ਰਭਜੋਤ ਕੌਰ, ਪ੍ਰੋ ਤਜਿੰਦਰ ਸਿੰਘ, ਪ੍ਰੋ ਅਸ਼ੋਕ ਕੁਮਾਰ ਅਤੇ ਲਾਇਬਰੇਰੀ ਰਿਸਟੋਰਰ ਸ਼ਸ਼ੀ ਕੁਮਾਰ ਕਪੂਰ ਆਦਿ ਵੀ ਹਾਜ਼ਰ ਸਨ।

## ਸਮਾਜਿਕ ਕੁਰੀਤੀਆਂ ਤੋਂ ਬਚਣ ਲਈ ਗੁਰਬਾਣੀ ਨਾਲ ਜੁੜਨਾ ਜ਼ਰੂਰੀ : ਸੰਤ ਕੁਲਵਿੰਦਰ ਸਿੰਘ



ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਭਗਤ ਧੰਨਾ ਜੀ ਚੈਰੀਟੇਬਲ ਟਰੱਸਟ ਵੱਲੋਂ ਬਾਬਾ ਜੈ ਸਿੰਘ ਵੱਲੋਂ ਅਰੰਭੇ ਕਾਰਜਾਂ ਨੂੰ ਅੱਗੇ ਵਧਾਉਂਦੇ ਹੋਏ ਨਕੋਦਰ ਤੋਂ ਮੱਲ੍ਹੀਆਂ ਰੋਡ 'ਤੇ ਪਿੰਡ ਜਹਾਂਗੀਰ ਦੇ ਅੱਡੇ 'ਤੇ ਗੁਰਦੁਆਰਾ ਸਾਹਿਬ ਭਗਤ ਧੰਨਾ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਟੱਕ ਸੰਤ ਕੁਲਵਿੰਦਰ ਸਿੰਘ ਟੁੱਟ ਕਲਾਂ ਵਾਲਿਆਂ ਵੱਲੋਂ ਲਾ ਕੇ ਕੰਮ ਸ਼ੁਰੂ ਕਰਵਾਇਆ ਗਿਆ। ਉਨ੍ਹਾਂ ਨਾਲ ਸਰਪੰਚ ਹਰਦੇਵ ਸਿੰਘ ਔਜਲਾ ਵੀ ਪਹੁੰਚੇ। ਇਸ ਮੌਕੇ ਸੰਤ ਕੁਲਵਿੰਦਰ ਸਿੰਘ ਨੇ ਸਮੂਹ ਇਲਾਕਾ ਵਾਸੀਆਂ ਨੂੰ ਇਸ ਕਾਰਜ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਵਧ ਰਹੇ ਨਸ਼ਿਆਂ ਦੇ ਰੁਝਾਨ ਉੱਤੇ ਚਿੰਤਾ ਪ੍ਰਗਟ ਕਰਦਿਆਂ ਨੌਜਵਾਨ ਪੀੜ੍ਹੀ ਨੂੰ ਗੁਰੂ ਘਰ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਮਾਜਿਕ ਕੁਰੀਤੀਆਂ ਤੋਂ ਬਚਣ ਲਈ ਗੁਰਬਾਣੀ ਪੜ੍ਹਨ ਤੇ ਉਸ ਨਾਲ ਜੁੜਨਾ ਜ਼ਰੂਰੀ ਹੈ। ਸਵੇਰ ਵੇਲੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਸੰਤ ਕੁਲਵਿੰਦਰ ਸਿੰਘ ਟੁੱਟ ਕਲਾਂ ਵਾਲਿਆਂ ਦੇ ਡੇਰੇ ਦੇ ਹੈੱਡ ਗ੍ਰੰਥੀ ਵੱਲੋਂ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਆਰੰਭਤਾ ਦੀ ਅਰਦਾਸ ਕੀਤੀ ਤੇ ਕਾਰ ਸੇਵਾ ਸ਼ੁਰੂ ਕਰ ਦਿੱਤੀ ਗਈ। ਟਰੱਸਟ ਦੇ ਆਗੂਆਂ ਨੇ ਦੱਸਿਆ ਕਿ ਨਵੀਂ ਇਮਾਰਤ 'ਤੇ ਇਕ ਕਰੋੜ ਦੇ ਕਰੀਬ ਰਾਸ਼ੀ ਖਰਚ ਹੋਵੇਗੀ ਤੇ ਸਮੁੱਚੇ ਇਲਾਕੇ ਤੇ ਸੰਤ ਕੁਲਵਿੰਦਰ ਸਿੰਘ ਟੁੱਟ ਕਲਾਂ ਦੀ ਅਗਵਾਈ ਹੇਠ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਹ ਕਾਰਜ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਣ ਲਈ ਲੋਕਾਂ ਨੂੰ ਕਾਰ ਸੇਵਾ 'ਚ ਯੋਗਦਾਨ ਪਾਉਣ ਦੀ ਅਪੀਲ ਕੀਤੀ ਹੈ। ਇਸ ਮੌਕੇ ਟਰੱਸਟ ਵੱਲੋਂ ਸੰਤ ਕੁਲਵਿੰਦਰ ਸਿੰਘ ਦਾ ਸਿਰੋਪਾਉ ਦੇ ਕੇ ਸਨਮਾਨ ਕੀਤਾ ਗਿਆ । ਇਸ ਮੌਕੇ ਤੇਜਾ ਸਿੰਘ ਸਪੁੱਤਰ ਬਾਬਾ ਜੈ ਸਿੰਘ, ਬਲਕੀਸ ਮੁਹੰਮਦ ਬੱਗਾ ਮੱਲ੍ਹੀ, ਬਲਵਿੰਦਰ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਬਾਸੀ, ਸੁਰਜੀਤ ਸਿੰਘ ਬਿੱਟਾ, ਗੁਰਪ੍ਰੀਤ ਸਿੰਘ ਬਾਸੀ ਨੰਬਰਦਾਰ, ਐਡਵੋਕੇਟ ਜਸਵੰਤ ਸਿੰਘ ਬਲੱਗਨ, ਕੁਲਵਿੰਦਰ ਸਿੰਘ ਕਿੰਦਾ ਜਵੰਦਾ, ਜਥੇਦਾਰ ਹਰਜਿੰਦਰ ਸਿੰਘ ਜਹਾਂਗੀਰ, ਗੁਰਬਖਸ਼ ਸਿੰਘ ਨੰਬਰਦਾਰ, ਚੂਹੜ ਸਿੰਘ, ਅਵਤਾਰ ਸਿੰਘ, ਨਿਰਮਲ ਸਿੰਘ, ਸਿਵਨਿੰਦਰ ਸਿੰਘ, ਮਨਸੁੱਖ ਸਿੰਘ, ਆਗਿਆਕਾਰ ਸਿੰਘ, ਮਨਵੀਰ ਸਿੰਘ , ਹਰਜੋਤ ਸਿੰਘ, ਅਮਰੀਕ ਸਿੰਘ ਮੱਲ੍ਹੀ ਨੰਬਰਦਾਰ, ਮਾਸਟਰ ਗੁਰਦੀਪ ਸਿੰਘ, ਗੁਰਪਾਲ ਸਿੰਘ, ਭਜਨ ਸਿੰਘ, ਗੁਰਮੀਤ ਸਿੰਘ ਠੇਕੇਦਾਰ, ਆਦਿ ਹਾਜ਼ਰ ਸਨ।

## ਖੂਨਦਾਨ ਤੇ ਮੈਡੀਕਲ ਜਾਂਚ ਕੈਂਪ ਲਗਾਇਆ



ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)-ਭਾਰਤੀ ਸੰਵਿਧਾਨ ਦੇ ਨੇਤਾ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਡਾ. ਬੀ ਆਰ ਅੰਬੇਡਕਰ ਕਲੱਬ ਦਸ਼ਮੇਸ਼ ਨਗਰ ਟਾਂਡਾ ਵੱਲੋਂ ਇਕ ਦਿਨਾ ਮੁਫਤ ਮੈਡੀਕਲ ਜਾਂਚ ਕੈਂਪ ਤੇ ਮਾਨਵਤਾ ਦੀ ਭਲਾਈ ਹੇਤ ਇੱਕ ਦਿਨ ਖੂਨ ਦਾਨ ਕੈਂਪ ਲਗਾਇਆ ਗਿਆ। ਕਲੱਬ ਦੇ ਪ੍ਰਧਾਨ ਮਨਦੀਪ ਸਿੰਘ ਦੀਪਾ ਦੀ ਅਗਵਾਈ ਵਿੱਚ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ, ਮੀਰਾ ਬਾਈ ਸਭਾ ਦਸ਼ਮੇਸ਼ ਨਗਰ ਟਾਂਡਾ, ਕਲੱਬ ਦੇ ਸਮੂਹ ਮੈਂਬਰਾਂ ਤੇ ਨੌਜਵਾਨਾਂ ਦੇ ਸਹਿਯੋਗ ਨਾਲ ਲਗਾਏ ਗਏ ਮੈਡੀਕਲ ਚੈਕਅੱਪ ਕੈਂਪ ਤੇ ਖੂਨਦਾਨ ਕੈਂਪ ਦਾ ਉਦਘਾਟਨ ਸੇਵਾ ਮੁਕਤ ਡਿਪਟੀ ਡਾਇਰੈਕਟਰ ਡਾ. ਕੇਵਲ ਸਿੰਘ ਕਾਜਲ ਨੇ ਕੀਤਾ ਜਦਕਿ ਇਸ ਮੌਕੇ ਸੀਤਾ ਦੇਵੀ ਮੈਮੋਰੀਅਲ ਬੇਵਜ ਹਸਪਤਾਲ ਟਾਂਡਾ ਮੁੱਖ ਡਾ. ਲਵਪ੍ਰੀਤ ਸਿੰਘ ਪਾਬਲਾ, ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਜਗਦੀਸ਼ ਕੁਮਾਰ ਰਿੰਕਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੈਡੀਕਲ ਚੈਕ ਅਪ ਕੈਂਪ ਦੌਰਾਨ ਬੀ.ਆਰ ਕਾਜਲ ਹਸਪਤਾਲ ਟਾਂਡਾ ਦੀ ਟੀਮ ਨੇ ਡਾ. ਕੇਵਲ ਸਿੰਘ ਕਾਜਲ, ਲਵਪ੍ਰੀਤ ਸਿੰਘ ਪਾਵਲਾ, ਦੀਪਕ ਭੱਟੀ, ਅਮਰਿੰਦਰ ਸਿੰਘ ਡਾ. ਲਖਨਪਾਲ ਤੇ ਡਾ. ਯੋਗੇਸ਼ ਦੀ ਟੀਮ ਨੇ 150 ਤੋਂ ਉੱਪਰ ਮਰੀਜ਼ਾਂ ਦੀ ਜਾਂਚ ਕੀਤੀ ਜਦਕਿ ਸਾਈ ਬਲੱਡ ਸੇਵਾ ਟਾਂਡਾ ਵੱਲੋਂ ਸੱਤਿਅਮ ਹਸਪਤਾਲ ਜਲੰਧਰ ਦੀ ਟੀਮ ਦੇ ਸਹਿਯੋਗ ਨਾਲ ਲਗਾਏ ਗਏ ਵਿਸ਼ਾਲ ਖੂਨਦਾਨ ਕੈਂਪ ਵਿੱਚ ਨੇ 35 ਯੂਨਿਟ ਬਲੱਡ ਇਕੱਤਰ ਕੀਤਾ ਗਿਆ।

## ਮਹੰਤ ਲਾਲ ਸਿੰਘ ਮਾਡਲ ਹਾਈ ਸਕੂਲ ਖੁੱਡਾ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ



ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਮਹੰਤ ਲਾਲ ਸਿੰਘ ਮਾਡਲ ਹਾਈ ਸਕੂਲ ਖੁੱਡਾ ਦਾ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਮੈਨੇਜਰ ਤਿਰਲੋਕ ਸਿੰਘ ਖੁੱਡਾ ਤੇ ਪ੍ਰਿੰਸੀਪਲ ਰਾਜਵਿੰਦਰ ਕੌਰ ਨੇ ਦੱਸਿਆ ਕਿ ਸੰਤ ਬਾਬਾ ਤੇਜਾ ਸਿੰਘ ਜੀ ਮੁੱਖ ਸੇਵਾਦਾਰ ਡੇਰਾ ਗੁਰੂ ਸਰ ਖੁੱਡਾ ਵਾਲਿਆਂ ਦੀ ਸਰਪ੍ਰਸਤੀ ਹੇਠ ਚੱਲ ਰਹੇ ਮਹੰਤ ਲਾਲ ਸਿੰਘ ਮਾਡਲ ਹਾਈ ਸਕੂਲ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਸਾਲਾਨਾ ਨਤੀਜੇ ਦੌਰਾਨ ਵਿਦਿਆਰਥੀਆਂ ਨੇ ਸ਼ਾਨਦਾਰ ਅੰਕਾਂ ਨਾਲ ਪਾਸ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਵਿਦਿਆਰਥਣ ਕਸ਼ਿਸ਼ਪ੍ਰੀਤ ਕੌਰ ਨੇ 603/650 ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਪਹਿਲਾ, ਮਨਪ੍ਰੀਤ ਕੌਰ ਨੇ 601/650 ਅੰਕ ਪ੍ਰਾਪਤ ਕਰਕੇ ਦੂਸਰਾ ਤੇ ਜਸਲੀਨ ਕੌਰ ਨੇ 600/650 ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਤੀਸਰਾ ਸਥਾਨ ਹਾਸਲ ਕੀਤਾ। ਮੈਨੇਜਰ ਤਰਲੋਕ ਸਿੰਘ ਤੇ ਪ੍ਰਿੰਸੀਪਲ ਰਾਜਵਿੰਦਰ ਕੌਰ ਨੇ ਹੋਰ ਦੱਸਿਆ ਸਕੂਲ ਦੇ 8 ਵਿਦਿਆਰਥੀਆਂ ਨੇ 90% , 5 ਵਿਦਿਆਰਥੀਆਂ ਨੇ ਸਾਇੰਸ ਵਿੱਚ 100 ਫੀਸਦੀ ਤੇ ਗਣਿਤ ਵਿੱਚ ਇੱਕ ਵਿਦਿਆਰਥੀ ਨੇ 100 ਫੀਸਦੀ ਅੰਕ ਹਾਸਲ ਕਰਕੇ ਇਹ ਪ੍ਰੀਖਿਆ ਪਾਸ ਕੀਤੀ। ਵਿਦਿਆਰਥੀਆਂ ਨੂੰ ਸਕੂਲ ਦੇ ਚੇਅਰਮੈਨ ਸੰਤ ਬਾਬਾ ਤੇਜਾ ਸਿੰਘ ਨੇ ਅਸ਼ੀਰਵਾਦ ਮੁਬਾਰਕਬਾਦ ਦਿੰਦੇ ਜਿੱਥੇ ਵਿਦਿਆਰਥੀਆਂ ਦੇ ਬਿਹਤਰ ਭਵਿੱਖ ਦੀ ਕਾਮਨਾ ਕੀਤੀ ਉੱਥੇ ਹੀ ਸਮੂਹ ਸਟਾਫ ਮੈਂਬਰਾਂ ਵੱਲੋਂ ਕੀਤੀ ਗਈ ਮਿਹਨਤ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਿੰਸੀਪਲ ਰਾਜਵਿੰਦਰ ਕੌਰ, ਨਵਜੀਤ ਕੌਰ ਸਤਵਿੰਦਰ ਕੌਰ, ਜਸਵੀਰ ਕੌਰ, ਮਨਜੀਤ ਕੌਰ, ਤਰਲੋਕ ਸਿੰਘ, ਰਜਿੰਦਰ ਕੌਰ, ਮੈਡਮ ਕਮਲ ਰੀਤ ਕੌਰ ਵੀ ਹਾਜ਼ਰ ਸਨ।

# ਬੰਗਾ ਦੀ ਯਾਦ 'ਚ ਝੂਲਿਆਂ ਦਾ ਉਦਘਾਟਨ



ਕਾਲਾ ਸੰਘਿਆਂ (ਮਨਜੀਤ ਮਾਨ) ਸ਼੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਖਾਨਪੁਰ (ਸ ਭ ਸ ਨਗਰ) ਵਿਖੇ ਮਹੰਤ ਇੰਦਰੇਸ਼ ਚਰਨ ਦਾਸ ਮੈਮੋਰੀਅਲ ਐਡਮ ਬਲਾਕ ਸਾਹਮਣੇ ਸਵ. ਪ੍ਰਕਾਸ਼ ਚੰਦ ਬੰਗਾ ਦੀ ਨਿੱਘੀ ਯਾਦ 'ਚ ਨਵੇਂ ਲਗਾਏ ਝੂਲਿਆਂ ਦਾ ਉਦਘਾਟਨ ਉਹਨਾਂ ਦੀ ਪੋਤਰੀ ਪ੍ਰਵਾਸੀ ਦਿਵਿਆ ਬੰਗਾ ਤੇ ਪਤਨੀ ਪ੍ਰਕਾਸ਼ ਕੌਰ ਬੰਗਾ ਹੋਰਾਂ ਸਾਂਝੇ ਤੌਰ 'ਤੇ ਕੀਤਾ। ਇਹ ਝੂਲੇ ਪੋਤਰੇ ਪ੍ਰਵਾਸੀ ਜਗਦੀਸ਼ ਬੰਗਾ ਯੂ ਕੇ ਤੇ ਪੋਤਰੀ ਪ੍ਰਵਾਸੀ ਦਿਵਿਆ ਬੰਗਾ ਕੈਨੇਡਾ ਹੋਰਾਂ ਆਪਣੀ ਨੇਕ ਕਮਾਈ 'ਚੋਂ ਸੇਵਾ ਕਰ ਲਗਵਾਏ। ਗਾਇਕ ਰਾਜਾ ਸਾਬਰੀ ਨੇ ਐਡਮ ਬਲਾਕ, ਝੂਲਿਆਂ ਤੇ ਸਕੂਲ ਪ੍ਰਤੀ ਗਾਣਾ ਗਾ ਸਮਾਗਮ ਦਾ ਆਗਾਜ਼ ਕੀਤਾ। ਇੰਜ: ਨਰਿੰਦਰ ਬੰਗਾ ਦੂਰਦਰਸ਼ਨ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ। ਦਿਵਿਆ ਬੰਗਾ ਨੇ ਆਪਣਾ ਕੈਨੇਡਾ ਦਾ ਤਜਰਬਾ ਸਭ ਨਾਲ ਸਾਂਝਾ ਕਰਦਿਆਂ ਕਿਹਾ ਕਿ ਨੌਜਵਾਨ ਪੀੜੀ ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਅਤੇ ਚੰਗੇ ਸਮਾਜ ਦੀ ਸਿਰਜਣਾ ਲਈ ਆਪਣੇ ਸਰੀਰ ਨੂੰ ਤੰਦਰੁਸਤ ਅਤੇ ਮਨ ਨੂੰ ਦ੍ਰਿੜ੍ਹ ਬਣਾ ਕੇ ਅਹਿਮ ਯੋਗਦਾਨ ਪਾ ਸਕਦੀ ਹੈ। ਮੁੱਖ ਮਹਿਮਾਨ ਪੁੱਜੇ ਪੁਨਰਜੋਤ ਆਈ ਬੈਂਕ ਲੁਧਿਆਣਾ ਦੇ ਅੰਤਰਰਾਸ਼ਟਰੀ ਕੋਆਰਡੀਨੇਟਰ ਅਸ਼ੋਕ ਮਹਿਰਾ ਹੋਰਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਅੱਖਾਂ ਦਾਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਹਰਮੇਸ਼ ਬੰਗਾ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਆਪਣੇ ਵਿਚਾਰ ਰੱਖੇ। ਮੰਚ ਸੰਚਾਲਨ ਰਾਜੇਸ਼ ਤਿਵਾੜੀ ਨੇ ਬਾਖ਼ੂਬੀ ਕੀਤਾ। ਸਮਾਗਮ ਵਿੱਚ ਸਮੂਹ ਸਟਾਫ਼, ਵਿਦਿਆਰਥੀਆਂ ਤੋਂ ਇਲਾਵਾ ਸਰਪੰਚ ਤੀਰਥ ਰੱਤੂ, ਹਰੀਸ਼ ਕੁਮਾਰ ਸੱਦੀ, ਮੈਡਮ ਕਮਲਜੀਤ ਬੰਗਾ, ਹੰਸ ਰਾਜ ਬੰਗਾ, ਪ੍ਰਤਾਪ ਸਿੰਘ ਬੰਗਾ, ਸੁਰਜੀਤ ਰੱਤੂ, ਦਵਿੰਦਰ ਬੰਗਾ, ਹਰਨਾਮ ਦਾਸ, ਬਲਜਿੰਦਰ ਸੁਮਨ, ਚਮਨ ਲਾਲ ਬੰਗਾ, ਰਾਕੇਸ਼ ਭਰਤਵਾਲ, ਰੇਸ਼ਮੋ ਰਾਣੀ, ਸੁਖਵਿੰਦਰ ਪਾਲ, ਮੈਡਮ ਕਵਿਤਾ, ਬਿਮਲਾ ਬੰਗਾ ਤੇ ਮਨਜੀਤ ਕੌਰ ਬੰਗਾ ਆਦਿ ਹਾਜ਼ਰ ਸਨ।

## ਰਿਆਤ ਬਾਹਰਾ 'ਵਰਸਿਟੀ 'ਚ ਫੰਡਿੰਗ ਲਈ ਖੋਜ ਪ੍ਰੋਜੈਕਟ ਲਿਖਣ 'ਤੇ ਵਰਕਸ਼ਾਪ

ਚੰਡੀਗੜ੍ਹ (ਗੁਰਜੀਤ ਬਿੱਲਾ)-ਰਿਆਤ ਬਾਹਰਾ ਯੂਨੀਵਰਸਿਟੀ ਨੇ ਖੋਜ ਅਤੇ ਨਵੀਨਤਾ ਦੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀ ਐਸ ਸੀ ਐਸ ਟੀ), ਚੰਡੀਗੜ੍ਹ,ਵਿਗਿਆਨ ਅਤੇ ਤਕਨਾਲੋਜੀ ਅਤੇ ਨੈਸ਼ਨਲ ਕੌਂਸਲ ਫਾਰ ਵਿਗਿਆਨ ਤਕਨਾਲੋਜੀ ਅਤੇ ਸੰਚਾਰ ਵਿਭਾਗ ਦੇ ਸਹਿਯੋਗ ਨਾਲ 'ਰਾਈਟਿੰਗ ਰਿਸਰਚ ਪ੍ਰੋਜੈਕਟਸ ਫਾਰ ਫੰਡਿੰਗ' ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ।ਆਰ ਬੀ ਯੂ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਵਰਕਸ਼ਾਪ ਦਾ ਆਯੋਜਨ ਕਰਨ ਦਾ ਉਦੇਸ਼ ਖੋਜਕਰਤਾਵਾਂ ਨੂੰ ਉਨ੍ਹਾਂ ਦੇ ਖੋਜ ਯਤਨਾਂ ਲਈ ਸਰਕਾਰੀ ਫੰਡ ਪ੍ਰਾਪਤ ਕਰਨ ਲਈ ਲੋੜੀਂਦੇ ਹੁਨਰਾਂ ਨਾਲ ਲੈਸ ਕਰਨਾ ਸੀ।ਇਸ ਮੌਕੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਅਤੇ ਡੀਨ ਅਕਾਦਮਿਕ ਡਾ.ਵੀ.ਕੇ.ਅਰੋੜਾ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਮਹੱਤਵਪੂਰਨ ਨੁਕਤਿਆਂ 'ਤੇ ਜ਼ੋਰ ਦਿੱਤਾ ਜੋ ਖੋਜ ਫੰਡਿੰਗ ਲਈ ਅਰਜ਼ੀ ਦੇਣ ਵੇਲੇ ਖੋਜਕਰਤਾਵਾਂ ਨੂੰ ਵਿਚਾਰਨ ਦੀ ਲੋੜ ਹੈ।ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਇੱਕ ਜੀਵੰਤ ਖੋਜ ਈਕੋਸਿਸਟਮ ਨੂੰ ਉਤਸ਼ਾਹਿਤ ਕਰਨ ਵਿੱਚ ਖੋਜ ਫੰਡਿੰਗ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ। ਡਾ: ਸਿਮਰਜੀਤ ਕੌਰ, ਡਾਇਰੈਕਟਰ-ਆਈ ਕਿਊ ਏ ਸੀ ਨੇ ਸਰਕਾਰੀ ਸੰਸਥਾਵਾਂ ਅਤੇ ਪ੍ਰਾਈਵੇਟ ਸੰਸਥਾਵਾਂ ਤੋਂ ਖੋਜ ਫੰਡ ਪ੍ਰਾਪਤ ਕਰਨ ਨਾਲ ਜੁੜੀਆਂ ਚੁਣੌਤੀਆਂ ਬਾਰੇ ਚਾਨਣਾ ਪਾਇਆ। ਡਾ. ਵੀ.ਕੇ. ਅਰੋੜਾ ਨੇ ਕੀਮਤੀ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕਰਦੇ ਹੋਏ ਹਾਜ਼ਰ ਮੈਂਬਰਾਂ ਦੇ ਸਵਾਲਾਂ ਨੂੰ ਸੰਬੋਧਨ ਕੀਤਾ।ਵਰਕਸ਼ਾਪ ਇੱਕ ਕਵਿਜ਼ ਸੈਸ਼ਨ ਦੇ ਨਾਲ ਸਮਾਪਤ ਹੋਈ। ਇਸ ਮੌਕੇ ਜੇਤੂਆਂ ਨੂੰ ਪ੍ਰਸੰਸਾ ਦੇ ਚਿੰਨ੍ਹ ਵਜੋਂ ਤੋਹਫ਼ਿਆਂ ਨਾਲ ਨਿਵਾਜਿਆ ਗਿਆ।ਡਾ: ਪਾਰੁਲ ਧਰ ਅਤੇ ਡਾ: ਸ਼ਾਇਨਾ ਭੱਲਾ ਨੇ ਵਰਕਸ਼ਾਪ ਦੇ ਆਯੋਜਨ ਲਈ ਤਾਲਮੇਲ ਕੀਤਾ ।

# 'ਅੰਬੇਡਕਰਵਾਦ ਤੇ ਮਜ਼ਦੂਰ ਜਮਾਤ' ਵਿਸ਼ੇ 'ਤੇ ਸੈਮੀਨਾਰ




ਨਵਾਂਸ਼ਹਿਰ (ਮਨੋਜ ਲਾਡੀ ਕੁਲਵਿੰਦਰ ਸਿੰਘ ਦੁਰਗਾਪੁਰੀ) ਪੇਂਡੂ ਮਜ਼ਦੂਰ ਯੂਨੀਅਨ ਵਲੋਂ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਡਾਕਟਰ ਬੀ.ਆਰ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਿਤ 'ਅੰਬੇਡਕਰਵਾਦ ਅਤੇ ਮਜਦੂਰ ਜਮਾਤ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।ਇਸ ਸੈਮੀਨਾਰ 'ਚ ਵਿਚਾਰ ਪੇਸ਼ ਕਰਦਿਆਂ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਡਾਕਟਰ ਅੰਬੇਡਕਰ ਦੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਉਹਨਾਂ ਜਿੱਥੇ ਦੇਸ਼ ਨੂੰ ਸੰਵਿਧਾਨ ਦਿੱਤਾ ਉੱਥੇ ਦਲਿਤਾਂ ਅਤੇ ਮਜ਼ਦੂਰ ਜਮਾਤ ਨੂੰ ਲੰਮੀ ਨੀਂਦਰ 'ਚ ਸੁੱਤਿਆਂ ਨੂੰ ਹਲੂਣਾ ਦੇ ਕੇ ਜਗਾਇਆ। ਪੇਂਡੂ ਮਜਦੂਰ ਯੂਨੀਅਨ ਦੇ ਜਿਲ੍ਹਾ ਆਗੂ ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰੀ ਅਤੇ ਨੀਲਮ ਰਾਣੀ ਕੋਟ ਰਾਂਝਾ ਨੇ ਕਿਹਾ ਕਿ ਡਾਕਟਰ ਅੰਬੇਡਕਰ ਨੇ ਕਿਹਾ ਸੀ ਕਿ ਪੜ੍ਹੋ, ਜੁੜੋ, ਸੰਘਰਸ਼ ਕਰੋ। ਇਸਦੇ ਬਹੁਤ ਡੂੰਘੇ ਅਰਥ ਹਨ ਪਰ ਹਾਕਮਾਂ ਨੇ ਵਿਦਿਆ ਦਾ ਵਪਾਰੀਕਰਨ ਕਰਕੇ ਮਜਦੂਰ ਵਰਗ ਦੇ ਵਿਦਿਆ ਪ੍ਰਾਪਤੀ ਦੇ ਅਧਿਕਾਰ ਨੂੰ ਖਤਮ ਕਰ ਦਿੱਤਾ ਹੈ।ਮਜਦੂਰ ਵਰਗ ਨੂੰ ਪੜ੍ਹਨ, ਜੁੜਨ ਅਤੇ ਸੰਘਰਸ਼ ਕਰਨ ਦੇ ਡਾਕਟਰ ਬੀ.ਆਰ ਅੰਬੇਡਕਰ ਦੇ ਇਸ ਕਥਨ ਨੂੰ ਆਪਣੀ ਜ਼ਿੰਦਗੀ 'ਚ ਫੌਰੀ ਢਾਲਣਾ ਪਵੇਗਾ, ਬਿਨਾਂ ਕਿਸੇ ਦੇਰੀ ਤੋਂ। ਇਸ ਮੌਕੇ ਅਵਤਾਰ ਸਿੰਘ ਤਾਰੀ, ਗੁਰਦਿਆਲ ਰੱਕੜ, ਸੁਰਿੰਦਰ ਮੀਰਪੁਰੀ, ਹਰੀ ਲਾਲ, ਹਰੇ ਰਾਮ, ਪਰਵੀਨ ਕੁਮਾਰ ਨਿਰਾਲਾ, ਸ਼ਿਵ ਨੰਦਨ, ਰਾਜੂ, ਗੋਪਾਲ, ਕਿਰਨਜੀਤ ਕੌਰ, ਤਰਨਜੀਤ, ਨਿਰਮਲ ਜੰਡੀ, ਲਾਡੀ ਕੋਟ ਰਾਂਝਾ, ਪ੍ਰੇਮ ਸਿੰਘ ਸ਼ਹਾਬ ਪੁਰ, ਸੁਰਜੀਤ ਪੈਲੀ, ਸੁਰਜੀਤ ਸਿੰਘ ਬਘੌਰਾਂ ਆਗੂ ਵੀ ਹਾਜ਼ਰ ਸਨ।

# ਅਕਾਲ ਅਕੈਡਮੀ ਨੇ ਨਸ਼ਿਆਂ ਖਿਲਾਫ ਕੱਢੀ ਰੈਲੀ



ਰੈਲੀ ਨੂੰ ਪ੍ਰਿੰਸੀਪਲ ਸੁਖਵਿੰਦਰ ਕੌਰ ਤੇ ਮਨਦੀਪ ਕੌਰ ਸਿੱਧੂ ਝੰਡੀ ਦੇ ਕੇ ਰਵਾਨਾ ਕਰਦੇ ਹੋਏ।

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸਫਲਤਾ ਪੂਰਵਕ ਚਲਾਏ ਜਾ ਰਹੇ ਵਿੱਦਿਅਕ ਅਦਾਰੇ ਅਕਾਲ ਅਕੈਡਮੀ ਦੌਲਾ ਦੇ ਵਿਦਿਆਰਥੀਆਂ ਵੱਲੋਂ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਦੀ ਅਗਵਾਈ ਵਿੱਚ ਨਸ਼ਿਆਂ ਖਿਲਾਫ ਅਤੇ ਸਿਹਤ ਨੂੰ ਤੰਦਰੁਸਤ ਰੱਖਣ ਲਈ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਰੈਲੀ ਕੱਢੀ ਗਈ।ਇਸ ਰੈਲੀ ਵਿੱਚ ਵਿਦਿਆਰਥੀਆਂ ਤੇ ਸਟਾਫ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਨਸ਼ਿਆਂ ਖਿਲਾਫ ਕੱਢੀ ਗਈ ਰੈਲੀ ਨੂੰ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਤੇ ਮਨਦੀਪ ਕੌਰ ਸਿੱਧੂ ਵੱਲੋਂ ਹਰੀ ਝੰਡੀ ਦੇ ਕੇ ਅਕੈਡਮੀ ਕੈਂਪਸ ਵਿੱਚੋਂ ਰਵਾਨਾ ਕੀਤਾ।ਇਹ ਰੈਲੀ, ਜਿਸ 'ਚ ਵਿਦਿਆਰਥੀ ਆਪਣੇ ਹੱਥਾਂ ਵਿੱਚ ਨਸ਼ਿਆਂ ਖਿਲਾਫ ਸਲੋਗਨ ਫੜ ਕੇ ਲੋਕਾਂ ਨੂੰ ਜਾਗਰੂਕ ਕਰ ਰਹੇ ਸਨ, ਪਿੰਡ ਪਿਉਰੀ, ਜੰਗੀਰਾਣਾ, ਬਾਜਕ ਤੇ ਨੰਦਗੜ੍ਹ ਹੁੰਦੇ ਹੋਏ ਵਾਪਸ ਅਕੈਡਮੀ ਕੈਂਪਸ ਪੁੱਜੀ।ਇਸ ਮੌਕੇ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਨਸ਼ਿਆਂ ਦੇ ਸਿਹਤ ਤੇ ਸਮਾਜ ਉੱਪਰ ਪੈ ਰਹੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਲੋਕਾਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਨਸ਼ੇ ਸਾਡੇ ਸਮਾਜ ਤੇ ਦੇਸ਼ ਲਈ ਘਾਤਕ ਹਨ ਤੇ ਕਿਵੇਂ ਨਸ਼ੇ ਦੀ ਦਲਦਲ ਵਿੱਚ ਫਸੇ ਲੋਕ ਸਮਾਜ ਤੇ ਆਪਣੇ ਪਰਵਾਰ ਨਾਲੋਂ ਵੱਖ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਨਸ਼ਾ ਸਾਨੂੰ ਸਰੀਰਕ ਪੱਖ ਤੋਂ ਤਾਂ ਕਮਜ਼ੋਰ ਕਰਦਾ ਹੀ ਹੈ, ਨਾਲ ਹੀ ਆਰਥਿਕ, ਮਾਨਸਿਕ ਤੇ ਸਮਾਜਿਕ ਤੌਰ 'ਤੇ ਵੀ ਕਮਜ਼ੋਰ ਕਰ ਦਿੰਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਹਮੇਸ਼ਾ ਹੀ ਨਸ਼ਿਆਂ ਤੋਂ ਦੂਰ ਰਹਿ ਕੇ ਸਮਾਜ ਤੇ ਦੇਸ਼ ਦੀ ਬਿਹਤਰੀ ਲਈ ਅੱਗੇ ਹੋ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸੁਖਜੀਤ ਕੌਰ, ਅਮਨਦੀਪ ਕੌਰ, ਹਰਪ੍ਰੀਤ ਕੌਰ, ਅਰਵਿੰਦਰ ਸਿੰਘ ਖਾਲਸਾ, ਹਰਜਿੰਦਰ ਸਿੰਘ ਪੀ ਆਈ, ਸੁਖਵਿੰਦਰ ਸਿੰਘ, ਸੁਖਵੀਰ ਕੌਰ, ਕੁਲਵਿੰਦਰ ਕੌਰ, ਜਗਦੀਪ ਕੌਰ ਰਮਨਦੀਪ ਕੌਰ, ਸੰਦੀਪ ਕੌਰ, ਜਰਨੈਲ ਸਿੰਘ, ਵਿੰਮੀ ਮੋਂਗਾ, ਸੰਦੀਪ, ਰਾਜਵਿੰਦਰ ਸਿੰਘ, ਨੈਬ ਸਿੰਘ ਤੇ ਸ਼ੁਭਦੀਪ ਸਿੰਘ ਤੋਂ ਇਲਾਵਾ ਸਮੂਹ ਸਟਾਫ ਦਾ ਸਹਿਯੋਗ ਰਿਹਾ।

# ਸਰਕਾਰ ਨੇ ਪੀ ਐੱਫ ਐੱਮ ਐੱਸ ਬੰਦ ਕਰਕੇ ਅਧਿਆਪਕਾਂ ਦੇ ਲੱਖਾਂ ਰੁਪਏ ਫਸਾਏ : ਜੀ ਟੀ ਯੂ

## ■ ਅਧਿਆਪਕ ਬਿਨਾਂ ਕਾਰਨ ਲੱਖਾਂ ਰੁਪਏ ਦੇ ਹੋਏ ਕਰਜ਼ਾਈ

**ਮਾਨਸਾ (ਆਤਮਾ ਸਿੰਘ ਪਮਾਰ)**

ਇੱਕ ਪਾਸੇ ਸਰਕਾਰ ਸਿੱਖਿਆ ਵਿੱਚ ਕ੍ਰਾਂਤੀ ਲਿਆਉਣ ਦੇ ਦਾਅਵੇ ਕਰ ਰਹੀ ਹੈ, ਦੂਜੇ ਪਾਸੇ ਪੀ ਐੱਫ ਐੱਮ ਐੱਸ ਪੋਰਟਲ ਬੰਦ ਕਰਕੇ ਅਧਿਆਪਕਾਂ ਦੇ ਲੱਖਾਂ ਰੁਪਏ ਫਸਾ ਦਿੱਤੇ ਹਨ।ਇਸ ਬਾਰੇ ਜਾਣਕਾਰੀ ਦਿੰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਦੇ ਪ੍ਰਧਾਨ ਨਰਿੰਦਰ ਸਿੰਘ ਮਾਖਾ ਤੇ ਜਨਰਲ ਸਕੱਤਰ ਗੁਰਦਾਸ ਸਿੰਘ ਰਾਏਪੁਰ ਨੇ ਕਿਹਾ ਕਿ ਪਹਿਲਾਂ ਵਿਭਾਗ ਨੇ ਸਕੂਲਾਂ ਨੂੰ ਵੱਖ ਵੱਖ ਸਕੀਮਾਂ ਅਧੀਨ ਬਾਥਰੂਮ ਬਣਾਉਣ, ਸਕੂਲਾਂ ਦੀ ਸਾਫ ਸਫਾਈ, ਚਾਰਦੀਵਾਰੀ, ਰਿਪੇਅਰ ਤੇ ਹੋਰ ਕੰਮਾਂ ਲਈ ਲੱਖਾਂ ਰੁਪਏ ਦੀ ਗਰਾਂਟ ਸਕੂਲਾਂ ਦੇ ਪੀ ਐੱਫ ਐੱਮ ਐੱਸ ਦੇ ਖਾਤੇ ਵਿੱਚ ਜਾਰੀ ਕੀਤੀ ਸੀ।ਅਧਿਆਪਕਾਂ ਦੁਆਰਾ ਮਤੇ ਪਾ ਕੇ ਇਨ੍ਹਾਂ ਗਰਾਂਟਾਂ ਨੂੰ ਖਰਚ ਕੀਤਾ ਜਾ ਰਿਹਾ ਸੀ। ਅਚਾਨਕ ਹੀ ਸਰਕਾਰ ਵੱਲੋਂ ਪੀ ਐੱਫ ਐੱਮ ਐੱਸ ਖਾਤੇ ਦੇ ਸਾਰੇ ਭੁਗਤਾਨ ਬੰਦ ਕਰ ਦਿੱਤੇ ਗਏ, ਜਿਸ ਦੇ ਚਲਦੇ ਕਈ ਸਕੂਲਾਂ, ਜਿਨ੍ਹਾਂ ਵਿੱਚ ਬਾਥਰੂਮ ਤੇ ਹੋਰ ਕੰਮ ਕਾਰ ਸਿਰੇ ਲੱਗ ਚੁੱਕੇ ਸਨ, ਪ੍ਰੰਤੂ ਭੁਗਤਾਨ ਕਰਨੇ ਬਾਕੀ ਸਨ, ਪ੍ਰੰਤੂ ਪੀ ਐੱਫ ਐੱਮ ਐੱਸ ਪੋਰਟਲ ਬੰਦ ਹੋਣ ਕਾਰਨ ਭੁਗਤਾਨ ਨਹੀਂ ਹੋ ਸਕੇ। ਮਿਸਤਰੀ ਮਜ਼ਦੂਰਾਂ ਦੀ ਲੇਬਰ ਦਾ ਕਾਫੀ ਰਾਸ਼ੀ ਅਧਿਆਪਕਾਂ ਨੇ ਆਪਣੀ ਜੇਬ 'ਚੋਂ ਉਤਾਰਨੇ ਪਏ ਤੇ ਕਾਫੀ ਦੇਣਦਾਰੀਆਂ ਅਜੇ ਵੀ ਬਾਕੀ ਹਨ।ਦੁਕਾਨਦਾਰ ਸਕੂਲ ਅਧਿਆਪਕਾਂ ਤੋਂ ਪੈਸਿਆਂ ਦੀ ਲਗਾਤਾਰ ਮੰਗ ਕਰ ਰਹੇ ਹਨ, ਪ੍ਰੰਤੂ ਸਰਕਾਰ ਵੱਲੋਂ ਖਾਤੇ ਬੰਦ ਕਰਨ ਕਰਕੇ ਅਧਿਆਪਕ ਲੱਖਾਂ ਰੁਪਏ ਦੇ ਕਰਜ਼ਾਈ ਹੋ ਚੁੱਕੇ ਹਨ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ 31 ਮਾਰਚ ਨੂੰ ਸੈਸ਼ਨ ਦੇ ਅੰਤ ਵਿੱਚ ਲੈਪਸ ਹੋਈਆਂ ਗ੍ਰਾਂਟਾਂ ਰੀ-ਐਲੋਕੇਟ ਕੀਤੀਆਂ ਜਾਣ ਤਾਂ ਜੋ ਖ਼ਰਚ ਹੋ ਗਈਆਂ ਗ੍ਰਾਂਟਾਂ ਦੀਆਂ ਅਦਾਇਗੀਆਂ ਕੀਤੀਆਂ ਜਾ ਸਕਣ।ਸੀਨੀਅਰ ਆਗੂਆਂ ਸਤੀਸ਼ ਕੁਮਾਰ ਗਰਗ, ਲਖਵਿੰਦਰ ਮਾਨ, ਬਲਵਿੰਦਰ ਉਲਕ ਤੇ ਗੁਰਪ੍ਰੀਤ ਦਲੇਲਵਾਲਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਹਰ ਤਰ੍ਹਾਂ ਦੀ ਗਰਾਂਟ ਸੈਸ਼ਨ ਦੇ ਸ਼ੁਰੂ ਵਿੱਚ ਹੀ ਦਿੱਤੀ ਜਾਵੇ, ਨਾ ਜੋ ਸੈਸ਼ਨ ਦੇ ਅੰਤ ਵਿੱਚ ਸਾਰੇ ਕੰਮ ਸਹੀ ਢੰਗ ਨਾਲ ਨੇਪਰੇ ਚੜ੍ਹ ਸਕਣ।ਇਸ ਮੌਕੇ ਦਰਸ਼ਨ ਜਟਾਣਾ, ਸੁਖਦੀਪ ਸਿੰਘ ਗਿੱਲ, ਸੁਖਜਿੰਦਰ ਅਗਰੋਈਆ, ਇਕਬਾਲ ਸਿੰਘ, ਬੂਟਾ ਸਿੰਘ, ਪ੍ਰਗਟ ਸਿੰਘ ਰਿਉਂਦ, ਸਹਿਦੇਵ ਸਿੰਘ, ਮਨਪ੍ਰੀਤ ਸਿੰਘ ਖੈਰਾ ਕਲਾਂ, ਮੇਲਾ ਸਿੰਘ ਆਲੀਕੇ, ਸੁਖਵਿੰਦਰ ਸਿੰਘ ਅੱਕਾਂਵਾਲੀ, ਸੁਖਵਿੰਦਰ ਸਿੰਘ ਮਾਖਾ, ਗੁਰਮੀਤ ਸਿੰਘ ਮਾਨ, ਬਲਜਿੰਦਰ ਸਿੰਘ ਕਣਕਵਾਲ, ਬੂਟਾ ਸਿੰਘ ਰਿਉਂਦ, ਗੁਰਵਿੰਦਰ ਸਿੰਘ ਮਾਖਾ, ਅਨਿਲ ਕੁਮਾਰ ਜੈਨ, ਰਾਜਿੰਦਰ ਸਿੰਘ, ਵਿਜੈ ਕੁਮਾਰ, ਕ੍ਰਿਸ਼ਨ ਚੌਹਾਨ ਆਦਿ ਹਾਜ਼ਰ ਸਨ।

## ਡਾ. ਅਮਰ ਸਿੰਘ ਨੂੰ ਟਿਕਟ ਮਿਲਣ 'ਤੇ ਵਰਕਰਾਂ 'ਚ ਖੁਸ਼ੀ ਦੀ ਲਹਿਰ : ਮਿੰਟੂ, ਪ੍ਰਿਥੀਪੁਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕਾਂਗਰਸ ਦੇ ਜ਼ਿਲ੍ਹਾ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ ਤੇ ਹਲਕਾ ਸਮਰਾਲਾ ਤੋਂ ਕੋਆਰਡੀਨੇਟਰ ਜਗਜੀਤ ਸਿੰਘ ਪ੍ਰਿਥੀਪੁਰ ਨੇ ਕਿਹਾ ਕਿ ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਡਾ. ਅਮਰ ਸਿੰਘ ਨੂੰ ਕਾਂਗਰਸ ਹਾਈਕਮਾਂਡ ਵੱਲੋਂ ਦੁਬਾਰਾ ਟਿਕਟ ਦਿੱਤੇ ਜਾਣ 'ਤੇ ਵਰਕਰਾਂ ਅੰਦਰ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾ ਕਿਹਾ ਕਿ ਪਾਰਟੀ ਹਾਈ ਕਮਾਂਡ ਵੱਲੋਂ ਉਨ੍ਹਾਂ ਨੂੰ ਚੋਣ ਮੈਦਾਨ ਵਿੱਚ ਉਤਾਰ ਕੇ ਵਧੀਆ ਫੈਸਲਾ ਲਿਆ ਹੈ, ਕਿਉਂਕਿ ਡਾ. ਅਮਰ ਸਿੰਘ ਇੱਕ ਸੂਝਵਾਨ ਤੇ ਮਿਹਨਤੀ ਆਗੂ ਹਨ ਤੇ ਹਲਕੇ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਨੇ ਲੋਕ ਸਭਾ ਵਿੱਚ ਉਠਾਇਆ। ਉਨ੍ਹਾਂ ਕਿਹਾ ਕਿ ਹਲਕਾ ਸਮਰਾਲਾ ਦੇ ਪਿੰਡਾਂ ਵਿੱਚ ਐੱਮ. ਪੀ. ਡਾ. ਅਮਰ ਸਿੰਘ ਨੇ ਆਪਣੇ ਅਖਤਿਆਰੀ ਕੋਟੇ 'ਚੋਂ ਗ੍ਰਾਂਟਾਂ ਦੇ ਖੁੱਲ੍ਹੇ ਗੱਫ਼ੇ ਦੇ ਕੇ ਪਿੰਡਾਂ ਦੇ ਵਿਕਾਸ ਕਾਰਜ ਕਰਵਾਏ, ਜਿਸ ਕਾਰਨ ਲੋਕ ਉਨ੍ਹਾਂ ਨੂੰ ਦਿਲੋਂ ਪਿਆਰ ਕਰਦੇ ਹਨ। ਮਿੰਟੂ ਤੇ ਪ੍ਰਿਥੀਪੁਰ ਨੇ ਕਿਹਾ ਕਿ ਹਲਕਾ ਸਮਰਾਲਾ ਤੋਂ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਣਥੱਕ ਮਿਹਨਤ ਸਦਕਾ ਹਲਕੇ ਵਿੱਚ ਕਾਂਗਰਸ ਪਾਰਟੀ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋਈਆਂ ਹਨ ਤੇ ਸਮੂਹ ਕਾਂਗਰਸੀ ਵਰਕਰ ਡਾ. ਅਮਰ ਸਿੰਘ ਦੀ ਚੋਣ ਮੁਹਿੰਮ ਨੂੰ ਸਿਖਰਾਂ 'ਤੇ ਪਹੁੰਚਾ ਭਾਰੀ ਬਹੁਮਤ ਨਾਲ ਜਿਤਾ ਕੇ ਭੇਜਣਗੇ।

## ਸੀ ਜੇ ਐੱਮ ਏਕਤਾ ਉੱਪਲ ਵੱਲੋਂ ਏ ਡੀ ਆਰ ਸੈਂਟਰ ਦੀ ਚੈਕਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਦੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਏਕਤਾ ਉੱਪਲ ਵੱਲੋਂ ਏ ਡੀ ਆਰ ਸੈਂਟਰ, ਫਿਰੋਜ਼ਪੁਰ ਦੀ ਅਚਾਨਕ ਚੈਕਿੰਗ ਕੀਤੀ ਤੇ ਦਫਤਰ ਦੇ ਕਰਮਚਾਰੀਆਂ ਵੱਲੋਂ ਕੀਤੇ ਜਾ ਰਹੇ ਕੰਮ ਦਾ ਜਾਇਜ਼ਾ ਲਿਆ ਗਿਆ। ਜੱਜ ਸਾਹਿਬ ਵੱਲੋਂ ਮੀਡੀਏਸ਼ਨ ਸੈਂਟਰ ਵਿੱਚ ਆਈਆਂ ਕੇਸ ਪਾਰਟੀਆਂ ਨੂੰ ਮੀਡੀਏਸ਼ਨ ਸੈਂਟਰ ਤੇ ਪ੍ਰੀ ਇੰਨਸੀਚਿਊਸ਼ਨ ਮੀਡੀਏਸ਼ਨ ਅਤੇ 11 ਮਈ 2024 ਨੂੰ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ।ਇਸ ਦੇ ਨਾਲ ਹੀ ਫਰੰਟ ਆਫਿਸ ਵਿੱਚ ਵੀ ਚੈਕਿੰਗ ਦੌਰਾਨ ਫਰੰਟ ਆਫਿਸ ਕੋਆਰਡੀਨੇਟਰ ਦੇ ਕੰਮ ਦਾ ਜਾਇਜ਼ਾ ਲਿਆ ਤੇ ਨਿਰਦੇਸ਼ ਦਿੱਤੇ ਗਏ ਕਿ ਫਰੰਟ ਆਫਿਸ ਵਿੱਚ ਆਉਣ ਵਾਲੇ ਪ੍ਰਾਰਥੀਆਂ ਨੂੰ ਤੁਰੰਤ ਮੁਫਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਨਿਰਦੇਸ਼ ਕੀਤੇ ਗਏ।

## ਕਾਤਰਾਂ

### ਕਿਸੇ ਨੂੰ ਵੀ ਕਾਨੂੰਨ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ : ਐੱਸ ਐੱਚ ਓ

**ਧੂਰੀ (ਸੁਖਦੇਵ ਧੂਰੀ)**-ਚੋਣ ਕਮਿਸ਼ਨ ਦੇ ਦਿਸ਼ਾਂ ਨਿਰਦੇਸ਼ਾਂ ਹੇਠ ਐੱਸ ਐੱਚ ਓ ਥਾਣਾ ਸਿਟੀ ਧੂਰੀ ਸੌਰਭ ਸੱਭਰਵਾਲ ਨੇ ਪੁਲਸ ਪਾਰਟੀ ਨਾਲ ਸ਼ਹਿਰ ਵਿੱਚ ਵਿਸ਼ੇਸ਼ ਨਾਕਾ ਲਾ ਕੇ ਵਹੀਕਲਾਂ ਦੀ ਚੈਕਿੰਗ ਕੀਤੀ।ਇਸ ਮੌਕੇ ਐੱਸ ਐੱਚ ਓ ਸਿਟੀ ਧੂਰੀ ਸੌਰਭ ਸੱਭਰਵਾਲ ਨੇ ਕਿਹਾ ਕਿ ਸ਼ਹਿਰ ਵਿੱਚ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਚੋਣ ਕਮਿਸ਼ਨ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਸ਼ਹਿਰ ਵਿੱਚ ਵੱਖ ਵੱਖ ਥਾਵਾਂ 'ਤੇ ਨਾਕੇ ਲਗਾ ਕੇ ਪੁਲਸ ਪਾਰਟੀ ਵੱਲੋਂ ਵਹੀਕਲਾਂ ਦੀ ਚੈਕਿੰਗ ਕੀਤੀ ਜਾਂਦੀ ਹੈ ਅਤੇ ਸ਼ਹਿਰ ਵਿੱਚ ਅਮਨ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਕਿਸੇ ਬਖਸ਼ਿਆ ਨਹੀਂ ਜਾਵੇਗਾ ਅਤੇ ਕਿਸੇ ਨੂੰ ਵੀ ਕਾਨੂੰਨ ਤੋੜਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।ਉਨ੍ਹਾਂ ਸ਼ਹਿਰੀਆਂ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਬੇਨਤੀ ਕੀਤੀ।

### ਡਿਪਟੀ ਕਮਿਸ਼ਨਰ ਵੱਲੋਂ ਅਨਾਜ ਮੰਡੀ ਦਾ ਦੌਰਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਜ਼ਿਲ੍ਹਾ ਮੋਗਾ ਦੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਧੂਰੀ ਨੇ ਅਚਾਨਕ ਕੋਟਕਪੂਰਾ ਰੋਡ 'ਤੇ ਸਥਿਤ ਮੇਨ ਅਨਾਜ ਮੰਡੀ ਬਾਘਾ ਪੁਰਾਣਾ ਦਾ ਦੌਰਾ ਕੀਤਾ।ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਧੂਰੀ ਨੇ ਕਿਹਾ ਕਿ ਮੰਡੀਆਂ ਅੰਦਰ ਫਸਲ ਵੇਚਣ ਲਈ ਕਿਸਾਨਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਸਰਕਾਰ ਵੱਲੋਂ ਮੰਡੀਆਂ ਅੰਦਰ ਬਾਰਦਾਨਾਂ, ਪਾਣੀ, ਸ਼ੈੱਡ, ਲਾਈਟਸ ਵੈਗੇਰਾ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਕਿਸਾਨ ਮੰਡੀਆਂ ਵਿੱਚ ਸੁੱਕੀ ਕਨਕ ਲੈ ਕੇ ਆਉਣ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸੇ ਵੀ ਅਧਿਕਾਰੀ ਦੀ ਕਣਕ ਦੀ ਖਰੀਦ ਵਿੱਚ ਢਿੱਲਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਜੇ ਕੋਈ ਅਧਿਕਾਰੀ ਢਿੱਲਮੱਠ ਕਰੇਗਾ, ਉਸ 'ਤੇ ਕਾਰਵਾਈ ਕੀਤੀ ਜਾਵੇਗੀ।ਉਨ੍ਹਾ ਕਿਹਾ ਕਿ ਕਿਸਾਨਾਂ ਨੂੰ ਫਸਲ ਦੀ ਅਦਾਇਗੀ ਵੀ ਸਰਕਾਰੀ ਹਦਾਇਤਾਂ ਅਨੁਸਾਰ ਨਾਲੋਂ ਨਾਲ ਕੀਤੀ ਜਾਵੇ।ਉਨ੍ਹਾਂ ਮਾਰਕਿਟ ਕਮੇਟੀ ਨੂੰ ਵੀ ਹਦਾਇਤ ਕੀਤੀ ਕਿ ਪੇਂਡੂ ਖਰੀਦ ਕੇਂਦਰਾਂ 'ਤੇ ਛਾਂ, ਪਾਣੀ ਆਦਿ ਦੇ ਪ੍ਰਬੰਧ ਤੇ ਸਾਰੀਆਂ ਮੰਡੀਆਂ 'ਚ ਸਫਾਈ ਆਦਿ ਦੇ ਇੰਤਜ਼ਾਮ ਲਗਾਤਾਰ ਜਾਰੀ ਰਹਿਣ।ਉਨ੍ਹਾ ਕਿਹਾ ਕਿ ਕਿਸਾਨ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਅੱਗ ਲਗਾਉਣ ਨਾਲ ਬਹੁਤ ਸਾਰੇ ਲੋੜੀਂਦੇ ਤੱਤ ਨਸ਼ਟ ਹੋ ਜਾਂਦੇ ਹਨ।ਉਪਜਾਊ ਸ਼ਕਤੀ ਘੱਟ ਜਾਂਦੀ ਹੈ ਤੇ ਜੀਵ ਜੰਤੂ ਵੀ ਮਰ ਜਾਂਦੇ ਹਨ।ਇਸ ਮੌਕੇ ਜ਼ਿਲ੍ਹਾ ਮੰਡੀ ਅਫ਼ਸਰ ਜਸ਼ਨਪ੍ਰੀਤ ਸਿੰਘ, ਸੈਕਟਰੀ ਹਰਜੀਤ ਸਿੰਘ ਬਰਾੜ, ਮੰਡੀ ਸੁਪਰਵਾਈਜ਼ਰ ਅੰਮ੍ਰਿਤਪਾਲ ਸਿੰਘ, ਦਿਨੇਸ਼ ਕੁਮਾਰ, ਮਹਾਂਵੀਰ ਸ਼ਰਮਾ ਤੇ ਹੋਰ ਅਧਿਕਾਰੀ ਸ਼ਾਮਲ ਸਨ।

### ਪੀ ਸੀ ਐੱਮ ਐੱਸ ਏ ਵੱਲੋਂ ਅੱਜ ਰਾਜ ਵਿਆਪੀ ਹੜਤਾਲ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਡਾਕਟਰਾਂ ਦੀ ਜਥੇਬੰਦੀ ਪੀ ਸੀ ਐੱਮ ਐੱਸ ਏ ਪੰਜਾਬ ਨੇ 22 ਅਪ੍ਰੈਲ (ਸੋਮਵਾਰ) ਨੂੰ ਰਾਜ ਭਰ ਦੇ ਸਾਰੇ ਜਨਤਕ ਸਿਹਤ ਸੰਭਾਲ ਕੇਂਦਰਾਂ 'ਤੇ ਰਾਜ-ਵਿਆਪੀ ਹੜਤਾਲ ਦਾ ਐਲਾਨ ਕੀਤਾ ਹੈ ਤਾਂ ਜੋ ਡਾਕਟਰ ਸੁਨੀਲ ਭਗਤ, ਐੱਸ ਐੱਮ ਓ, ਈ.ਐੱਸ.ਆਈ. ਹਸਪਤਾਲ ਹੁਸ਼ਿਆਰਪੁਰ ਨੂੰ ਇੱਕ ਮਰੀਜ਼ ਦੇ ਸੇਵਾਦਾਰਾਂ ਵੱਲੋਂ ਕੁੱਟਮਾਰ ਕਰਕੇ ਨਾਜ਼ੁਕ ਹਾਲਤ ਵਿੱਚ ਪਹੁੰਚਾ ਦਿੱਤੇ ਜਾਣ ਦੀ ਮੰਦਭਾਗੀ ਘਟਨਾ 'ਤੇ ਡਾਕਟਰੀ ਕੇਡਰ ਦੇ ਰੋਸ ਤੇ ਗੁੱਸੇ ਨੂੰ ਜ਼ਾਹਰ ਕੀਤਾ ਜਾ ਸਕੇ।ਜਥੇਬੰਦੀ ਦੇ ਸੂਬਾ ਪ੍ਰਧਾਨ ਡਾਕਟਰ ਅਖਿਲ ਸਾਰੀਨ ਦੇ ਦਸਤਖਤਾਂ ਹੇਠ ਜਾਰੀ ਹੋਏ ਪ੍ਰੈੱਸ ਨੋਟ ਵਿੱਚ ਕਿਹਾ ਗਿਆ ਹੈ ਕਿ ਹੜਤਾਲ ਦੌਰਾਨ ਓਪੀਡੀ ਸੇਵਾਵਾਂ, ਇਲੈਕਟਿਵ ਓਪਰੇਸ਼ਨ, ਜਨਰਲ ਮੈਡੀਕਲ ਫਿਟਨੈੱਸ (ਹਥਿਆਰ ਲਾਇਸੈਂਸ/ਡਰਾਈਵਿੰਗ ਲਾਇਸੈਂਸ/ਡੋਪ ਟੈਸਟਾਂ), ਮੀਟਿੰਗਾਂ/ਵੀਡੀਓ ਕਾਨਫਰੰਸ/ਪੁੱਛਗਿੱਛ/ਰੋਜ਼ਾਨਾ ਦਫ਼ਤਰੀ ਕੰਮ ਅਤੇ ਵੀਆਈਪੀ ਡਿਊਟੀਆਂ ਮੁਅੱਤਲ ਰਹਿਣਗੀਆਂ, ਜਦੋਂ ਕਿ ਐਮਰਜੈਂਸੀ ਸੇਵਾਵਾਂ, ਪੋਸਟਮਾਰਟਮ ਤੇ ਕੈਦੀਆਂ ਦੀ ਡਾਕਟਰੀ ਜਾਂਚ ਨਿਰਵਿਘਨ ਜਾਰੀ ਰੱਖਣ ਲਈ ਹੜਤਾਲ ਦੌਰਾਨ ਖੁੱਲ੍ਹੀ ਦਿੱਤੀ ਗਈ ਹੈ।ਪ੍ਰੈੱਸ ਨੋਟ ਵਿੱਚ ਕਿਹਾ ਗਿਆ ਹੈ ਕਿ ਜਥੇਬੰਦੀ ਬਾਈ ਅਪ੍ਰੈਲ ਨੂੰ ਡੀ ਐੱਚ ਹੁਸ਼ਿਆਰਪੁਰ ਵਿਖੇ ਇੱਕ ਪ੍ਰੈੱਸ ਕਾਨਫਰੰਸ ਕਰੇਗੀ।

### ਕਿਸਾਨ ਆਗੂ ਬੂਟਾ ਸਿੰਘ 'ਤੇ ਜਾਨਲੇਵਾ ਹਮਲਾ

**ਹਠੂਰ (ਨਛੱਤਰ ਸੰਧੂ)**-ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬੂਟਾ ਸਿੰਘ ਚਕਰ 'ਤੇ ਕਾਤਲਾਨਾ ਹਮਲਾ ਹੋਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਚਕਰ ਪਿੰਡ 'ਚ ਬਣੀ ਮੌਰਗਿਨ ਲੇਕ 'ਤੇ ਹਰ ਰੋਜ਼ ਦੀ ਤਰ੍ਹਾਂ ਰਾਤ ਦੇ ਸਾਢੇ ਅੱਠ ਵਜੇ ਬੂਟਾ ਸਿੰਘ ਚਕਰ ਗਿਆ ਤੇ ਜਦੋਂ ਤਕਰੀਬਨ 9 ਕੁ ਵਜੇ ਆਪਣੀ ਸਕੂਟਰੀ ਕੋਲ ਜਾ ਕੇ ਵਾਪਸ ਆਉਣ ਲੱਗਾ ਤਾਂ ਕੁਝ ਅਣਪਛਾਤੇ ਵਿਅਕਤੀਆਂ ਨੇ ਉਸ ਉੱਪਰ ਰਾੜਾਂ ਜਾਂ ਬੇਸਵਾਲ ਨਾਲ ਹਮਲਾ ਕਰ ਦਿੱਤਾ, ਤਿੰਨ ਚਾਰ ਮਿੰਟ ਦੀ ਜੱਦੋ ਜਹਿਦ ਤੋਂ ਬਾਅਦ ਉਸ ਨੇ ਨੱਠ ਕੇ ਜਾਨ ਬਚਾਈ। ਹਠੂਰ ਦੇ ਐੱਸ ਐੱਚ ਓ ਗੁਰਵਿੰਦਰ ਸਿੰਘ ਨੇ ਮਾਮਲਾ ਦਰਜ ਕਰ ਲਿਆ ਹੈ ਤੇ ਕਿਹਾ ਕਿ ਹਮਲਾਵਰਾਂ ਦੀ ਛੇਤੀ ਹੀ ਪਹਿਚਾਣ ਕਰ ਲਈ ਜਾਵੇਗੀ। ਡੀ ਐੱਸ ਪੀ ਰਾਏਕੋਟ ਰਛਪਾਲ ਸਿੰਘ ਢੀਂਡਸਾ ਨੇ ਵੀ ਕਿਹਾ ਜਲਦੀ ਹੀ ਦੋਸ਼ੀ ਫੜ ਲਏ ਜਾਣਗੇ। ਬੂਟਾ ਸਿੰਘ ਚਕਰ ਨੇ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਮਰਦੇ ਦਮ ਤੱਕ ਹਰ ਤਰ੍ਹਾਂ ਦੀ ਬੇਇਨਸਾਫੀ ਖਿਲਾਫ ਸੰਘਰਸ਼ ਕਰਦੇ ਰਹਿਣਗੇ।

## ਡੀ.ਟੀ.ਐੱਫ. ਵੱਲੋਂ ਮ੍ਰਿਤਕ ਕੰਪਿਊਟਰ ਅਧਿਆਪਕ ਦੇ ਵਾਰਿਸ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਜ਼ਿਲ੍ਹਾ ਸੰਗਰੂਰ ਇਕਾਈ ਨੇ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰੋਂ ਵਿਖੇ ਸੇਵਾ ਨਿਭਾ ਰਹੇ ਕੰਪਿਊਟਰ ਅਧਿਆਪਕ ਬੂਟਾ ਸਿੰਘ ਦੀ ਬਿਮਾਰੀ ਪਿੱਛੋਂ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਤੇ ਜ਼ਿਲ੍ਹਾ ਜਨਰਲ ਸਕੱਤਰ ਹਰਭਗਵਾਨ ਗੁਰਨੇ ਨੇ ਕਿਹਾ ਕਿ ਕਹਿਣ ਨੂੰ ਤਾਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਕੰਪਿਊਟਰ ਅਧਿਆਪਕ ਰੈਗੂਲਰ ਹਨ, ਪ੍ਰੰਤੂ ਅਸਲ ਵਿੱਚ ਇਹ 'ਪਿਕਟਸ' ਨਾਂ ਦੀ ਇੱਕ ਸੁਸਾਇਟੀ ਅਧੀਨ ਹਨ, ਜਿਸ ਕਾਰਨ ਰੈਗੂਲਰ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਪੰਜਾਬ ਸਰਕਾਰ ਦੇ ਰੈਗੂਲਰ ਮੁਲਾਜ਼ਮਾਂ ਵਾਂਗ ਸਹੂਲਤਾਂ ਨਹੀਂ ਮਿਲਦੀਆਂ।ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ ਤੇ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਕਿਹਾ ਕਿ ਕੰਪਿਊਟਰ ਅਧਿਆਪਕ ਯੂਨੀਅਨ ਬੜੇ ਲੰਮੇ ਸਮੇਂ ਤੋਂ ਲਗਾਤਾਰ ਸੰਘਰਸ਼ ਦੇ ਜ਼ਰੀਏ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਅਧੀਨ ਇਨ੍ਹਾਂ ਕੰਪਿਊਟਰ ਅਧਿਆਪਕਾਂ ਨੂੰ ਰੈਗੂਲਰ ਕਰਨ ਦੀ ਮੰਗ ਕਰ ਰਹੀ ਹੈ, ਪ੍ਰੰਤੂ ਪੰਜਾਬ ਸਰਕਾਰ ਇਸ ਮਾਮਲੇ ਵਿੱਚ ਚੁੱਪੀ ਧਾਰੀ ਬੈਠੀ ਹੈ, ਜਿਸ ਦੇ ਚੱਲਦੇ ਫੌਤ ਹੋਏ ਸੈਂਕੜੇ ਕੰਪਿਊਟਰ ਅਧਿਆਪਕਾਂ ਦੇ ਵਾਰਿਸ ਅੱਜ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ।ਜਥੇਬੰਦਕ ਸਕੱਤਰ ਪਵਨ ਕੁਮਾਰ ਤੇ ਵਿੱਤ ਸਕੱਤਰ ਯਾਦਵਿੰਦਰ ਪਾਲ ਨੇ ਕਿਹਾ ਕਿ ਬੂਟਾ ਸਿੰਘ ਵੀ ਆਪਣੇ ਪਿੱਛੇ ਬਜ਼ੁਰਗ ਮਾਂ ਬਾਪ, ਪਤਨੀ ਤੇ ਦੋ ਬੱਚੇ ਛੱਡ ਗਿਆ ਹੈ, ਜਿਨ੍ਹਾਂ ਦਾ ਭਵਿੱਖ ਹੁਣ ਧੁੰਦਲਾ ਹੈ। ਆਗੂਆਂ ਨੇ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਤੋਂ ਮੰਗ ਕੀਤੀ ਕਿ ਕੰਪਿਊਟਰ ਅਧਿਆਪਕਾਂ ਨੂੰ ਤੁਰੰਤ ਸਿੱਖਿਆ ਵਿਭਾਗ ਅਧੀਨ ਰੈਗੂਲਰ ਕੀਤਾ ਜਾਵੇ ਤੇ ਬੂਟਾ ਸਿੰਘ ਦੇ ਪਰਵਾਰ ਨੂੰ ਮਾਲੀ ਸਹਾਇਤਾ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਪਤਨੀ ਨੂੰ ਤਰਸ ਦੇ ਆਧਾਰ 'ਤੇ ਸਰਕਾਰੀ ਨੌਕਰੀ ਦਿੱਤੀ ਜਾਵੇ।

# ਬੀ ਐੱਫ ਜੀ ਆਈ ਵਿਖੇ ਵਾਲੀਬਾਲ ਟੂਰਨਾਮੈਂਟ ਕਰਵਾਇਆ




**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਗਰੁੱਪ ਆਫ਼ ਇਸਟੀਚਿਊਸ਼ਨਜ਼ (ਬੀ.ਐੱਫ.ਜੀ.ਆਈ.) ਵਿਖੇ ਸੰਸਥਾ ਦੇ ਸਪੋਰਟਸ ਵਿਭਾਗ ਵੱਲੋਂ ਦੋ ਰੋਜ਼ਾ ਵਾਲੀਬਾਲ ਟੂਰਨਾਮੈਂਟ ਕਰਵਾਇਆ ਗਿਆ।

ਬੀ.ਐੱਫ.ਜੀ.ਆਈ. ਦੇ ਡਿਪਟੀ ਡਾਇਰੈਕਟਰ (ਐਕਟੀਵਿਟੀਜ਼) ਬੀ. ਡੀ. ਸ਼ਰਮਾ, ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਦੇ ਡੀਨ (ਅਕਾਦਮਿਕ) ਗੁਰਪ੍ਰੀਤ ਸਿੰਘ, ਖੇਡ ਇੰਚਾਰਜ ਡਾ. ਸੰਦੀਪ ਸਿੰਘ, ਯਤਿੰਦਰ ਕੁਮਾਰ, ਅਨਮੋਲ ਕੁਮਾਰ ਤੇ ਸਰਬਜੀਤ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਇਸ ਟੂਰਨਾਮੈਂਟ ਦਾ ਉਦੇਸ਼ ਭਾਗ ਲੈਣ ਵਾਲੇ ਵਿਦਿਆਰਥੀਆਂ ਵਿੱਚ ਖੇਡਾਂ, ਬੌਧਿਕ ਵਿਕਾਸ ਤੇ ਸਿਹਤਮੰਦ ਮੁਕਾਬਲੇ ਨੂੰ ਉਤਸ਼ਾਹਤ ਕਰਨਾ ਅਤੇ ਉਨ੍ਹਾਂ ਨੂੰ ਖੇਡ ਪ੍ਰਤਿਭਾ ਵੱਲ ਪ੍ਰੇਰਿਤ ਕਰਨਾ ਸੀ।ਇਸ ਟੂਰਨਾਮੈਂਟ ਵਿੱਚ ਬੀ.ਐੱਫ.ਜੀ.ਆਈ. ਦੇ ਵੱਖ-ਵੱਖ ਕਾਲਜਾਂ ਦੀਆਂ ਕੁੱਲ 25 ਟੀਮਾਂ ਨੇ ਭਾਗ ਲੈਂਦੇ ਹੋਏ ਆਪਣੀ ਖੇਡ ਕਲਾ ਦੇ ਜੌਹਰ ਦਿਖਾਏ ਤੇ ਸ਼ਾਨਦਾਰ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ।ਇਸ ਟੂਰਨਾਮੈਂਟ ਵਿੱਚ ਬਾਬਾ ਫ਼ਰੀਦ ਕਾਲਜ ਦੇ ਐਗਰੀਕਲਚਰ ਵਿਭਾਗ ਨੇ ਪਹਿਲਾ ਸਥਾਨ ਤੇ ਬਾਬਾ ਫ਼ਰੀਦ ਕਾਲਜ ਦੇ ਆਰਟਸ ਵਿਭਾਗ ਨੇ ਦੂਸਰਾ ਸਥਾਨ ਹਾਸਲ ਕੀਤਾ।

ਬੀ.ਐੱਫ.ਜੀ.ਆਈ. ਦੇ ਡਿਪਟੀ ਡਾਇਰੈਕਟਰ (ਐਕਟੀਵਿਟੀਜ਼) ਬੀ. ਡੀ. ਸ਼ਰਮਾ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਵੱਖ-ਵੱਖ ਕਾਲਜਾਂ ਦੇ ਅਧਿਆਪਕ ਸਾਹਿਬਾਨ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਖਿਡਾਰੀਆਂ ਦੀ ਖੇਡ ਰੁਚੀ ਨੂੰ ਪ੍ਰਫੁੱਲਤ ਕਰਨ ਹਿੱਤ ਭਵਿੱਖ ਵਿੱਚ ਵੀ ਅਜਿਹੇ ਟੂਰਨਾਮੈਂਟ ਕਰਵਾਏ ਜਾਣ ਲਈ ਹੱਲਾਸ਼ੇਰੀ ਦਿੱਤੀ।

## ਯੂਨੀਵਰਸਿਟੀ ਕਾਲਜ ਘਨੌਰ ਵਿਖੇ ਸਿਰਜਣਾਤਮਕ ਲੇਖਣ ਵਰਕਸ਼ਾਪ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਯੂਨੀਵਰਸਿਟੀ ਕਾਲਜ ਘਨੌਰ ਵਿਖੇ ਸਿਰਜਣਾਤਮਕ ਲੇਖਣ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਵਿੱਚ ਪੰਜਾਬੀ ਦੇ ਪ੍ਰਸਿੱਧ ਗਲਪਕਾਰ ਬਲਵਿੰਦਰ ਗਰੇਵਾਲ ਵਿਦਿਆਰਥੀਆਂ ਨੂੰ ਸੰਬੋਧਤ ਹੋਏ।ਇਸ ਵਰਕਸ਼ਾਪ ਦਾ ਆਯੋਜਨ ਕਾਲਜ ਦੇ ਮੈਗਜ਼ੀਨ ਵੀਚਾਰ ਦੇ ਸੰਪਾਦਕੀ ਬੋਰਡ ਵੱਲੋਂ ਕੀਤਾ ਗਿਆ।ਇਸ ਸਮੇਂ ਬਲਵਿੰਦਰ ਗਰੇਵਾਲ ਹੁਰਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਸਿਰਜਣਾ ਤੇ ਸਿਰਜਣਾਤਮਕਤਾ ਨਾਲ ਜੁੜਨਾ ਮਨੁੱਖ ਹੋਣ ਲਈ ਕਿੰਨੇ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਆਲੇ ਦੁਆਲੇ ਦਾ ਬਾਜ਼ਾਰ ਸੱਭਿਆਚਾਰ ਤੇ ਬੇਲੋੜੀ ਟੈਕਨੋਲੋਜੀ ਦੀ ਵਰਤੋਂ ਸਾਨੂੰ ਕੁਦਰਤ ਤੇ ਸਿਰਜਣਾ ਤੋਂ ਦੂਰ ਕਰ ਰਹੀ ਹੈ।ਇਸ ਨਾਲ ਨੌਜਵਾਨਾਂ ਵਿੱਚ ਇਕਾਗਰਤਾ ਤੇ ਚਿੰਤਨ ਕਰਨ ਦੀ ਸਮਰੱਥਾ ਘੱਟ ਹੋ ਰਹੀ ਹੈ।ਇਸ ਲਈ ਕੁਝ ਲਿਖਣਾ ਜਾਂ ਸਿਰਜਣਾ ਅਸਲ ਵਿੱਚ ਮਨੁੱਖ ਹੋਣਾ ਹੈ।ਉਨ੍ਹਾਂ ਕਿਹਾ ਕਿ ਹਰ ਵਿਦਿਆਰਥੀ ਦੇ ਅੰਦਰ ਇੱਕ ਲੇਖਕ ਹੁੰਦਾ ਹੈ, ਪਰ ਜਦੋਂ ਅਸੀਂ ਉਸ ਨੂੰ ਨਹੀਂ ਸੁਣਦੇ ਤਾਂ ਹੌਲੀ ਹੌਲੀ ਉਹ ਵਿਚਾਰ ਤੇ ਫੁਰਨੇ ਗੁਆਚ ਜਾਂਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀਆਂ ਕਹਾਣੀਆਂ ਦੇ ਹਵਾਲੇ ਨਾਲ ਕਹਾਣੀ ਲਿਖਣ ਦੇ ਗੁਰ ਦਿੱਤੇ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾਕਟਰ ਲਖਬੀਰ ਸਿੰਘ ਨੇ ਕਿਹਾ ਕਿ ਇਸ ਵਰਕਸ਼ਾਪ ਨਾਲ ਸਾਡੇ ਵਿਦਿਆਰਥੀ ਹੋਰ ਬਿਹਤਰ ਜ਼ਿੰਦਗੀ ਤੇ ਸਮਾਜ ਦਾ ਸੁਪਨਾ ਲੈ ਸਕਣਗੇ।ਡਾਕਟਰ ਅਨੁਜੋਤ ਸਿੰਘ ਸੋਨੀ ਨੇ ਆਏ ਵਿਦਵਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਲੈਕਚਰ ਨਾਲ ਵਿਦਿਆਰਥੀਆਂ ਦੀ ਸੋਚ ਹੋਰ ਵੀ ਸਾਫ ਤੇ ਸਪੱਸ਼ਟ ਹੋਵੇਗੀ।ਇਸ ਮੌਕੇ ਕਾਲਜ ਅਧਿਆਪਕ ਗੁਰਲੀਨ ਆਹਲੂਵਾਲੀਆ, ਪਦਮਨੀ ਤੋਮਰ, ਸੰਜੀਵ ਕੁਮਾਰ, ਕਮਲਜੀਤ ਸਿੰਘ, ਜਸਵਿੰਦਰ ਕੌਰ, ਗੁਰਵਿੰਦਰ ਸਿੰਘ ਤੇ ਊਸ਼ਾ ਗੁਪਤਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਸਮਾਗਮ ਦਾ ਮੰਚ ਸੰਚਾਲਨ ਡਾਕਟਰ ਰਵਿੰਦਰ ਸਿੰਘ ਘੁੰਮਣ ਨੇ ਕੀਤਾ।

# ਫਰਸ਼ੀ ਕੰਡੇ ਦੀ ਬਜਾਏ ਕੰਪਿਊਟਰ ਕੰਡੇ ਨਾਲ ਫਸਲਾਂ ਦੀ ਤੁਲਾਈ ਹੋਵੇ : ਕਿਸਾਨ ਆਗੂ



**ਜਲਾਲਾਬਾਦ (ਜੰਗੀਰ ਕੌਰ)**-ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਵੱਲੋਂ ਮਾਰਕੀਟ ਕਮੇਟੀ ਜਲਾਲਾਬਾਦ ਦੇ ਸੈਕਟਰੀ ਤੇ ਆੜ੍ਹਤੀਏ ਯੂਨੀਅਨ ਨਾਲ ਮੰਡੀਆਂ ਵਿੱਚ ਕਿਸਾਨਾਂ ਦੀਆਂ ਸਮੱਸਿਆਵਾਂ ਸਬੰਧੀ ਮੀਟਿੰਗ ਕੀਤੀ ਗਈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਰੇਸ਼ਮ ਮਿੱਡਾ, ਕੁੱਲ ਹਿੰਦ ਕਿਸਾਨ ਸਭਾ ਦੇ ਜਿਲਾ ਪ੍ਰਧਾਨ ਸੁਰਿੰਦਰ ਢੰਡੀਆਂ, ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਬਲਾਕ ਪ੍ਰਧਾਨ ਪ੍ਰਵੀਨ ਮੌਲਵੀ ਵਾਲਾ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਬਲਾਕ ਆਗੂ ਸ਼ਿੰਗਾਰਾ ਸਿੰਘ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜਗਿੱਲ ਦੇ ਜਿਲਾ ਪ੍ਰਧਾਨ ਜੋਗਾ ਸਿੰਘ ਨੇ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਦੀਆਂ ਸਮੱਸਿਆਵਾਂ ਸਬੰਧੀ 5 ਨੁਕਤਿਆਂ 'ਤੇ ਗੱਲਬਾਤ ਕੀਤੀ। ਫਸਲ 'ਤੇ ਖਰਚਾ ਸਰਕਾਰੀ ਮਾਪਦੰਡਾਂ ਅਨੁਸਾਰ ਹੀ ਕੱਟਿਆ ਜਾਵੇ ਤੇ ਫਰਸ਼ੀ ਕੰਡੇ ਦੀ ਬਜਾਏ ਤੁਲਾਈ ਕੰਪਿਊਟਰ ਕੰਡੇ ਨਾਲ ਕੀਤੀ ਜਾਵੇ।

ਮੰਡੀ ਵਿੱਚ ਪੀਣ ਲਈ ਸਾਫ ਪਾਣੀ ਤੇ ਤਰਪਾਲਾਂ ਦਾ ਪ੍ਰਬੰਧ ਕੀਤਾ ਜਾਵੇ। ਸਾਰੇ ਖਰਚੇ ਜੇ ਫਾਰਮ ਅਨੁਸਾਰ ਹੀ ਲਾਏ ਜਾਣ ਤੇ ਕਿਸਾਨ ਨੂੰ ਜੇ ਫਾਰਮ ਦੇਣਾ ਯਕੀਨੀ ਬਣਾਇਆ ਜਾਵੇ। ਸਮੇਂ ਸਿਰ ਫਸਲ ਦੀ ਲਿਫਟਿੰਗ ਕਰਵਾਈ ਜਾਵੇ। ਮੌਸਮ ਦੇ ਬਦਲੇ ਹੋਏ ਹਾਲਾਤ ਦੇ ਅਨੁਸਾਰ ਕਨਕ ਦੀ ਖਰੀਦ ਵਿੱਚ ਨਮੀ ਦੀ ਛੋਟ ਦਿੱਤੀ ਜਾਵੇ ਤੇ ਭਵਿੱਖ ਦੇ ਵਿੱਚ ਸਰਕਾਰੀ ਮੰਡੀਆਂ ਨੂੰ ਬਿਹਤਰ ਬਣਾਉਣ ਲਈ ਰਲ ਮਿਲ ਕੇ ਯੋਗਦਾਨ ਪਾਇਆ ਜਾਵੇ, ਕਿਉਂਕਿ ਸਰਕਾਰਾਂ ਕਾਰਪੋਰੇਟ ਦੇ ਸਾਈਲੋਜ਼ ਨੂੰ ਮੰਡੀਆਂ ਦੇ ਅਧਿਕਾਰ ਦੇ ਕੇ ਸਾਡੀਆਂ ਸਰਕਾਰੀ ਮੰਡੀਆਂ ਨੂੰ ਖਤਮ ਕਰਨਾ ਚਾਹੁੰਦੀਆਂ ਹਨ, ਜਿਸ ਨਾਲ ਕਿਸਾਨ, ਮਜ਼ਦੂਰ, ਆੜ੍ਹਤੀਏ, ਮੰਡੀ ਬੋਰਡ ਦੇ ਅਧਿਕਾਰੀਆਂ ਸਭ ਦੀ ਹੋਂਦ ਖਤਮ ਹੋ ਜਾਵੇਗੀ। ਆੜ੍ਹਤੀਏ ਯੂਨੀਅਨ ਦੇ ਪ੍ਰਧਾਨ ਕਪਤਾਨ ਛਾਬੜਾ ਤੇ ਮਾਰਕੀਟ ਕਮੇਟੀ ਦੇ ਸੈਕਟਰੀ ਨੇ ਭਰੋਸਾ ਦਿਵਾਇਆ ਕਿ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਤੁਰੰਤ ਹੱਲ ਕੀਤਾ ਜਾਵੇਗਾ ਤੇ ਭਵਿੱਖ ਦੇ ਵਿੱਚ ਮੰਡੀਆਂ ਨੂੰ ਬਿਹਤਰ ਬਣਾਉਣ ਲਈ ਹਰ ਤਰ੍ਹਾਂ ਦੇ ਸੰਭਵ ਯਤਨ ਕੀਤੇ ਜਾਣਗੇ।

## ਸਰਵਹਿੱਤਕਾਰੀ ਸਕੂਲ ਦਾ ਨਤੀਜਾ 100 ਫੀਸਦੀ ਰਿਹਾ



**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 10ਵੀਂ ਕਲਾਸ ਦੇ ਨਤੀਜੇ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮਖੂ ਦਾ ਨਤੀਜਾ 100 ਫੀਸਦੀ ਰਿਹਾ।ਸਕੂਲ ਦੇ ਵਿਦਿਆਰਥੀ ਪ੍ਰੀਤਪਾਲ ਸਪੁੱਤਰ ਸੁਖਵਿੰਦਰ ਸਿੰਘ ਨੇ 650 ਵਿੱਚੋਂ 575 ਅੰਕ ਪ੍ਰਾਪਤ ਕਰਕੇ ਪਹਿਲਾ, ਸਤਨਾਮ ਸਿੰਘ ਸਪੁੱਤਰ ਸੁਰਜੀਤ ਸਿੰਘ ਨੇ 534 ਅੰਕ ਪ੍ਰਾਪਤ ਕਰਕੇ ਦੂਜਾ ਤੇ ਹੇਮੰਤ ਬਜਾਜ ਸਪੁੱਤਰ ਮਨੋਜ ਕੁਮਾਰ ਨੇ 521 ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮਖੂ ਦੇ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਚੰਗੇ ਅੰਕ ਪ੍ਰਾਪਤ ਕਰਨ ਲਈ ਵਧਾਈਆਂ ਦਿੱਤੀਆਂ ਤੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੂੰਹ ਮਿੱਠਾ ਕਰਵਾ ਕੇ ਸਨਮਾਨਤ ਕੀਤਾ ਗਿਆ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਸਟੀਫਨ ਸਕੂਲ 'ਚ ਕਰਵਾਏ ਭਾਸ਼ਣ ਮੁਕਾਬਲੇ




**ਸੁਨਾਮ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਵੱਲੋਂ ਸੀਨੀਅਰ ਕਾਰਜਕਾਰੀ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਇੱਕ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ 'ਚ 13 ਵਿਦਿਆਰਥੀਆਂ ਨੇ ਭਾਰਤੀ ਸਿਵਲ ਸੇਵਾਵਾਂ ਦਿਵਸ ਨਾਲ ਸਬੰਧਤ ਵੱਖ-ਵੱਖ ਪਹਿਲੂਆਂ 'ਤੇ ਅੰਗਰੇਜ਼ੀ ਵਿੱਚ ਭਾਸ਼ਣ ਦਿੱਤੇ।ਮੁਕਾਬਲੇ ਦਾ ਨਿਰਣਾ ਮਾਣਯੋਗ ਜੱਜਾਂ, ਸ਼੍ਰੀਮਤੀ ਮੇਘਾ ਤੇ ਸ਼੍ਰੀ ਖੁਸ਼ਪ੍ਰੀਤ ਸਿੰਘ ਦੁਆਰਾ ਕੀਤਾ ਗਿਆ, ਜਿਸ ਵਿੱਚ ਅਰਸ਼ਪ੍ਰੀਤ ਕੌਰ ਨੇ ਪਹਿਲਾ, ਮਹਿਕਪ੍ਰੀਤ ਕੌਰ ਨੇ ਦੂਜਾ ਤੇ ਪਲਕ ਨੇ ਤੀਜਾ ਸਥਾਨ ਹਾਸਲ ਕੀਤਾ।ਸ਼੍ਰੀਮਤੀ ਪੂਨਮ ਮੋਦੀ ਸਮੇਤ ਸਕੂਲ ਦੇ ਹੋਰ ਅਧਿਕਾਰੀਆਂ ਨੇ ਜੇਤੂਆਂ ਤੇ ਭਾਗੀਦਾਰਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਪ੍ਰਸ਼ੰਸਾ ਕਰਨ ਦਾ ਮੌਕਾ ਲਿਆ।ਉਨ੍ਹਾਂ ਦੇ ਹੌਸਲਾ ਅਫਜ਼ਾਈ ਦੇ ਸ਼ਬਦਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਮਾਣ ਦੀ ਭਾਵਨਾ ਪੈਦਾ ਕੀਤੀ। ਇਸ ਤੋਂ ਇਲਾਵਾ ਸਕੂਲ ਦੇ ਚੇਅਰਮੈਨ ਸ਼੍ਰੀ ਦੀਪਕ ਗੁਪਤਾ ਤੇ ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਮੋਨਿਕਾ ਸ਼ਰਮਾ ਨੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਹਾਰਦਿਕ ਵਧਾਈ ਦਿੱਤੀ।ਉਨ੍ਹਾਂ ਨੇ ਅਜਿਹੇ ਮੁਕਾਬਲਿਆਂ ਵਿੱਚ ਸਰਗਰਮ ਭਾਗੀਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਵਿਦਿਆਰਥੀਆਂ ਦੇ ਸੰਚਾਰ ਹੁਨਰ ਤੇ ਆਤਮ ਵਿਸ਼ਵਾਸ ਨੂੰ ਪਾਲਣ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ।ਉਨ੍ਹਾ ਕਿਹਾ ਕਿ ਸਟੀਫਨ ਇੰਟਰਨੈਸ਼ਨਲ ਸਕੂਲ ਆਪਣੇ ਵਿਦਿਆਰਥੀਆਂ ਦੇ ਪਾਲਣ ਪੋਸ਼ਣ ਤੇ ਸ਼ਕਤੀਕਰਨ ਲਈ ਸਮਰਪਤ ਰਹਿੰਦਾ ਹੈ, ਇਹ ਸੁਨਿਸ਼ਚਤ ਕਰਦੇ ਹੋਏ ਕਿ ਉਹ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਵਿਅਕਤੀ ਵਜੋਂ ਉੱਭਰਦੇ ਹਨ।

## ਕਾਂਗਰਸ ਦੀਆਂ 5 ਗਰੰਟੀਆਂ ਨੂੰ ਘਰ-ਘਰ ਪਹੁੰਚਾਵਾਂਗੇ : ਵਿਸ਼ਾਲ ਭਾਰਤੀ

**ਸਮਰਾਲਾ (ਸੁਰਜੀਤ ਸਿੰਘ)**-ਲੋਕ ਸਭਾ ਹਲਕਾ ਦੇ ਮੀਡਿਆ ਕੋਆਰਡੀਨੇਟਰ ਤੇ ਯੂਥ ਕਾਂਗਰਸ ਸਮਰਾਲਾ ਸ਼ਹਿਰੀ ਦੇ ਪ੍ਰਧਾਨ ਵਿਸ਼ਾਲ ਭਾਰਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕ ਰਾਹੁਲ ਗਾਂਧੀ ਵੱਲੋਂ ਦੇਸ਼ ਦੇ ਨੌਜਵਾਨਾਂ ਦੇ ਹੱਕ ਵਿੱਚ 5 ਗਰੰਟੀਆਂ ਦਿੱਤੀਆਂ ਹਨ, ਜੋ ਕਾਂਗਰਸ ਦੀ ਸਰਕਾਰ ਆਉਣ 'ਤੇ ਤਤਕਾਲ ਲਾਗੂ ਕੀਤੀਆਂ ਜਾਣਗੀਆਂ, ਜਿਸ ਵਿੱਚ ਦੇਸ਼ ਦੇ ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪਈਆਂ 30 ਲੱਖ ਅਸਾਮੀਆਂ ਨੂੰ ਭਰਿਆ ਜਾਵੇਗਾ, ਡਿਗਰੀ ਹੋਲਡਰ ਬੇਰੋਜ਼ਗਾਰ ਨੌਜਵਾਨ ਨੂੰ ਸਾਲਾਨਾ 1 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ, ਪੇਪਰ ਲੀਕ ਦੀ ਸਮੱਸਿਆ ਨੂੰ ਖਤਮ ਕਰਨ ਲਈ ਸਖਤ ਕਨੂੰਨ ਬਣਾਇਆ ਜਾਵੇਗਾ, ਪ੍ਰਾਈਵੇਟ ਸੈਕਟਰ ਵਿੱਚ ਨੌਕਰੀ ਕਰਨ ਵਾਲੇ ਨੌਜਵਾਨਾਂ ਦਾ ਬੀਮਾ ਕੀਤਾ ਜਾਵੇਗਾ, ਦੇਸ਼ ਦੇ ਹਰ ਜ਼ਿਲ੍ਹੇ ਨੂੰ 5000 ਕਰੋੜ ਦਾ ਫੰਡ ਦਿੱਤਾ ਜਾਵੇਗਾ, ਜਿਸ ਵਿੱਚ 40 ਸਾਲ ਤੱਕ ਦੇ ਵਿਅਕਤੀ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ 20 ਲੱਖ ਰੁਪਏ ਤੱਕ ਦੀ ਸਹਾਇਤਾ ਦਿੱਤੀ ਜਾਵੇਗੀ। ਭਾਰਤੀ ਨੇ ਦੱਸਿਆ ਕਿ ਅਸੀਂ ਇਨ੍ਹਾਂ ਗਰੰਟੀਆਂ ਨੂੰ ਘਰ ਘਰ ਤੱਕ ਪਹੁੰਚਾਵਾਂਗੇ ਤੇ ਦੇਸ਼ ਦੇ ਹਰ ਕੋਨੇ ਵਿੱਚ ਬੈਠੇ ਹਰ ਨੌਜਵਾਨ ਨੂੰ ਇਨ੍ਹਾਂ ਬਾਰੇ ਜਾਗਰੂਕ ਕਰਾਂਗੇ।ਮੀਟਿੰਗ ਵਿੱਚ ਹਾਜ਼ਰ ਯੂਥ ਕਾਂਗਰਸ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਬਿੰਦੂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਪ੍ਰਧਾਨ ਅਮਿਤ ਸ਼ਰਮਾ, ਲੁਧਿਆਣਾ ਦੇਹਾਤੀ ਜ਼ਿਲ੍ਹਾ ਪ੍ਰਧਾਨ ਅਰਮਿੰਦਰ ਸੰਧੂ, ਹਲਕਾ ਖੰਨਾ ਪ੍ਰਧਾਨ ਵਿਪਲੇਸ਼ ਘਈ ਹਲਕਾ ਸਮਰਾਲਾ ਪ੍ਰਧਾਨ ਪਰਮਿੰਦਰ ਗੋਲਡੀ, ਹਲਕਾ ਪਾਇਲ ਗੁਰਨਾਜ਼, ਹਲਕਾ ਬਸੀ ਪਠਾਣਾ ਅਮਰਜੀਤ ਭੰਗੂ, ਅਮਲੋਹ ਪ੍ਰਧਾਨ ਲਵਪ੍ਰੀਤ, ਰਾਏਕੋਟ ਪ੍ਰਧਾਨ ਪ੍ਰਦੀਪ ਸਿੰਘ, ਅਮਰਗੜ੍ਹ ਪ੍ਰਧਾਨ ਰੂਬਲ, ਸਾਹਨੇਵਾਲ ਪ੍ਰਧਾਨ ਹਰਵੀਰ ਸਿੰਘ, ਫਤਹਿਗੜ੍ਹ ਸਾਹਿਬ ਪ੍ਰਧਾਨ ਮਨਦੀਪ ਸਿੰਘ, ਮਾਛੀਵਾੜਾ ਸ਼ਹਿਰੀ ਪ੍ਰਧਾਨ ਅੰਮ੍ਰਿਤਪਾਲ, ਦੇਹਾਤੀ ਪ੍ਰਧਾਨ ਜਸਪ੍ਰੀਤ ਸਿੰਘ, ਜਨਰਲ ਸੈਕਟਰੀ ਰਵੀ ਸ਼ੰਕਰ ਆਦਿ ਸ਼ਾਮਲ ਸਨ।

# ਨਾਨ-ਗਜ਼ਟਿਡ ਫਾਰੈਸਟ ਆਫ਼ੀਸਰਜ਼ ਯੂਨੀਅਨ ਦੀ ਮੀਟਿੰਗ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਵਣ ਮੰਡਲ ਪਟਿਆਲਾ (ਟੈਰੀਟੋਰੀਅਲ) ਵਣ ਮੰਡਲ ਵਿਸਥਾਰ ਤੇ ਵਣ ਮੰਡਲ ਜੰਗਲੀ ਜੀਵ ਦੇ ਅਹੁਦੇਦਾਰ ਤੇ ਮੈਂਬਰ ਸਾਹਿਬਾਨਾਂ ਦੀ ਮੀਟਿੰਗ ਪ੍ਰਭਾਤ ਪਰਵਾਨਾ ਮੈਮੋਰੀਅਲ ਟਰੇਡ ਯੂਨੀਅਨ ਸੈਂਟਰ ਬਾਰਾਂਦਰੀ ਬਾਗ ਪਟਿਆਲਾ ਵਿਖੇ ਹੋਈ।ਮੀਟਿੰਗ ਵਿੱਚ ਸਾਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਮੀਟਿੰਗ ਵਿੱਚ ਵਣ ਕਾਰਜਕਾਰੀ ਫ਼ੀਲਡ ਅਮਲੇ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਹੋਈ।ਵਰਦੀਆਂ ਦੇ ਮੁੱਦੇ ਬਾਰੇ ਸਾਥੀਆਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।ਸਵਰਨ ਸਿੰਘ ਰੇਂਜ ਅਫ਼ਸਰ ਪਟਿਆਲਾ, ਅਮਨਦੀਪ ਸਿੰਘ ਰੇਂਜ ਅਫਸਰ ਭਾਦਸੋਂ, ਮਨਦੀਪ ਸਿੰਘ ਢਿੱਲੋਂ ਰੇਂਜ ਅਫ਼ਸਰ ਨਾਭਾ ਤੇ ਸਮਾਣਾ, ਗੁਰਿੰਦਰ ਸਿੰਘ ਰੇਂਜ ਅਫ਼ਸਰ ਰਾਜਪੁਰਾ ਨੇ ਵੀ ਆਪਣੀ ਹਾਜ਼ਰੀ ਲਗਵਾਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਿੰਦਰ ਸਹੋਤਾ ਨੇ ਸਾਥੀਆਂ ਵੱਲੋਂ ਉਠਾਏ ਮਸਲਿਆਂ ਤੇ ਮੁਸ਼ਕਲਾਂ ਸੰਬੰਧੀ ਆਪਣੇ ਵਿਚਾਰ ਦਿੱਤੇ ਤੇ ਵਰਦੀ ਦੇ ਸੰਬੰਧੀ ਲਗਾਏ ਕੋਰਟ ਕੇਸ ਬਾਰੇ ਅਤੇ ਇਸ ਮੁੱਦੇ ਸੰਬੰਧੀ ਆਪਣਾ ਸਟੈਂਡ ਸਪੱਸ਼ਟ ਕੀਤਾ।ਹਾਜ਼ਰ ਸਾਥੀਆਂ ਨੇ ਵਣ ਮੰਡਲ ਪਟਿਆਲਾ ਦੀ ਏਕਤਾ ਤੇ ਬਿਹਤਰੀ ਲਈ ਵਿਸ਼ਵਾਸ ਪ੍ਰਗਟ ਕੀਤਾ ਤੇ ਅਹਿਦ ਲਿਆ।

ਮੀਟਿੰਗ ਵਿੱਚ ਰਾਕੇਸ਼ ਕੁਮਾਰ ਝਾਂਜੀ ਮੰਡਲ ਮੀਤ ਪ੍ਰਧਾਨ, ਨਰਪਿੰਦਰ ਨੌਹਰਾ ਮੰਡਲ ਪ੍ਰੈੱਸ ਸਕੱਤਰ, ਪਰਗਟ ਨਾਭਾ ਮੰਡਲ ਖਜ਼ਾਨਚੀ, ਬੰਟੀ ਨਾਭਾ, ਅੰਤਰਪ੍ਰੀਤ ਸਿੰਘ ਨਾਭਾ, ਵਿਕਰਮਜੀਤ ਸਿੰਘ ਪਟਿਆਲਾ, ਅਮਨਦੀਪ ਸਿੰਘ, ਰਾਜ ਕੁਮਾਰ ਬੀ ਓ, ਦਰਸ਼ਨ ਸਿੰਘ ਨਾਭਾ, ਸਤਪਾਲ ਸਿੰਘ ਸਮਾਣਾ, ਬਲਵਿੰਦਰ ਸਿੰਘ ਬਖਸ਼ੀ, ਅਵਤਾਰ ਸਿੰਘ ਨਾਭਾ, ਸੰਦੀਪ ਕੌਰ, ਅੰਮ੍ਰਿਤਪਾਲ ਸਿੰਘ, ਬਲਿਹਾਰ ਸਿੰਘ ਬੀ ਓ ਵਿਸਥਾਰ ਮੰਡਲ, ਜਸਪ੍ਰੀਤ ਸੇਖੋਂ ਵਿਸਥਾਰ ਮੰਡਲ, ਜਗਰੂਪ ਸਿੰਘ ਸਰਹਿੰਦ ਰੇਂਜ, ਸਤਵੀਰ ਸਿੰਘ ਭਾਦਸੋਂ ਰੇਂਜ, ਜਸਪ੍ਰੀਤ ਸਿੰਘ ਰਾਜਪੁਰਾ ਰੇਂਜ ਆਦਿ ਹਾਜ਼ਰ ਸਨ।

## ਸ਼ਿਵਾਲਿਕ ਸਕੂਲ ਦਾ 10ਵੀਂ ਜਮਾਤ ਦਾ ਨਤੀਜਾ ਸ਼ਾਨਦਾਰ



**ਜਲਾਲਾਬਾਦ (ਜੀਤ ਕੁਮਾਰ)**-ਬਾਹਮਣੀ ਵਾਲਾ ਰੋਡ 'ਤੇ ਸਥਿਤ ਸ਼ਿਵਾਲਿਕ ਸੀਨੀਅਰ ਸੈਕੰਡਰੀ ਸਕੂਲ ਦਾ 10ਵੀਂ ਜਮਾਤ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ 100 ਫੀਸਦੀ ਰਿਹਾ। ਇਸ 10ਵੀਂ ਜਮਾਤ ਦੇ ਪ੍ਰੀਖਿਆ ਨਤੀਜੇ ਵਿੱਚ ਜੈਸਮੀਨ ਪੁੱਤਰੀ ਸੁਰਿੰਦਰ ਸਿੰਘ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ, ਨਵਦੀਪ ਕੌਰ ਪੁੱਤਰੀ ਮਨਜੀਤ ਸਿੰਘ ਨੇ 89 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ, ਖੁਸ਼ੀ ਆਹੂਜਾ ਪੁੱਤਰੀ ਰਾਜਿੰਦਰ ਕੁਮਾਰ ਨੇ 87 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਪਰਮਜੀਤ ਕੌਰ ਬੇਟੀ ਗੁਰਦੇਵ ਸਿੰਘ ਨੇ 84 ਫੀਸਦੀ ਅੰਕ ਪ੍ਰਾਪਤ ਕਰਕੇ ਚੌਥਾ ਸਥਾਨ, ਵਿਰਾਟ ਪੁੱਤਰ ਚੰਦਰ ਕੁਮਾਰ, ਅਨਮੋਲਦੀਪ ਕੌਰ ਪੁੱਤਰੀ ਪਰਮਜੀਤ ਸਿੰਘ ਨੇ 83 ਫੀਸਦੀ ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ ਹਾਸਲ ਕੀਤਾ। 10ਵੀਂ ਜਮਾਤ ਦੇ ਨਤੀਜਿਆਂ ਨੂੰ ਲੈ ਕੇ ਬੱਚਿਆਂ ਤੇ ਮਾਪਿਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਸ਼੍ਰੀਮਤੀ ਕੁਲਦੀਪ ਕੌਰ ਨੇ ਬੱਚਿਆਂ ਨੂੰ ਵਧਾਈ ਦਿੱਤੀ, ਜਿਸ ਨੇ ਬਹੁਤ ਮਿਹਨਤ ਕੀਤੀ ਤੇ ਚੰਗੇ ਅੰਕ ਪ੍ਰਾਪਤ ਕੀਤੇ। ਮੁੱਖ ਅਧਿਆਪਕਾ ਨੇ ਬੱਚਿਆ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਸ਼ਿਵਾਲਿਕ ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਸੰਜੀਵ ਕੁਮਾਰ ਦਹੂਜਾ ਨੇ ਬੱਚਿਆਂ ਤੇ ਅਧਿਆਪਕਾਂ ਨੂੰ ਵਧਾਈ ਸੰਦੇਸ਼ ਭੇਜਿਆ।

# ਯਾਦਵਿੰਦਰਾ ਸਾਇੰਸਜ਼ ਵਿਭਾਗ ਵੱਲੋਂ ਭਾਸ਼ਣ, ਪੋਸਟਰ ਤੇ ਰੰਗੋਲੀ ਮੁਕਾਬਲੇ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਯਾਦਵਿੰਦਰਾ ਸਾਇੰਸਜ਼ ਵਿਭਾਗ ਵੱਲੋਂ 18 ਅਪ੍ਰੈਲ 2024 ਨੂੰ ਵਿਦਿਆਰਥੀਆਂ ਦੀ ਬਹੁਮੁਖੀ ਪ੍ਰਤਿਭਾ ਨੂੰ ਨਿਖਾਰਨ ਦੇ ਮੰਤਵ ਨਾਲ ਚਾਰ ਪ੍ਰਤਿਯੋਗਤਾਵਾਂ ਉੱਘੇ ਸਾਇੰਸਦਾਨਾਂ 'ਤੇ ਭਾਸ਼ਣ ਮੁਕਾਬਲੇ, ਕੁਦਰਤ-ਇੱਕ-ਵਰਦਾਨ ਵਿਸ਼ੇ 'ਤੇ ਪੋਸਟਰ ਮੁਕਾਬਲੇ, ਕਿਤਾਬ ਸਮੀਖਿਆ ਤੇ ਰੰਗੋਲੀ ਮੁਲਾਬਲੇ ਕਰਵਾਏ ਗਏ।

ਇਹ ਪ੍ਰਤਿਯੋਗਤਾਵਾਂ ਡਾ. ਸੰਜੀਵ ਮਹਿਤਾ, ਡਾ. ਬਲਜਿੰਦਰ ਕੌਰ ਤੇ ਮੈਡਮ ਭਾਵਨਾ ਸੁਨਕਾਰੀਆ ਦੀ ਦੇਖ-ਰੇਖ ਅਧੀਨ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਕਿਰਿਆਵਾਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਅਕਾਦਮਿਕ ਸਿੱਖਿਆ ਦੇ ਨਾਲ ਸ਼ਖਸੀਅਤ-ਵਿਕਾਸ ਕਰਨਾ ਹੈ, ਜਿਸ ਨਾਲ ਉਹ ਇੱਕ ਚੰਗੇ ਨਾਗਰਿਕ ਸਾਬਿਤ ਹੋ ਸਕਣ। ਪੁਸਤਕ ਸਮੀਖਿਆ ਵਿੱਚ ਸਾਇੰਸ ਦੇ ਵਿਦਿਆਰਥੀਆਂ ਨੇ ਸਾਹਿਤ ਦੀ ਸੂਹਜ ਪ੍ਰਗਟਾਵਾ ਕਰਦਿਆਂ 'ਜ਼ਿੰਦਗੀ ਦੇ ਆਸ਼ਕ, ਲੂਣਾ, ਪਵਿੱਤਰ ਪਾਪੀ, ਅੰਧਵਿਸ਼ਵਾਸ ਦਾ ਸ਼ੁਦਾਅ, ਪਹਿਲਾ ਅਧਿਆਪਕ ਕਿਤਾਬਾਂ ਦੀ ਸਮੀਖਿਆ ਕਰਦਿਆਂ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਇਸ ਤੋਂ ਇਲਾਵਾ ਭਾਸ਼ਣ ਪ੍ਰਤੀਯੋਗੀਆਂ ਨੇ ਡਾ. ਏ.ਪੀ.ਜੇ. ਕਲਾਮ, ਡਾ. ਹਰਗੋਬਿੰਦ ਖੁਰਾਣਾ, ਡਾ. ਰਿਤੂ ਕਰੀਧਲ, ਸਟੀਫਨ ਹੌਕਿਨਜ਼, ਨਿਕੋਲਾ ਟੈਸਲਾ ਵਰਗੇ ਉੱਘੇ ਵਿਗਿਆਨੀਆਂ 'ਤੇ ਵਿਚਾਰ ਚਰਚਾ ਕਰਦਿਆਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਜ਼ਿੰਦਗੀ 'ਚ ਉੱਚੇ ਕੀਰਤੀਮਾਨ ਸਥਾਪਤ ਕਰਨ ਲਈ ਵਿਅਕਤੀ ਵਿੱਚ ਸਿਰਫ ਜਜ਼ਬਾ ਹੋਣਾ ਚਾਹੀਦਾ ਹੈ ਤੇ ਕਿਸੇ ਵੀ ਤਰ੍ਹਾਂ ਦੇ ਵਸੀਲਿਆਂ ਦੀ ਘਾਟ ਜਾਂ ਸਰੀਰਕ ਅਪਾਹਜਪੁਣਾ ਤਰੱਕੀ ਦੇ ਰਾਹ ਵਿੱਚ ਰੁਕਾਵਟ ਨਹੀਂ ਬਣ ਸਕਦੀ। ਅਖੀਰ ਵਿੱਚ ਵਿਭਾਗ ਮੁਖੀ ਡਾ. ਅੰਜੂ ਸੈਣੀ ਨੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ। ਕੈਂਪਸ ਡਾਇਰੈਕਟਰ ਪ੍ਰੋਫੈਸਰ ਕਮਲਜੀਤ ਸਿੰਘ ਨੇ ਇਸ ਪ੍ਰਤੀਯੋਗਤਾ ਦੇ ਆਯੋਜਨ 'ਤੇ ਵਿਭਾਗ ਦੀ ਸ਼ਲਾਘਾ ਕੀਤੀ।

# ਸਵਾਮੀ ਵਿਵੇਕਾਨੰਦ ਗਰੁੱਪ ਆਫ਼ ਇੰਸਟੀਚਿਊਟਸ ਬਨੂੜ ਵੱਲੋਂ 14ਵਾਂ ਡਿਗਰੀ ਵੰਡ ਸਮਾਰੋਹ



**ਰਾਜਪੁਰਾ (ਰਮੇਸ਼ ਕਟਾਰੀਆ)**

ਸਵਾਮੀ ਵਿਵੇਕਾਨੰਦ ਗਰੁੱਪ ਆਫ਼ ਇੰਸਟੀਚਿਊਟਸ ਬਨੂੜ ਨੇ ਆਪਣਾ 14ਵਾਂ ਡਿਗਰੀ ਵੰਡ ਸਮਾਰੋਹ ਮਨਾਇਆ, ਜਿਸ 'ਚ ਕਨਵੋਕੇਸ਼ਨ ਦੇ ਮੁੱਖ ਮਹਿਮਾਨ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਡਾ. ਬਲਬੀਰ ਸਿੰਘ, ਵਿਸ਼ੇਸ਼ ਮਹਿਮਾਨ ਡਾ. ਸੁਮਿਤ ਗੋਇਲ, ਡਾਇਰੈਕਟਰ ਇਨਫੋਸਿਸ ਲਿ. ਤੇ ਮਿਸ. ਉਰਮੀ ਮਹਿਤਾ ਐਸੋਸੀਏਟ ਡਾਇਰੈਕਟਰ, ਆਈ.ਐੱਸ.ਬੀ., ਮੋਹਾਲੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੁੱਖ ਮਹਿਮਾਨਾਂ ਦਾ ਸਵਾਗਤ ਕਰਦੇ ਸਵਾਮੀ ਵਿਵੇਕਾਨੰਦ ਗਰੁੱਪ ਦੇ ਚੇਅਰਮੈਨ ਅਸ਼ਵਨੀ ਗਰਗ, ਪ੍ਰੈਜ਼ੀਡੈਂਟ ਅਸ਼ੋਕ ਗਰਗ ਨੇ ਉਨ੍ਹਾਂ ਨੂੰ ਗੁਲਦਸਤਾ ਤੇ ਸਨਮਾਨਤ ਚਿੰਨ੍ਹ ਭੇਟ ਕੀਤਾ।ਇਸ ਤੋਂ ਬਾਅਦ ਸਾਰਿਆਂ ਨੇ ਦੀਪ ਜਲਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।ਮੁੱਖ ਮਹਿਮਾਨ ਵੱਲੋਂ ਗ੍ਰੈਜੂਏਟਾਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।ਇਸ ਕਨਵੋਕੇਸ਼ਨ ਵਿੱਚ ਕੁੱਲ 400 ਦੇ ਕਰੀਬ ਡਿਗਰੀਆਂ ਦਿੱਤੀਆਂ ਗਈਆਂ, ਜਿਸ ਵਿੱਚ ਬੀ. ਐੱਡ ਦੇ 100, ਐੱਮ. ਐੱਡ ਦੇ 30, ਬੀ.ਬੀ.ਏ. ਦੇ 25, ਐੱਮ.ਐੱਸ.ਸੀ. ਦੇ 15, ਐੱਮ.ਸੀ.ਏ. ਦੇ 15, ਬੀ.ਐੱਸ.ਸੀ. ਦੇ 30, ਬੀ. ਫਾਰਮਾਂ ਦੇ 30, ਬੀ.ਸੀ.ਏ. ਦੇ 15, ਐੱਮ.ਬੀ.ਏ. ਦੇ 20, ਐੱਮ. ਟੈਕ ਦੇ 10, ਹੋਟਲ ਮੈਨੇਜਮੈਂਟ ਦੇ 15, ਬੀ. ਟੈਕ ਦੀਆਂ 95 ਡਿਗਰੀਆਂ ਵੰਡੀਆਂ ਗਈਆਂ। ਯੂਨੀਵਰਸਿਟੀ ਵਿੱਚ ਮੈਰਿਟ ਸੂਚੀ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਗ੍ਰੈਜੂਏਟ ਹੋਏ ਵਿਦਿਆਰਥੀਆਂ ਨੇ ਆਪਣੇ ਤਜਰਬੇ ਸਾਂਝੇ ਕੀਤੇ ਤੇ ਭਾਵੁਕ ਵੀ ਹੋਏ।ਮੁੱਖ ਮਹਿਮਾਨ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਾਡਾ ਟੀਚਾ ਚੰਗੇ ਇਨਸਾਨ, ਜੋ ਸਿਹਤ, ਸਿੱਖਿਆ ਤੇ ਰੁਜ਼ਗਾਰ ਨੂੰ ਅੱਗੇ ਲੈ ਕੇ ਆਉਣਾ ਹੋਣਾ ਚਾਹੀਦਾ ਹੈ ਤੇ ਉਹ ਤੁਹਾਡੇ ਵਰਗੇ ਵਿਦਿਆਰਥੀਆਂ ਵਿੱਚੋਂ ਵੀ ਹੋ ਸਕਦੇ ਨੇ, ਜੋ ਚੋਣ ਕਰਨ ਦੇ ਸਮਰੱਥ ਹੁੰਦੇ ਨੇ। ਉਨ੍ਹਾ ਕਿਹਾ ਕਿ ਮੈਂ ਬਹੁਤ ਮਾਣ ਮਹਿਸੂਸ ਕਰਦਾ ਹਾਂ ਕਿ ਮੈਂ ਉਸ ਸੰਸਥਾ 'ਚ ਆਇਆ ਹਾਂ, ਜਿਸ ਵਿੱਚੋਂ ਮੌਜੂਦਾ ਸਰਕਾਰ ਵਿੱਚ ਚਾਰ ਵਿਧਾਇਕ ਹਨ। ਚੇਅਰਮੈਨ ਅਸ਼ਵਨੀ ਗਰਗ ਨੇ ਪੁਰਾਣੇ ਪਾਸ ਹੋਏ ਵਿਦਿਆਰਥੀ ਬਾਰੇ ਗੱਲ ਕੀਤੀ, ਜਿਸ ਵਿੱਚ ਮੌਜੂਦਾ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੇ ਹੋਰ ਸਨ ਕਿ ਕਿਵੇਂ ਉਹ ਸ਼ਹੀਦ ਭਗਤ ਸਿੰਘ ਦੀ ਸੋਚ ਤੋਂ ਕਾਲਜ ਸਮੇਂ ਤੋਂ ਹੀ ਪ੍ਰਭਾਵਿਤ ਸਨ।ਮਹਿਮਾਨ ਡਾ. ਸੁਮਿਤ ਗੋਇਲ, ਡਾਇਰੈਕਟਰ ਇਨਫੋਸਿਸ ਲਿਮ. ਨੇ ਸਾਰਿਆਂ ਨੂੰ ਸ਼ੁੱਭ ਇਸ਼ਾਵਾਂ ਦਿੱਤੀਆਂ।ਮਹਿਮਾਨ ਮਿਸ. ਉਰਮੀ ਮਹਿਤਾ ਐਸੋਸੀਏਟ ਡਾਇਰੈਕਟਰ, ਆਈ.ਐੱਸ.ਬੀ. ਮੋਹਾਲੀ ਨੇ ਡਿਗਰੀ ਮਿਲਣ ਤੋਂ ਬਾਅਦ ਸਮਾਜ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਨਾਲ ਲੜਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਮੈਨੇਜਮੈਂਟ ਵੱਲੋਂ ਵਿਸ਼ਾਲ ਗਰਗ ਡਾਇਰੈਕਟਰ ਸੈਕਟੇਰੀਅਲ, ਸਾਹਿਲ ਗਰਗ ਡਾਇਰੈਕਟਰ ਅਕਾਦਮਿਕ, ਸ਼ੁਭਮ ਗਰਗ ਡਾਇਰੈਕਟਰ ਪਲੇਸਮੈਂਟ, ਪ੍ਰਤੀਕ ਗਰਗ ਪ੍ਰਿੰਸੀਪਲ ਤੋਂ ਇਲਾਵਾ ਸਟਾਫ ਤੇ ਬੱਚੇ ਹਾਜ਼ਰ ਸਨ।ਪ੍ਰੈਜ਼ੀਡੈਂਟ ਅਸ਼ੋਕ ਗਰਗ ਨੇ ਸਾਰਿਆਂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਖਾਸ ਤੌਰ 'ਤੇ ਆਏ ਹੋਏ ਵਿਦਿਆਰਥੀਆਂ ਦੇ ਮਾਪਿਆਂ ਦਾ ਧੰਨਵਾਦ ਕੀਤਾ।ਪ੍ਰੋਗਰਾਮ ਕੋਆਰਡੀਨੇਟਰ ਮੈਡਮ ਨਵਦੀਸ਼ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ।ਅੰਤ ਵਿੱਚ ਰਾਸ਼ਟਰੀ ਗੀਤ ਨਾਲ 2024 ਦੀ ਕਨਵੋਕੇਸ਼ਨ ਦੀ ਸਮਾਪਤੀ ਹੋਈ।

## ਕੋਆਪ੍ਰੇਟਿਵ ਰਿਟਾਈਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਜ਼ਿਲ੍ਹਾ ਕੋਆਪ੍ਰੇਟਿਵ ਰਿਟਾਈਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਦਿ ਮੁਕਤਸਰ ਕੇਂਦਰੀ ਸਹਿਕਾਰੀ ਬੈਂਕ ਲਿਮ. ਦੇ ਮੁੱਖ ਦਫ਼ਤਰ ਕੋਟਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਸੰਸਥਾ ਦੇ ਚੇਅਰਮੈਨ ਸੰਤੋਖ ਸਿੰਘ ਭੰਡਾਰੀ ਸੰਯੁਕਤ ਰਜਿਸਟਰਾਰ (ਰਿਟਾ.) ਸਹਿਕਾਰਤਾ ਵਿਭਾਗ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਸਟੇਜ ਸਕੱਤਰ ਵਜੋਂ ਅਜੀਤ ਸਿੰਘ ਬਰਾੜ ਵੱਲੋਂ ਸੇਵਾ ਨਿਭਾਈ ਗਈ।ਮੀਟਿੰਗ ਦੀ ਸ਼ੁਰੂਆਤ ਮਲੂਕ ਸਿੰਘ ਰਿਟਾ. ਨਿਰੀਖਕ ਵੱਲੋਂ ਇਕ ਬਹੁਤ ਸਿੱਖਿਆਦਾਇਕ ਧਾਰਮਿਕ ਗੀਤ ਗਾ ਕੇ ਕੀਤੀ ਗਈ।ਇਸ ਤੋਂ ਉਪਰੰਤ ਚੌਧਰੀ ਬਲਵੀਰ ਸਿੰਘ ਵੱਲੋਂ ਮੁਲਾਜ਼ਮਾਂ ਦੇ ਬਕਾਇਆ ਤੇ ਇਸ ਸਬੰਧੀ ਮਾਨਯੋਗ ਅਦਾਲਤ ਵਿੱਚ ਚੱਲ ਰਹੀ ਕਾਰਵਾਈ ਬਾਰੇ ਸਾਰਿਆਂ ਨੂੰ ਜਾਣੂ ਕਰਵਾਇਆ।ਮੀਟਿੰਗ ਦੌਰਾਨ ਸਾਰੇ ਮੈਂਬਰਾਂ ਵੱਲੋਂ ਮੁਲਾਜ਼ਮਾਂ ਦੇ ਬਣਦੇ ਹੱਕ ਦੇਣ ਸਬੰਧੀ ਸਰਕਾਰ ਪਾਸੋਂ ਮੰਗ ਵੀ ਕੀਤੀ ਗਈ।ਗੁਰਜੰਟ ਸਿੰਘ ਸਕੱਤਰ ਸਭਾ ਵੱਲੋਂ ਵਿਚਾਰ ਕਰਕੇ ਹੋਏ ਮੌਜੂਦਾ ਚੋਣਾਂ ਦੇ ਦੌਰ ਦੌਰਾਨ ਲੋਕਾਂ ਨੂੰ ਆਪਣੇ ਵੋਟ ਦੀ ਸਹੀ ਵਰਤੋਂ ਕਰਨ ਦੀ ਅਪੀਲ ਵੀ ਕੀਤੀ ਗਈ।ਇਸ ਤੋਂ ਇਲਾਵਾ ਮੌਜੂਦਾ ਸਮੇਂ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੇ ਵਿਦੇਸ਼ਾਂ ਵਿੱਚ ਜਾਣ 'ਤੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਤੇ ਇਸ ਰੁਝਾਨ ਨੂੰ ਘੱਟ ਕਰਨ ਲਈ ਇਸ ਸੰਸਥਾ ਤੋਂ ਇਲਾਵਾ ਹੋਰ ਸਮਾਜ ਸੇਵੀ ਸੀਨੀਅਰ ਗਰੁੱਪਾਂ ਨੂੰ ਵੀ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ ਗਈ।ਇਸ ਤੋਂ ਇਲਾਵਾ ਬਲਜੀਤ ਸਿੰਘ, ਜਸਕੌਰ ਸਿੰਘ, ਨੈਬ ਸਿੰਘ ਆਦਿ ਮੈਂਬਰਾਂ ਵੱਲੋਂ ਵੀ ਆਪੋ ਆਪਣੇ ਵਿਚਾਰ ਪੇਸ਼ ਕੀਤੇ ਗਏ।ਮੀਟਿੰਗ ਵਿੱਚ ਉਪਰੰਤ ਤੋਂ ਇਲਾਵਾ ਦਲੀਪ ਸਿੰਘ ਨਿਰੀਖਕ, ਬਲਦੇਵ ਸਿੰਘ ਸੈਕਟਰੀ ਆਦਿ ਹਾਜ਼ਰ ਸਨ।ਅੰਤ ਵਿੱਚ ਚੇਅਰਮੈਨ ਵੱਲੋਂ ਧੰਨਵਾਦ ਕਰਦੇ ਹੋਏ ਮੀਟਿੰਗ ਦੀ ਸਮਾਪਤ ਕੀਤੀ ਗਈ।

22-April-PAGE-11-Majha-24.qxd 4/21/2024 10:22 PM Page 1



# 5000 ਰੁਪਏ ਰਿਸ਼ਵਤ ਲੈਂਦਾ ਸਬ-ਇੰਸਪੈਕਟਰ ਕਾਬੂ



ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਸ਼ਨੀਵਾਰ ਨੂੰ ਅੰਮ੍ਰਿਤਸਰ ਦਿਹਾਤੀ ਪੁਲਸ ਜ਼ਿਲੇ ਅਧੀਨ ਪੈਂਦੇ ਥਾਣਾ ਪਿੰਡ ਕੰਬੋ ਵਿਖੇ ਤਾਇਨਾਤ ਸਬ ਇੰਸਪੈਕਟਰ (ਐੱਸ. ਆਈ.) ਧਨਵਿੰਦਰ ਸਿੰਘ ਨੂੰ 5000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਦਿਨੇਸ਼ ਸ਼ਰਮਾ ਵਾਸੀ ਛੇਹਰਟਾ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਸੰਪਰਕ ਕਰਕੇ ਦੱਸਿਆ ਕਿ ਉਸਨੇ ਆਪਣੀ ਕਾਰ ਆਪਣੇ ਜਾਣਕਾਰ ਮਲਕੀਤ ਸਿੰਘ ਨੂੰ ਵੇਚੀ ਸੀ ਪਰ ਉਸਨੇ ਵੇਚੀ ਕਾਰ ਦੀ ਰਕਮ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਸ ਨੇ ਦੋਸ਼ ਲਾਇਆ ਕਿ ਉਕਤ ਪੁਲਸ ਮੁਲਾਜ਼ਮ ਮਲਕੀਤ ਸਿੰਘ ਤੋਂ ਉਸਦੀ ਕਾਰ ਵਾਪਸ ਕਰਵਾਉਣ ਬਦਲੇ 10,000 ਰੁਪਏ ਦੀ ਰਿਸ਼ਵਤ ਮੰਗ ਰਿਹਾ ਹੈ ਅਤੇ ਇਸ ਸਬੰਧੀ 2000 ਰੁਪਏ ਦੀ ਰਿਸ਼ਵਤ ਪਹਿਲਾਂ ਹੀ ਲੈ ਚੁੱਕਾ ਹੈ।

ਬੁਲਾਰੇ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਮੁਲਜ਼ਮ ਐੱਸ. ਆਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 5000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

# ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਨੇ ਮੁੱਖ ਮੰਤਰੀ ਦੇ ਨਾਂਅ ਭੇਜਿਆ ਮੰਗ ਪੱਤਰ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਸਰਕਾਰ ਵੱਲੋਂ 58 ਸਾਲ ਤੋਂ ਵੱਡੀ ਉਮਰ ਦੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਅਚਾਨਕ ਵਿਭਾਗ ਤੋਂ ਫਾਰਗ ਕਰਨ ਦੇ ਵਿਰੋਧ ਵਿੱਚ ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਜ਼ਿਲ੍ਹਾ ਤਰਨ ਤਾਰਨ ਵੱਲੋਂ ਸਿਵਲ ਸਰਜਨ ਦਫਤਰ ਤਰਨਤਾਰਨ ਵਿਖੇ ਜ਼ਿਲ੍ਹਾ ਪੱਧਰੀ ਵਿਸ਼ਾਲ ਰੈਲੀ ਕੀਤੀ ਗਈ ਅਤੇ ਡਾਕਟਰ ਕਮਲਪਾਲ ਡਿਪਟੀ ਡਾਇਰੈਕਟਰ ਕਮ ਸਿਵਲ ਸਰਜਨ ਤਰਨ ਤਾਰਨ ਅਤੇ ਹਲਕਾ ਤਰਨ ਤਾਰਨ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਪੀ ਏ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ। ਰੈਲੀ ਵਿੱਚ ਬੋਲਦਿਆਂ ਸੂਬਾ ਆਗੂ ਪਰਮਜੀਤ ਕੌਰ ਮਾਨ ਸੂਬਾ ਵਿੱਤ ਸਕੱਤਰ ਅਤੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਕੌਰ ਪਹੂਵਿੰਡ, ਲਖਵਿੰਦਰ ਕੌਰ ਨਾਰਲੀ ਸੀਨੀਅਰ ਮੀਤ ਪ੍ਰਧਾਨ, ਹਰਜਿੰਦਰ ਕੌਰ ਸਰਹਾਲੀ ਜਨਰਲ ਸਕੱਤਰ, ਹਰਜੀਤ ਕੌਰ, ਕੁਲਦੀਪ ਕੌਰ, ਸੁਖਪ੍ਰੀਤ ਕੌਰ, ਮਨਦੀਪ ਕੌਰ, ਸੁਖਵਿੰਦਰ ਕੌਰ ਸੁਰਵਿੰਡ, ਵੀਰਪਾਲ ਕੌਰ ਸਰਹਾਲੀ, ਬਲਜੀਤ ਕੌਰ, ਕੁਲਦੀਪ ਕੌਰ ਕੈਰੋਂ ਤੋਂ ਇਲਾਵਾ ਡੀਐੱਮਐੱਫ ਦੇ ਜ਼ਿਲ੍ਹਾ ਪ੍ਰਧਾਨ ਕੰਵਰਦੀਪ ਸਿੰਘ ਢਿੱਲੋਂ, ਡੀਟੀਐੱਫ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ, ਸਰਬਜੀਤ ਸਿੰਘ, ਜਸਕੀਰਤ ਸਿੰਘ, ਅਮਰਦੀਪ ਸਮਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਕੀਤੀ ਗਈ 17 ਸਾਲ ਦੀ ਲੰਬੀ ਸੇਵਾ ਨੂੰ ਅਣਗੌਲਿਆਂ ਕਰਕੇ ਦੀ ਸੇਵਾ ਮੁਕਤੀ ਦੀ ਉਮਰ 58 ਸਾਲ ਤਹਿ ਕਰਕੇ 31 ਮਾਰਚ ਤੋਂ ਬਾਅਦ ਖਾਲੀ ਹੱਥ ਘਰੀਂ ਤੋਰਨ ਦਾ ਫੁਰਮਾਨ ਜਾਰੀ ਕਰ ਦਿੱਤਾ ਗਿਆ ਹੈ ਜਿਸ ਨਾਲ ਪੰਜਾਬ ਅੰਦਰ ਹਜ਼ਾਰਾਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਜ਼ਬਰਦਸਤ ਧੱਕਾ ਵੱਜਾ ਹੈ। ਪੰਜਾਬ ਸਰਕਾਰ ਦੀ ਇਸ ਹੋਛੀ ਕਾਰਵਾਈ ਨਾਲ ਪੰਜਾਬ ਸਰਕਾਰ ਦਾ ਵਰਕਰ ਵਿਰੋਧੀ ਚਿਹਰਾ ਪੂਰੀ ਤਰ੍ਹਾਂ ਨੰਗਾ ਹੋ ਗਿਆ ਹੈ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਇਸ ਮਾਰੂ ਪੱਤਰ ਨੂੰ ਵਾਪਸ ਨਾ ਲਿਆ ਤਾਂ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ। ਉਨ੍ਹਾਂ ਨੇ ਮੰਗ ਕੀਤੀ ਕਿ ਵਰਕਰਾਂ ਦੀ ਸੇਵਾਮੁਕਤੀ ਉਮਰ 65 ਸਾਲ ਕੀਤੀ ਜਾਵੇ, ਸੇਵਾ ਮੁਕਤੀ ਮੌਕੇ ਹਰ ਵਰਕਰ ਨੂੰ ਪੰਜ ਲੱਖ ਦੀ ਗਰੈਚੁਟੀ ਦਿੱਤੀ ਜਾਵੇ ਅਤੇ ਹਰ ਮਹੀਨੇ 10 ਹਜ਼ਾਰ ਰੁਪਏ ਪੈਨਸ਼ਨ ਦਿੱਤੀ ਜਾਵੇ।

# ਭਰੂਣ ਹੱਤਿਆ ਤੇ ਦਾਜ ਪ੍ਰਥਾ ਸਮਾਜ ਦੇ ਮੱਥੇ 'ਤੇ ਕਲੰਕ : ਪ੍ਰਵੀਨ ਲੁੱਧੜ



ਮਜੀਠਾ (ਸੋਇਮ ਆਨੰਦ)-ਸਮਾਜ ਸੇਵਿਕਾ ਪਰਵੀਨ ਕੁਮਾਰੀ ਲੁੱਧੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਰੂਣ ਹੱਤਿਆ ਇੱਕ ਅਜਿਹੀ ਖ਼ਤਰਨਾਕ ਸਮਾਜਿਕ ਬੁਰਾਈ ਹੈ ਜੋ ਸਮਾਜ ਦੇ ਲਈ ਲਾਹਨਤ ਦੇ ਬਰਾਬਰ ਹੈ ।ਸਾਡੇ ਸਮਾਜ ਵਿੱਚ ਔਰਤ ਜਾਤੀ ਨੂੰ ਦੇਵੀ ਵਜੋਂ ਸਤਿਕਾਰਿਆ ਜਾਂਦਾ ਹੈ ਤੇ ਛੋਟੀਆਂ-ਛੋਟੀਆਂ ਬੱਚੀਆਂ ਨੂੰ ਕੰਜਕਾਂ ਦਾ ਰੂਪ ਸਮਝਿਆ ਜਾਂਦਾ ਹੈ ਪਰ ਸਮਾਜ ਵਿੱਚ ਕੁਝ ਹੰਕਾਰੀ ਜ਼ਾਲਮਾਂ ਵੱਲੋਂ ਕੰਜਕਾਂ ਨੂੰ ਗਰਭ ਵਿੱਚ ਮਾਰ ਕੇ ਹੀ ਭਰੂਣ ਹੱਤਿਆ ਕੀਤੀ ਜਾਂਦੀ ਹੈ। ਇਹ ਬੁਰਾਈ ਪੁਰਾਤਨ ਸਮੇਂ ਤੋਂ ਚੱਲਦੀ ਆ ਰਹੀ ਹੈ। ਪਹਿਲਾ ਮੱਧ ਕਾਲ ਦੌਰਾਨ ਨਵਜੰਮੀ ਬੱਚੀ ਨੂੰ ਪਾਪੀਆਂ ਵੱਲੋਂ ਕੌੜਾ ਅੱਕ ਚਟਾ ਕੇ ਹੀ ਮਾਰ ਦਿੱਤਾ ਜਾਂਦਾ ਸੀ। ਹੁਣ ਆਧੁਨਿਕ ਯੁੱਗ ਦੌਰਾਨ ਮਸ਼ੀਨਾਂ ਰਾਹੀਂ ਚੈੱਕਅੱਪ ਕਰਵਾ ਕੇ ਪੇਟ ਵਿੱਚ ਕਤਲ ਕੀਤਾ ਜਾਂਦਾ ਹੈ ਜੋ ਕਿ ਬੇਹੱਦ ਦਰਦਨਾਕ ਤੇ ਸ਼ਰਮਨਾਕ ਨਾਸਹਿਣਯੋਗ ਕਾਰਵਾਈ ਹੈ।ਅਗਰ ਕੁਝ ਪ੍ਰਤੀਸ਼ਤ ਭਰੂਣ ਹੱਤਿਆ ਤੋਂ ਬਚੀਆਂ ਲੜਕੀਆਂ ਸਮਾਜ ਵਿੱਚ ਜਿਊਣਾ ਚਾਹੁੰਦੀਆਂ ਹਨ ਤਾਂ ਉਨ੍ਹਾਂ ਵਿੱਚੋਂ ਕੁਝ ਚੜ੍ਹਦੀ ਜਵਾਨੀ 'ਚ ਵਿਆਹ ਦੇ ਬੰਧਨਾਂ ਵਿੱਚ ਬੱਝਣ ਉਪਰੰਤ ਦਾਜ ਦੀ ਬਲੀ ਚੜ੍ਹ ਜਾਂਦੀਆਂ ਹਨ। ਇਸ ਤਰ੍ਹਾਂ ਦਾਜ ਪ੍ਰਥਾ ਵੀ ਸਾਡੇ ਮੱਥੇ 'ਤੇ ਕਲੰਕ ਹੈ।

ਦਾਜ ਲੈਣਾ ਜਾਂ ਦੇਣਾ ਇੱਕ ਪ੍ਰਮੁੱਖ ਕੁਰੀਤੀ ਹੈ ਜੋ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੀ ਹੈ। ਕਈ ਜਾਨਾਂ ਦਾਜ ਦੇ ਦੈਂਤ ਦੀ ਭੇਟ ਚੜ੍ਹ ਚੁੱਕੀਆਂ ਹਨ। ਇਸ ਲਈ ਭਰੂਣ ਹੱਤਿਆ ਤੇ ਦਾਜ ਪ੍ਰਥਾ ਤੋਂ ਜਾਗਰੂਕ ਕਰਕੇ ਹੀ ਇਸਤਰੀ ਜਾਤੀ ਦਾ ਹੋ ਰਿਹਾ ਸ਼ੋਸ਼ਣ ਰੋਕਿਆ ਜਾ ਸਕਦਾ ਹੈ।

ਸਾਨੂੰ ਸਾਰਿਆਂ ਨੂੰ ਰਲ ਕੇ ਇਹ ਪ੍ਰਣ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਆਪਣੇ ਸਮਾਜ ਦੇ ਮੱਥੇ ਤੋਂ ਦਾਜ ਪ੍ਰਥਾ ਤੇ ਭਰੂਣ ਹੱਤਿਆ ਦਾ ਕਲੰਕ ਮਿਟਾਉਣਾ ਹੈ। ਤਦ ਹੀ ਨਵ-ਵਿਆਹੀਆਂ ਔਰਤਾਂ ਦੇ ਘਰੇਲੂ ਝਗੜੇ ਤੇ ਕੁੜੀ-ਮੁੰਡੇ ਵਿੱਚ ਪਿਆ ਪਾੜਾ ਦੂਰ ਹੋ ਸਕਦਾ ਹੈ।

# ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਦਾ ਨਤੀਜਾ ਸੌ ਫੀਸਦੀ



**ਚੋਹਲਾ ਸਾਹਿਬ (ਰਮਨ ਚੱਢਾ)**-ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਦਾ ਦਸਵੀਂ ਸ਼੍ਰੇਣੀ ਦਾ ਨਤੀਜਾ ਪਿਛਲੇ ਸਾਲਾਂ ਦੇ ਰਿਕਾਰਡ ਨੂੰ ਬਰਕਰਾਰ ਰੱਖਦਿਆਂ ਇਸ ਸਾਲ ਵੀ 100 ਪ੍ਰਤੀਸ਼ਤ ਰਿਹਾ। ਖੁਸ਼ਦੀਪ ਕੌਰ 93% ਨੰਬਰ ਲੈ ਕੇ ਸਕੂਲ ਵਿੱਚੋਂ ਪਹਿਲੇ ਸਥਾਨ 'ਤੇ ਰਹੀ, ਰਮਨਦੀਪ ਕੌਰ ਦੂਜੇ ਸਥਾਨ ਅਤੇ ਹਰਪ੍ਰੀਤ ਕੌਰ ਅਤੇ ਸਿਮਰਨਦੀਪ ਕੌਰ ਤੀਜੇ ਸਥਾਨ 'ਤੇ ਰਹੇ। ਬਾਕੀ ਵਿਦਿਆਰਥੀ ਵੀ 85% ਤੋਂ ਵੱਧ ਨੰਬਰਾਂ ਨਾਲ ਪਾਸ ਹੋਏ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਗੁਲਵਿੰਦਰ ਸਿੰਘ ਸੰਧੂ, ਐਜੂਕੇਸ਼ਨਲ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ ਅਤੇ ਪ੍ਰਿੰਸੀਪਲ ਨਿਰਭੈ ਸਿੰਘ ਸੰਧੂ ਨੇ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਮਿਹਨਤ ਅਤੇ ਲਗਨ ਨਾਲ ਹੋਰ ਵੀ ਵੱਡੀਆਂ ਪ੍ਰਾਪਤੀਆਂ ਦਰਜ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਸੁਨਹਿਰੇ ਭਵਿੱਖ ਦੀ ਸਿਰਜਣਾ ਲਈ ਅਣਥੱਕ ਯਤਨਾਂ ਤੇ ਦ੍ਰਿੜ ਇਰਾਦੇ ਦੀ ਜ਼ਰੂਰਤ ਹੁੰਦੀ ਹੈ ਅਤੇ ਵਿੱਦਿਅਕ ਖੇਤਰ ਦੀਆਂ ਇਹ ਸ਼ਾਨਦਾਰ ਮੱਲਾਂ ਚੰਗੇਰੇ ਭਵਿੱਖ ਦੇ ਨਿਰਮਾਣ ਵਿੱਚ ਸਹਾਇਕ ਸਾਬਤ ਹੋਣਗੀਆਂ।ਉਨ੍ਹਾਂ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਘੱਟ ਖਰਚੇ ਵਿੱਚ ਸਾਡੇ ਪੇਂਡੂ ਏਰੀਏ ਦੇ ਸਧਾਰਨ ਪਰਿਵਾਰਾਂ ਦੇ ਬੱਚਿਆਂ ਨੇ ਮਹਿੰਗੇ ਸ਼ਹਿਰੀ ਸਕੂਲਾਂ ਦੇ ਬੱਚਿਆਂ ਤੋਂ ਵੀ ਚੰਗੇ ਨਤੀਜੇ ਲਿਆ ਕੇ ਜਿਥੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਉਥੇ ਇਕ ਨਵੀਂ ਮਿਸਾਲ ਕਾਇਮ ਕੀਤੀ ਹੈ।ਇਹ ਸਾਰੀ ਕਾਮਯਾਬੀ ਦਾ ਸਿਹਰਾ ਉਨ੍ਹਾਂ ਮਾਪਿਆਂ ਦੇ ਸਹਿਯੋਗ, ਬੱਚਿਆਂ ਅਤੇ ਅਧਿਆਪਕਾ ਦੀ ਮਿਹਨਤ ਨੂੰ ਦਿੱਤਾ ਜਿਨ੍ਹਾਂ ਦੀ ਬਦੌਲਤ ਵਿਦਿਆਰਥੀਆਂ ਨੇ ਚੰਗੇ ਨਤੀਜੇ ਲਿਆ ਸਕੂਲ ਦਾ ਮਾਣ ਵਧਾਇਆ ਹੈ। ਇਸ ਖੁਸ਼ੀ ਦੇ ਮੌਕੇ ਕਨੂੰਨੀ ਸਲਾਹਕਾਰ ਐਡਵੋਕੇਟ ਸਰਤਾਜ ਸਿੰਘ ਸੰਧੂ, ਮੈਡੀਕਲ ਸਲਾਹਕਾਰ ਡਾਕਟਰ ਹਰਕੀਰਤ ਕੌਰ ਸੰਧੂ ਅਤੇ ਸੀਬੀਐੱਸਈ ਵਿੰਗ ਪ੍ਰਿੰ. ਸੁਮਨ ਡਡਵਾਲ ਨੇ ਵਧਾਈ ਦਿੱਤੀ।

# ਮੋਬਾਇਲਾਂ ਦੀ ਦੁਕਾਨ 'ਚ ਅੱਗ ਲੱਗਣ ਕਾਰਨ ਲੱਖਾਂ ਦਾ ਨੁਕਸਾਨ



ਮਜੀਠਾ( ਸੋਇਮ ਆਨੰਦ)-ਸਥਾਨਕ ਕਸਬਾ ਮਜੀਠਾ ਵਿਖੇ ਸਥਿਤ ਬੌਬੀ ਟੈਲੀਕਾਮ ਨਾਮਕ ਮੋਬਾਇਲਾਂ ਦੀ ਦੁਕਾਨ ਵਿਚ ਬੀਤੀ ਦੇਰ ਸ਼ਾਮ ਅਚਾਨਕ ਅੱਗ ਲੱਗਣ ਦੀ ਘਟਨਾ ਸਾਹਮਣੇ ਆਈ ਹੈ।ਮਾਲਕ ਵਿਪਨ ਕੁਮਾਰ ਬੌਬੀ ਪਾਸੋਂ ਮਿਲੀ ਜਾਣਕਾਰੀ ਅਨੁਸਾਰ ਬੀਤੀ ਦੇਰ ਸ਼ਾਮ ਉਹ ਆਪਣੀ ਦੁਕਾਨ ਦਾ ਅੱਧਾ ਸ਼ਟਰ ਹੇਠਾਂ ਕਰਕੇ ਅੰਮ੍ਰਿਤਸਰ ਕਿਸੇ ਕੰਮ ਵਾਸਤੇ ਗਿਆ ਤਾਂ ਪਿਛੋਂ ਇਕਦਮ ਦੁਕਾਨ ਦੇ ਅੰਦਰ ਅੱਗ ਲੱਗ ਗਈ।

ਭਾਰੀ ਮੁਸ਼ੱਕਤ ਕਰਕੇ ਅੱਗ 'ਤੇ ਕਾਬੂ ਪਾਇਆ।ਦੁਕਾਨਦਾਰਾਂ ਨੇ ਮਾਲਕ ਨੂੰ ਫੋਨ ਕਰਕੇ ਬੁਲਾਇਆ ਜਿਸ 'ਨੇ ਆ ਕੇ ਦੇਖਿਆ ਕਿ ਅੱਗ ਨਾਲ ਦੁਕਾਨ ਅੰਦਰ ਪਏ ਸਾਮਾਨ ਵਿਚ ਲੈਪਟਾਪ, ਐੱਲਸੀਡੀ, ਏਅਰ ਕੰਡੀਸ਼ਨਰ, ਕੁਝ ਨਵੇਂ ਪੁਰਾਣੇ ਮੋਬਾਇਲ ਫੋਨ, ਦੁਕਾਨ ਦਾ ਕਾਊਂਟਰ, ਮੋਬਾਇਲਾਂ ਦੇ ਕਵਰ, ਤਾਰਾਂ ਅਤੇ ਹੋਰ ਬਿਜਲੀ ਨਾਲ ਚੱਲਣ ਵਾਲਾ ਸਾਮਾਨ ਸੜ ਕੇ ਸੁਆਹ ਹੋ ਗਿਆ ਸੀ।

ਦੁਕਾਨ ਮਾਲਕ ਦੇ ਦੱਸਣ ਅਨੁਸਾਰ ਅੱਗ ਲੱਗਣ ਦੇ ਕਾਰਣਾਂ ਦਾ ਤੁਰੰਤ ਪਤਾ ਨਹੀ ਲੱਗ ਸਕਿਆ।ਉਸ ਦੇ ਦਸੱਣ ਅਨੁਸਾਰ ਉਸ ਦਾ ਕਰੀਬ ਇੱਕ ਲੱਖ ਰੁਪਏ ਤੋਂ ਜ਼ਿਆਦਾ ਦਾ ਨੁਕਸਾਨ ਹੋਇਆ ਹੈ।ਪੀੜਤ ਦੁਕਾਨਦਾਰ ਨੇ ਥਾਣਾ ਮਜੀਠਾ ਵਿਖੇ ਅਤੇ ਨਗਰ ਕਲ ਦਫਤਰ ਵਿਚ ਦਰਖਾਸਤਾਂ ਦੇ ਕੇ ਉਸ ਦੀ ਵਿੱਤੀ ਸਹਾਇਤਾ ਕਰਨ ਦੀ ਮੰਗ ਕੀਤੀ।

# ਭਾਜਪਾ ਵਰਕਰਾਂ ਵੱਲੋਂ ਮਨਜੀਤ ਸਿੰਘ ਮੰਨਾ ਦਾ ਭਰਵਾਂ ਸਵਾਗਤ



ਤਰਨ ਤਾਰਨ ( ਪ੍ਰਿਤਪਾਲ ਸਿੰਘ)-ਲੋਕ ਸਭਾ ਖਡੂਰ ਸਾਹਿਬ ਦੇ ਭਾਜਪਾ ਵੱਲੋਂ ਹਾਲ ਹੀ ਵਿੱਚ ਨਿਯੁਕਤ ਕੀਤੇ ਗਏ ਉਮੀਦਵਾਰ ਮਨਜੀਤ ਸਿੰਘ ਮੰਨਾ ਜੋ ਪਿਛਲੇ ਲੰਬੇ ਸਮੇਂ ਤੋਂ ਸਫਲ ਰਾਜ ਨੇਤਾ ਹਨ, ਵੱਲੋਂ ਵਿਧਾਨ ਸਭਾ ਹਲਕਾ ਖੇਮਕਰਨ ਵਿਖੇ ਭਾਜਪਾ ਵਰਕਰਾਂ ਅਤੇ ਆਗੂਆਂ ਨਾਲ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਰੱਖੀ ਗਈ। ਹਲਕੇ ਦੇ ਸੀਨੀਅਰ ਆਗੂ ਅਨੂਪ ਸਿੰਘ ਭੁੱਲਰ ਦੇ ਵਿਸ਼ੇਸ਼ ਯਤਨਾਂ ਸਦਕਾ ਹਜ਼ਾਰਾਂ ਦੀ ਤਾਦਾਦ ਵਿੱਚ ਭਾਜਪਾ ਆਗੂਆਂ ਨੇ ਵਹੀਰਾਂ ਘੱਤ ਤੇ ਲੋਕ ਸਭਾ ਉਮੀਦਵਾਰ ਮਨਜੀਤ ਸਿੰਘ ਮੰਨਾ ਦਾ ਜ਼ੋਰਦਾਰ ਸਵਾਗਤ ਕੀਤਾ ਅਤੇ ਉਨ੍ਹਾਂ ਦੀ ਜਿੱਤ ਦਾ ਐਲਾਨ ਕਰਦਿਆਂ ਘਰ-ਘਰ ਜਾ ਕੇ ਭਾਜਪਾ ਲਈ ਵੋਟ ਮੰਗਣ ਦੀ ਗੱਲ ਵੀ ਕਹੀ।

ਇਸ ਮੌਕੇ ਜ਼ਿਲਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਰਣਜੀਤ ਸਿੰਘ ਮੀਆਂਵਿੰਡ, ਜ਼ਿਲਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ, ਮਹਾਂ ਮੰਤਰੀ ਸ਼ਿਵ ਕੁਮਾਰ ਸੋਨੀ, ਮਹਾਂ ਮੰਤਰੀ ਸੁਰਜੀਤ ਸਿੰਘ ਸਾਗਰ, ਮੀਤ ਪ੍ਰਧਾਨ ਰਾਣਾ ਗੁਲਬੀਰ ਸਿੰਘ, ਮੀਤ ਪ੍ਰਧਾਨ ਰਿਤੇਸ਼ ਚੋਪੜਾ, ਵਿਧਾਨ ਸਭਾ ਹਲਕਾ ਖੇਮਕਰਨ ਕਨਵੀਨਰ ਸਦਾਨੰਦ ਚੋਪੜਾ, ਐੱਸਸੀ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਗੁਲਜਾਰ ਸਿੰਘ ਜਹਾਂਗੀਰ, ਮੋਰਚਾ ਜਨਰਲ ਸਕੱਤਰ ਅਵਤਾਰ ਸਿੰਘ ਬੰਟੀ, ਹਰਪ੍ਰੀਤ ਸਿੰਘ, ਐਜੂਕੇਸ਼ਨ ਸੈੱਲ ਕਨਵੀਨਰ ਗੁਰਪ੍ਰੀਤ ਸਿੰਘ, ਹਲਕਾ ਖੇਮਕਰਨ ਤੋਂ ਨਿਸ਼ਾਨ ਸਿੰਘ ਸਰਪੰਚ ਰਾਜੋਕੇ, ਸਾਹਿਬ ਸਿੰਘ ਸਰਪੰਚ ਮਹਿਦੀਪੁਰ, ਪ੍ਰਧਾਨ ਖਾਲੜਾ, ਸਰਪੰਚ ਮਹਿਤਾਬ ਸਿੰਘ, ਵਰਿੰਦਰ ਸਿੰਘ ਬਾਵਾ, ਹਰਪਾਲ ਸਿੰਘ ਪੱਤੂ, ਦਲਜੀਤ ਸਿੰਘ ਪ੍ਰਧਾਨ ਕੱਚਾ ਪੱਕਾ, ਸਤਨਾਮ ਸਿੰਘ ਪ੍ਰਧਾਨ ਭਿੱਖੀਵਿੰਡ, ਬਲਕਾਰ ਸਿੰਘ ਸਰਪੰਚ ਵਲਟੋਹਾ, ਬਲਜਿੰਦਰ ਸਿੰਘ, ਨਿਰਮਲ ਸਿੰਘ ਦਿਓਲ ਸਰਪੰਚ ਵਲਟੋਹਾ, ਸਰਪੰਚ ਸੁਰੇਸ਼ ਪਿੰਕਾ ਵਲਟੋਹਾ, ਦਿਲਬਾਗ ਸਿੰਘ ਸਰਪੰਚ ਵਲਟੋਹਾ, ਬਲਵਿੰਦਰ ਸਿੰਘ ਵਲਟੋਹਾ, ਮਨਜਿੰਦਰ ਸਿੰਘ ਭੁੱਲਰ, ਹਰਜਿੰਦਰ ਸਿੰਘ ਲਾਡੀ, ਰਾਜ ਕੁਮਾਰ ਚੋਪੜਾ, ਲਵ ਦੇਵਗਨ, ਨਿਰਮਲ ਸਿੰਘ ਲਾਡੀ, ਵਿੱਕੀ ਖਾਲੜਾ, ਮਨਦੀਪ ਰਾਜੋਕੇ, ਮੇਜਰ ਸਿੰਘ ਤੋਂ ਇਲਾਵਾ ਇਲਾਕੇ ਦੇ ਹੋਰ ਮੋਹਤਬਰ ਲੋਕ ਮੌਜੂਦ ਸਨ।

# ਨਾਰੀ ਸ਼ਕਤੀ ਸੰਸਥਾ ਪਠਾਨਕੋਟ ਵੱਲੋਂ ਆਦਰਸ਼ ਬਿਰਧ ਆਸ਼ਰਮ ਦਾ ਦੌਰਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)—ਨਾਰੀ ਸ਼ਕਤੀ ਸੰਸਥਾ ਪਠਾਨਕੋਟ ਵੱਲੋਂ ਬਜ਼ੁਰਗਾਂ ਦੇ ਆਪਣੇ ਘਰ ਆਦਰਸ਼ ਬਿਰਧ ਆਸ਼ਰਮ ਝਾਖੋਲਾਹੜੀ ਦਾ ਦੌਰਾ ਕੀਤਾ ਗਿਆ।ਬਜ਼ੁਰਗਾਂ ਦਾ ਹਾਲ-ਚਾਲ ਪੁੱਛਿਆ ਅਤੇ ਦੁੱਖ-ਸੁੱਖ ਸਾਂਝਾ ਕੀਤਾ।ਆਸ਼ਰਮ ਦੀ ਪ੍ਰਧਾਨ ਅੰਜਲੀ ਸ਼ਰਮਾ ਨੇ ਮਹਿਮਾਨਾਂ ਨੂੰ ਬਜ਼ੁਰਗ ਮਾਤਾ-ਪਿਤਾ ਦੀ ਜੀਵਨੀ ਬਾਰੇ ਕੁਝ ਅਜਿਹੀਆਂ ਗੱਲਾਂ ਸੁਣਾਈਆਂ, ਜਿਨ੍ਹਾਂ ਨੂੰ ਸੁਣ ਕੇ ਸਭਨਾਂ ਦੀਆਂ ਅੱਖਾਂ ਵਿੱਚ ਹੰਝੂ ਆਉਣ ਲੱਗ ਪਏ।ਨਾਰੀ ਸ਼ਕਤੀ ਸੰਸਥਾ ਦੀ ਮੁਖੀ ਰੇਣੂ ਗੁਪਤਾ ਨੇ ਬਜ਼ੁਰਗਾਂ ਦਾ ਸਾਥ ਦਿੰਦੇ ਹੋਏ ਕਿਹਾ ਕਿ ਮੈਂ ਆਪਣੀ ਪੂਰੀ ਟੀਮ ਦੇ ਨਾਲ ਤੁਹਾਡੇ ਨਾਲ ਇਹ ਵਾਅਦਾ ਕਰਦੀ ਹਾਂ ਕਿ ਅੱਜ ਤੋਂ ਬਾਅਦ ਅਸੀਂ ਹਮੇਸ਼ਾ ਤੁਹਾਨੂੰ ਆਸ਼ਰਮ ਵਿੱਚ ਮਿਲਣ ਲਈ ਆਵਾਂਗੇ ਅਤੇ ਤੁਹਾਡੀ ਦੇਖ-ਰੇਖ ਲਈ ਹਰ ਪ੍ਰਕਾਰ ਦੀ ਸਹਾਇਤਾ ਕਰਾਂਗੇ।ਉਨ੍ਹਾਂ ਨੇ ਬਜ਼ੁਰਗ ਮਾਤਾ-ਪਿਤਾ ਨੂੰ ਕੁਝ ਲੋੜਵੰਦ ਫਲ, ਮਠਿਆਈ ਆਦਿ ਭੇਟ ਕਰਦੇ ਹੋਏ ਆਸ਼ਰਮ ਦੀ ਸੁਪਰਡੈਂਟ ਅੰਜਲੀ ਸ਼ਰਮਾ ਨੂੰ ਕਿਹਾ ਕਿ ਅਸੀਂ ਇੱਥੇ ਆ ਕੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਤੁਸੀਂ ਅਤੇ ਤੁਹਾਡੀ ਪੂਰੀ ਟੀਮ ਇਨ੍ਹਾਂ ਬਜ਼ੁਰਗ ਮਾਤਾ-ਪਿਤਾ ਦੀ ਸੇਵਾ ਕਰਦੇ ਰਹੋ। ਇਸ ਮੌਕੇ ਰੇਣੂ ਗੁਪਤਾ, ਮਾਲਾ, ਸੀਮਾ, ਕਮਲੇਸ਼, ਹਰਸ਼, ਆਸ਼ਾ, ਰੀਟਾ, ਰਜਨੀ ਸ਼ਰਮਾ, ਰਜਨੀ ਮਹਾਜਨ, ਰੀਨਾ ਸ਼ਰਮਾ, ਸ਼ੋਭਾ ਮਹਿਤਾ, ਆਸ਼ਾ ਅਨੂ ਗੁਪਤਾ, ਸਵਿਤਾ, ਅੰਜੂ ਬਾਲਾ, ਸੁਖਵਿੰਦਰ ਕੌਰ, ਕੁਲਵਿੰਦਰ ਕੌਰ, ਸਰੋਜ ਬਾਲਾ, ਸ਼ਿਵਾਨੀ, ਪ੍ਰਿਆ ਚੰਦਦੇਵ, ਤਰਸੇਮ ਲਾਲ, ਰਮੇਸ਼ ਚੰਦਰ ਆਦਿ ਹਾਜ਼ਰ ਸਨ ।

# ਭਾਜਪਾ ਉਮੀਦਵਾਰਾਂ ਨੂੰ ਪੰਜਾਬੀ ਮੂੰਹ ਨਹੀਂ ਲਗਾਉਣਗੇ : ਡੈਮ ਅਜਨਾਲਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਵਿਧਾਨ ਸਭਾ ਹਲਕਾ ਅਜਨਾਲਾ ਦੇ ਸੀਨੀਅਰ ਕਾਂਗਰਸੀ ਆਗੂ ਸਾਬਕਾ ਕੌਂਸਲਰ ਤੇ ਸ਼ਹਿਰੀ ਪ੍ਰਧਾਨ ਦਵਿੰਦਰ ਸਿੰਘ ਡੈਮ ਅਜਨਾਲਾ ਨੇ ਆਪਣੇ ਦਫਤਰ ਵਿਖੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਕੇਂਦਰ ਦੀ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੀ ਗਈ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਨਗੇ।ਇਸ ਦਾ ਖਮਿਆਜ਼ਾ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਚੋਣਾਂ ਦੌਰਾਨ ਭੁਗਤਣਾ ਪਵੇਗਾ।

ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਹਕੂਮਤ ਨੇ ਹਮੇਸ਼ਾ ਹੀ ਪੰਜਾਬ ਦੇ ਨਾਲ ਵਿਤਕਰਾ ਕੀਤਾ ਹੈ ਅਤੇ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ।ਹੁਣ ਪੰਜਾਬ ਅੰਦਰ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਪੰਜਾਬ ਵਾਸੀ ਮੂੰਹ ਨਹੀਂ ਲਗਾ ਰਹੇ ਹਨ।ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਦਲ ਨੇ ਵੀ ਆਪਣੇ ਰਾਜ ਵਿੱਚ ਸਿਰਫ ਤਿਜੌਰੀਆਂ ਹੀ ਭਰੀਆਂ ਹਨ।

ਗਰੀਬ ਜਨਤਾ ਦਾ ਕੁਝ ਵੀ ਨਹੀਂ ਸੋਚਿਆ ਤੇ ਨਾ ਹੀ ਨੌਜਵਾਨਾਂ ਨੂੰ ਕੋਈ ਰੋਜ਼ਗਾਰ ਦਿੱਤਾ ਗਿਆ।ਡੈਮ ਅਜਨਾਲਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ, ਅਕਾਲੀ ਦਲ ਪਾਰਟੀ ਤੇ 'ਆਪ' ਨੂੰ ਹਾਰ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ 'ਤੇ ਕਾਂਗਰਸੀ ਉਮੀਦਵਾਰ ਹੀ ਸ਼ਾਨਦਾਰ ਜਿੱਤ ਹਾਸਲ ਕਰਨਗੇ ।

# ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਡੀ ਲੀਡ ਨਾਲ ਜਿੱਤ ਹਾਸਲ ਕਰਨਗੇ: ਸੰਨੀ ਮਸੀਹ/ਹੈਪੀ ਮਸੀਹ



ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਲੋਕ ਸਭਾ ਚੋਣਾਂ ਵਿੱਚ ਹਲਕਾ ਗੁਰਦਾਸਪੁਰ ਦੀ ਟਿਕਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਡੀ ਲੀਡ ਨਾਲ ਜਿੱਤ ਹਾਸਲ ਕਰਨਗੇ ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਗੁਰਦਾਸਪੁਰ ਤੋਂ ਮਨਿਓਰਟੀ ਵਿੰਗ ਦੇ ਪ੍ਰਧਾਨ ਸੰਨੀ ਮਸੀਹ ਅਤੇ ਸੀਨੀਅਰ ਆਪ ਆਗੂ ਹੈਪੀ ਮਸੀਹ ਮੋਮਨ ਨੇ ਕਲਸੀ ਨੂੰ ਟਿਕਟ ਮਿਲਣ ਤੋਂ ਬਾਅਦ ਉਨ੍ਹਾਂ ਨਾਲ ਮੁਲਾਕਾਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਸੰਨੀ ਮਸੀਹ ਅਤੇ ਹੈਪੀ ਮਸੀਹ ਨੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ੈਰੀ ਕਲਸੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇੱਕ ਵੱਖਰੀ ਦਿਸ਼ਾ ਦਿਖਾਉਣ ਵਾਲੇ ਬੜੇ ਹੀ ਮਿਲਾਪੜੇ ਸੁਭਾਅ ਦੇ ਇਨਸਾਨ ਹਨ।ਉਨ੍ਹਾਂ ਦੀ ਕਾਬਲੀਅਤ, ਮਿਹਨਤ, ਇਮਾਨਦਾਰੀ ਅਤੇ ਸਾਫ-ਸੁਥਰੀ ਛਵੀ ਨੂੰ ਦੇਖਦੇ ਹੋਏ ਪਾਰਟੀ ਨੇ ਉਨ੍ਹਾਂ ਨੂੰ ਟਿਕਟ ਦੇ ਕੇ ਨਿਵਾਜਿਆ ਹੈ।ਸ਼ੈਰੀ ਕਲਸੀ ਵਲੋਂ ਵਿਧਾਇਕ ਦੇ ਤੌਰ 'ਤੇ ਕਰੀਬ ਦੋ ਸਾਲਾਂ ਵਿਚ ਹੀ ਬਟਾਲੇ ਦੀ ਨੁਹਾਰ ਨੂੰ ਬਦਲਣ ਲਈ ਕੀਤੇ ਜਾ ਰਹੇ ਵਿਕਾਸ ਦੇ ਕੰਮ ਲਗਾਤਾਰ ਜਾਰੀ ਹਨ ਅਤੇ ਲੋਕਾਂ ਦੇ ਸੁੱਖ-ਦੁੱਖ ਵਿਚ ਹਮੇਸ਼ਾ ਹਾਜ਼ਰ ਰਹਿੰਦੇ ਹਨ।ਸ਼ੈਰੀ ਕਲਸੀ ਦੀ ਜਿੱਤ ਨੂੰ ਇਤਿਹਾਸਕ ਬਣਾਉਣ ਲਈ ਕਮਰ ਕੱਸ ਕੇ ਦਿਨ-ਰਾਤ ਮਿਹਨਤ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਲੋਕ ਪੰਜਾਬ ਦੀ ਅਗਵਾਈ ਕਰ ਰਹੀ ਆਮ ਆਦਮੀ ਪਾਰਟੀ ਦੇ ਦੋ ਸਾਲਾਂ ਦੇ ਕੰਮਾਂ ਨੂੰ ਵੇਖਦੇ ਹੋਇਆਂ ਸ਼ੈਰੀ ਕਲਸੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ।

# ਡਾ. ਚੀਮਾ ਨੇ ਲਕਸ਼ਮੀ ਨਾਰਾਇਣ ਮੰਦਰ 'ਚ ਲਿਆ ਆਸ਼ੀਰਵਾਦ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੇ ਲਕਸ਼ਮੀ ਨਾਰਾਇਣ ਮੰਦਰ ਪੱਚੋਵਾਲ ਅਤੇ ਇਤਿਹਾਸਕ ਪੰਡੋਰੀ ਧਾਮ ਤਾਲਾਬਪੁਰ ਵਿਖੇ ਨਤਮਸਤਕ ਹੋ ਕੇ ਆਸ਼ੀਰਵਾਦ ਹਾਸਲ ਕੀਤਾ।ਉਨ੍ਹਾਂ ਆਖਿਆ ਕਿ ਉਹ ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਲਕਸ਼ਮੀ ਨਾਰਾਇਣ ਮੰਦਰ ਪਿੰਡ ਪਚੋਵਾਲ ਅਤੇ ਇਤਿਹਾਸਕ ਪੰਡੋਰੀ ਧਾਮ ਦੇ ਬਹੁਪੱਖੀ ਵਿਕਾਸ ਲਈ ਹਰ ਸੰਭਵ ਯਤਨ ਕਰਨਗੇ।ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਨ ਸਭਾ ਹਲਕਾ ਦੀਨਾਨਗਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਕਮਲਜੀਤ ਚਾਵਲਾ, ਦਲਬੀਰ ਸਿੰਘ ਬਿੱਲਾ, ਸਰਬਜੀਤ ਸਿੰਘ ਲਾਲੀਆਂ, ਭੁਪਿੰਦਰ ਸਿੰਘ ਜਕੜੀਆ, ਕੁਲਵਿੰਦਰ ਸਿੰਘ ਚਿੱਟੀ, ਵਿਜੇ ਪ੍ਰਧਾਨ ਅਤੇ ਕਿਰਪਾਲ ਸਿੰਘ ਗੁੱਜੀਆਂ ਆਦਿ ਵੀ ਹਾਜ਼ਰ ਸਨ।

# ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲਹਿਲ ਦਾ 10ਵੀਂ ਦਾ ਨਤੀਜਾ ਸ਼ਾਨਦਾਰ



ਤਰਸਿੱਕਾ , (ਤਰਸੇਮ ਸਿੰਘ ਸਾਧਪੁਰ)—ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲਹਿਲ ਮਹਿਤਾ ਰੋਡ ਦਾ ਮੈਟਰਿਕ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਦੀ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਰਵਨੀਤ ਕੌਰ ਨੇ 650 ਵਿੱਚੋਂ 620 ਨੰਬਰ ਲੈ ਕੇ 95.4 ਪਤੀਸ਼ਤ, ਗੁਰਲੀਨ ਕੌਰ ਨੇ 619 /95.3 ਅਤੇ ਤਰਨਪ੍ਰੀਤ ਕੌਰ ਨੇ 618 ਅੰਕ ਲੈ ਕੇ 95.1 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਉਨ੍ਹਾਂ ਦੱਸਿਆ ਕਿ ਸਕੂਲ ਦੇ 13 ਵਿਦਿਆਰਥੀਆਂ ਨੇ 90% ਤੋਂ ਉੱਪਰ ਨੰਬਰ ਹਾਸਲ ਕੀਤੇ 10 ਵਿਦਿਆਰਥੀਆਂ ਨੇ 80% ਤੋਂ ਵੱਧ ਨੰਬਰ ਪ੍ਰਾਪਤ ਕੀਤੇ ਅਤੇ ਬਾਕੀ ਬੱਚਿਆਂ ਨੇ ਵੀ ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।

ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ ਅਤੇ ਪ੍ਰਿੰਸੀਪਲ ਮੈਡਮ ਬਲਵਿੰਦਰ ਕੌਰ ਅਤੇ ਮੈਡਮ ਰਾਜਵਿੰਦਰ ਕੌਰ ਨੇ ਹੋਣਹਾਰ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਵਧਾਈ ਦਿੱਤੀ ਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਕਿਰਨ ਬਾਲਾ ਅਤੇ ਸਟਾਫ ਵੀ ਹਾਜ਼ਰ ਸੀ।

# ਕਿਸਾਨ ਆਗੂ ਸਵਿੰਦਰ ਸਿੰਘ ਦੋਦੇ ਦੀ ਅੰਤਿਮ ਅਰਦਾਸ ਮੌਕੇ ਭਾਵ-ਭਿੰਨੀ ਸ਼ਰਧਾਂਜਲੀ





ਸਰਾਏ ਅਮਾਨਤ ਖਾਂ 20 ਅਪਰੈਲ (ਮੱਖਣ ਮਨੋਜ)-ਪਿੰਡ ਦੋਦੇ ਤੋਂ ਸੰਘਰਸ਼ੀ ਕਿਸਾਨ ਆਗੂ ਸਵਿੰਦਰ ਸਿੰਘ ਦੋਦੇ ਜੋ ਕਿ ਬੀਤੇ ਦਿਨੀਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਜਾਣ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਬਾਬਾ ਸ਼ਹੀਦਾਂ ਸਾਹਿਬ ਪਿੰਡ ਦੋਦੇ ਵਿਖੇ ਹੋਈ। ਬਾਬਾ ਜਸਵੰਤ ਸਿੰਘ ਮੰਜੀ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਗੁਰੂਜਸ ਸੁਣਾ ਕੇ ਨਿਹਾਲ ਕੀਤਾ।

ਹਲਕਾ ਤਰਨਤਾਰਨ ਦੇ ਸੀਨੀਅਰ ਕਾਂਗਰਸੀ ਆਗੂ ਕਰਨਬੀਰ ਸਿੰਘ ਕਰਨ ਬੁਰਜ, ਕਿਸਾਨ ਆਗੂ ਜਸਬੀਰ ਸਿੰਘ ਗੰਡੀਵਿੰਡ, ਕਿਸਾਨ ਆਗੂ ਜਸਬੀਰ ਸਿੰਘ ਚੀਮਾ, ਚੇਅਰਮੈਨ ਗੁਰਦੇਵ ਸਿੰਘ ਸੰਧੂ, ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ, ਚੇਅਰਮੈਨ ਗੁਰਦੇਵ ਸਿੰਘ ਲਾਖਣਾ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸਵਿੰਦਰ ਸਿੰਘ ਕਾਲੇ ਕਾਨੂੰਨਾਂ ਵਿਰੁੱਧ ਲੜਾਈ ਦੌਰਾਨ ਦਿੱਲੀ ਲਗਾਤਾਰ ਰਹੇ।

ਆਖਰੀ ਸਾਹਾਂ ਤੱਕ ਕਿਸਾਨੀ ਹੱਕਾਂ ਦੀ ਰਾਖੀ ਲਈ ਸੰਘਰਸ਼ ਵਿੱਚ ਸ਼ਾਮਿਲ ਹੁੰਦੇ ਰਹੇ। ਉਨ੍ਹਾਂ ਦੀ ਮੌਤ ਨਾਲ ਕਿਸਾਨ ਲਹਿਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਵਾਹਿਗੁਰੂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਇਸ ਸਮੇਂ ਸਰਪੰਚ ਸੋਨੂੰ ਬਰਾੜ ਦੋਦੇ, ਮਲਕੀਤ ਸਿੰਘ ਛਾਪਾ, ਕਾਂਗਰਸੀ ਆਗੂ ਹਰਸਰਨ ਸਿੰਘ ਮੱਲਾ ਸੋਹਲ, ਸਰਪੰਚ ਮਿਲਖਾ ਸਿੰਘ ਮੱਝੂਪੁਰ, ਗੋਲਡੀ ਬਰਾੜ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਡਾ. ਤਰਸੇਮ ਸਿੰਘ ਦੋਦੇ, ਮਾ. ਖਜਾਨਚੀ ਲਾਲ, ਰਤਨ ਸਿੰਘ ਢੰਡ, ਬਲਾਕ ਪ੍ਰਧਾਨ ਸੋਨੂੰ ਦੋਦੇ, ਨਿਰਮਲ ਸਿੰਘ ਬਰਾੜ, ਮਹਿਲ ਸਿੰਘ ਬਰਾੜ, ਪਰਮਜੀਤ ਸਿੰਘ ਬਰਾੜ, ਰਣਜੀਤ ਸਿੰਘ ਬਰਾੜ, ਕੌਮੀ ਕਿਸਾਨ ਜਥੇਬੰਦੀ, ਉਗਰਾਹਾਂ, ਡਕੌਂਦਾ, ਆਜ਼ਾਦ ਕਿਸਾਨ ਯੂਨੀਅਨ, ਰਣਜੀਤ ਸਿੰਘ ਰਸੂਲਪੁਰ, ਮੁਖਤਾਰ ਸਿੰਘ ਚੀਮਾ, ਸੁਰਜੀਤ ਸਿੰਘ ਗੰਡੀਵਿੰਡ, ਹਰਦੀਪ ਸਿੰਘ ਦੋਦੇ, ਮੁਖਤਿਆਰ ਸਿੰਘ ਦੋਦੇ, ਜ਼ਿਲਾ ਪ੍ਰਧਾਨ ਨ੍ਰਿਪਾਲ ਸਿੰਘ ਜਿਉਣੇਕੇ, ਗੁਰਵਿੰਦਰ ਸਿੰਘ ਦੋਦੇ, ਕੈਪਟਨ ਸਿੰਘ, ਸਾਬਕਾ ਐੱਸਐੱਚਓ ਦਵਿੰਦਰ ਕੁਮਾਰ ਦੋਦੇ, ਡਾ. ਸੁਖਵੰਤ ਸਿੰਘ, ਸੋਹਣ ਸਿੰਘ ਸਭਰਾ, ਕਾਮਰੇਡ ਜਸਪਾਲ ਸਿੰਘ ਝਬਾਲ ਕੌਮੀ ਕਿਸਾਨ ਜਥੇਬੰਦੀ, ਉਗਰਾਹਾਂ, ਡਕੌਂਦਾ, ਆਜ਼ਾਦ ਕਿਸਾਨ ਯੂਨੀਅਨ ਦੇ ਆਗੂ ਤੇ ਹੋਰ ਵੀ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

# ਸਰੂਪ ਰਾਣੀ ਸਰਕਾਰੀ ਕਾਲਜ 'ਚ 418 ਵਿਦਿਆਰਥਣਾਂ ਨੂੰ ਡਿਗਰੀਆਂ ਵੰਡੀਆਂ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਸਰੂਪ ਰਾਣੀ ਸਰਕਾਰੀ ਕਾਲਜ (ਇ.) ਅੰਮ੍ਰਿਤਸਰ ਵਿਖੇ 52ਵੇਂ ਡਿਗਰੀ ਵੰਡ ਸਮਾਰੋਹ ਦੌਰਾਨ 2021-22 ਦੇ ਵੱਖ-ਵੱਖ ਕੋਰਸਾਂ ਨਾਲ ਸੰਬੰਧਤ 418 ਵਿਦਿਆਰਥਣਾਂ ਨੂੰ ਡਿਗਰੀਆਂ ਵੰਡੀਆਂ ਗਈਆਂ। ਮੁੱਖ ਮਹਿਮਾਨ ਵਜੋਂ ਡਾ. ਜਤਿੰਦਰ ਕੌਰ ਅਰੋੜਾ (ਕਾਰਜਕਾਰੀ ਡਾਇਰੈਕਟਰ, ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ-ਕਮ-ਮੈਂਬਰ ਸਕੱਤਰ, ਪੰਜਾਬ ਜੈਵ ਵਿਭਿੰਨਤਾ ਬੋਰਡ) ਨੇ ਸ਼ਿਰਕਤ ਕੀਤੀ। ਸਮਾਗਮ ਦੀ ਆਰੰਭਤਾ ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਨਾਲ ਕੀਤੀ ਗਈ। ਪ੍ਰਿੰਸੀਪਲ ਪ੍ਰੋ. ਡਾ. ਦਲਜੀਤ ਕੌਰ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ ਤੇ ਡਿਗਰੀਆਂ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੇ ਹੋਏ ਕਾਲਜ ਦੀ ਸਾਲਾਨਾ ਰਿਪੋਰਟ ਪੜ੍ਹੀ। ਉਪਰੰਤ ਵਿਦਿਆਰਥੀਆਂ ਨੂੰ ਡਿਗਰੀਆਂ ਤਕਸੀਮ ਕੀਤੀਆਂ ਗਈਆਂ। ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਉਨ੍ਹਾਂ ਨੇ ਸਾਰੇ ਡਿਗਰੀ ਪ੍ਰਾਪਤ ਵਿਦਿਆਰਥਣਾਂ ਅਤੇ ਪ੍ਰਿੰਸੀਪਲ ਨੂੰ ਵਧਾਈ ਦਿੱਤੀ। ਮੁੱਖ ਮਹਿਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਿਗਰੀ ਕੋਈ ਕਾਗਜ਼ੀ ਦਸਤਾਵੇਜ਼ ਹੀ ਨਹੀਂ ਬਲਕਿ ਇਹ ਜ਼ਿੰਦਗੀ ਦੀ ਨਵੀਂ ਦਿਸ਼ਾ ਦਾ ਆਗਾਜ਼ ਹੈ। ਬੱਚਿਆਂ ਨੂੰ ਹਿੰਮਤ, ਮਿਹਨਤ, ਲਗਨ ਤੇ ਵਿਸ਼ਵਾਸ ਨਾਲ ਜ਼ਿੰਦਗੀ ਦੀਆਂ ਚੁਣੌਤੀਆਂ ਨੂੰ ਖਿੜੇ ਮੱਥੇ ਸਵੀਕਾਰ ਕਰ ਕੇ ਕਾਮਯਾਬ ਹੋਣਾ ਚਾਹੀਦਾ ਹੈ ਤੇ ਮਾਂ ਬੋਲੀ ਨੂੰ ਕਦੇ ਨਹੀਂ ਭੁੱਲਣ ਦਾ ਸੰਦੇਸ਼ ਦਿੱਤਾ। ਸੰਗੀਤ ਵਿਭਾਗ ਵੱਲੋਂ ਫੋਕ ਆਰਕੈਸਟਰਾ ਤੇ ਸਮੂਹ ਗੀਤ ਪੇਸ਼ ਕੀਤਾ। ਨ੍ਰਿਤ ਦੀ ਵੀ ਪੇਸ਼ਕਾਰੀ ਕੀਤੀ ਗਈ। ਸਮਾਰੋਹ ਸਮੇਂ ਕਾਲਜ ਕੌਂਸਲ ਤੇ ਸਟਾਫ ਹਾਜ਼ਰ ਸੀ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

# ਦਾਣਾ ਮੰਡੀ ਚਾਹਲ ਕਲਾਂ 'ਚ ਐੱਸ ਡੀ ਐੱਮ ਨੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



ਬਟਾਲਾ (ਡਾ. ਮਲਵਿੰਦਰ ਸਿੰਘ)-ਐੱਸਡੀਐੱਮ ਬਟਾਲਾ ਡਾ. ਸ਼ਾਇਰੀ ਭੰਡਾਰੀ ਵੱਲੋਂ ਚਾਹਲ ਕਲਾਂ ਵਿਖੇ ਬੇਮੌਸਮੀ ਪਏ ਮੀਂਹ ਕਾਰਨ ਕਣਕ ਦੀ ਫਸਲ ਦਾ ਮੌਕਾ ਦੇਖਿਆ ਗਿਆ।ਐੱਸਡੀਐੱਮ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬੇਮੌਸਮੀ ਮੀਂਹ ਪੈਣ ਕਰਕੇ ਕਣਕ ਦੀ ਫਸਲ ਨੂੰ ਵੇਖਿਆ ਗਿਆ ਹੈ ਤੇ ਜਾਣਕਾਰੀ ਹਾਸਲ ਕੀਤੀ ਗਈ।ਇਸ ਮੌਕੇ ਨਾਇਬ ਤਹਿਸੀਲਦਾਰ ਮਨਜੋਤ ਸਿੰਘ ਸਚਦੇਵਾ, ਵਿਕਰਮਜੀਤ ਸਿੰਘ ਆਦਿ ਮੌਜੂਦ ਸਨ।ਇਸ ਤੋਂ ਉਪਰੰਤ ਡਾ. ਸ਼ਾਇਰੀ ਭੰਡਾਰੀ ਵੱਲੋਂ ਦਾਣਾ ਮੰਡੀ ਰੰਘੜ ਨੰਗਲ ਦਾ ਦੌਰਾ ਕੀਤਾ ਗਿਆ ਅਤੇ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ।ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਮੰਡੀਆਂ ਵਿੱਚ ਕਿਸਾਨਾਂ ਲਈ ਵਿਸ਼ੇਸ਼ ਸਹੂਲਤਾਂ ਜਿਵੇਂ ਸ਼ੈੱਡ, ਪੀਣ ਵਾਲਾ ਪਾਣੀ ਤੇ ਰੌਸ਼ਨੀ ਆਦਿ ਦੇ ਪ੍ਰਬੰਧ ਕੀਤੇ ਗਏ ਹਨ। ਐੱਸਡੀਐੱਮ ਨੇ ਦੱਸਿਆ ਕਿ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਸਰਕਾਰ ਦੀਆਂ ਹਦਾਇਤਾਂ ਤਹਿਤ ਕਣਕ ਦੀ ਖਰੀਦ ਪ੍ਰਕਿਰਿਆ ਨਿਰਵਿਘਨ ਕਰਵਾਈ ਜਾਵੇ ਅਤੇ ਕਿਸਾਨਾਂ ਤੇ ਆੜ੍ਹਤੀਆਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ ।

## ਲੁੱਕ ਵਾਲੇ ਟੈਂਕ ਤੇ ਟਰੈਕਟਰ ਨੂੰ ਲੱਗੀ ਅੱਗ



ਰਮਦਾਸ (ਰਤਨ ਪੱਡਾ)-ਬੱਸ ਸਟੈਂਡ ਤਲਾਬ ਰਮਦਾਸ ਵਿੱਚ ਸੜਕ ਬਣਾਉਣ ਲਈ ਆਏ ਇਕ ਟਰੈਕਟਰ ਪਿੱਛੇ ਪਏ ਲੁੱਕ ਵਾਲੇ ਟੈਂਕ ਨੂੰ ਅਚਾਨਕ ਅੱਗ ਲੱਗ ਗਈ ਜਿਸ ਨਾਲ ਟਰੈਕਟਰ ਵੀ ਅੱਗ ਦੀ ਲਪੇਟ 'ਚ ਆ ਗਿਆ।ਥਾਣਾ ਰਮਦਾਸ ਦਾ ਪੁਲਸ ਪ੍ਰਸ਼ਾਸਨ ਮੌਕੇ 'ਤੇ ਪਹੁੰਚ ਗਿਆ।ਸੜਕ ਬਣਾਉਣ ਵਾਲੀ ਮਸ਼ੀਨਰੀ ਵੀ ਸੜਕ 'ਤੇ ਖੜ੍ਹੀ ਸੀ। ਮੌਕੇ 'ਤੇ ਫਾਇਰ ਬ੍ਰਿਗੇਡ ਦੀ ਗੱਡੀ ਨੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ।ਜਾਨੀ ਨੁਕਸਾਨ ਹੋਣ ਤੋਂ ਬਚਾ ਰਿਹਾ।ਅੱਗ ਲੱਗਣ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ।

# ਜੋਏ ਹੰਸ ਨੇ ਦਸਵੀਂ 'ਚੋਂ 615/650 ਨੰਬਰ ਲੈ ਕੇ ਮਾਰਿਆ ਮਾਅਰਕਾ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਦਸੌਂਧਾ ਸਿੰਘ ਹਲਕਾ ਮਜੀਠਾ ਵਿੱਚ ਪੜ੍ਹਦੇ ਜੋਏ ਹੰਸ ਨੇ 615/650 ਅੰਕ ਲੈ ਕੇ ਪੇਂਡੂ ਖੇਤਰਾਂ ਦੇ ਸਕੂਲਾਂ ਵਿੱਚ ਚੰਗਾ ਮਾਅਰਕਾ ਮਾਰਿਆ। ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਤੇ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਜੋਏ ਹੰਸ, ਉਸਦੇ ਪਿਤਾ ਬਲਦੇਵ ਸਿੰਘ ਕੱਥੂਨੰਗਲ ਖੁਰਦ ਤੇ ਮਾਤਾ ਮੀਨਾਕਸ਼ੀ ਜੋ ਇਸੇ ਹੀ ਸਕੂਲ ਵਿੱਚ ਅਧਿਆਪਕਾ ਹੈ, ਨੂੰ ਮੁਬਾਰਕਬਾਦ ਦਿੱਤੀ। ਭਗਵੰਤ ਪਾਲ ਸਿੰਘ ਸੱਚਰ ਨੇ ਸਕੂਲ ਪ੍ਰਿੰਸੀਪਲ ਵਿਕਰਮਜੀਤ ਸਿੰਘ ਤੇ ਇੰਚਾਰਜ ਮੋਨਿਕਾ ਸ਼ਰਮਾ ਦਾ ਵੀ ਉਚੇਚੇ ਤੌਰ 'ਤੇ ਜ਼ਿਕਰ ਕੀਤਾ। ਗੱਲਬਾਤ ਕਰਦਿਆਂ ਸੱਚਰ ਨੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਉਣਾ ਸਿਰਫ ਅਧਿਆਪਕਾਂ ਦਾ ਹੀ ਕੰਮ ਨਹੀਂ ਹੁੰਦਾ, ਬਰਾਬਰ ਦੀ ਜ਼ਿੰਮੇਵਾਰੀ ਮਾਪਿਆਂ ਦੀ ਵੀ ਬਣਦੀ ਹੈ ਕਿਉਂਕਿ ਬੱਚਾ ਚੌਵੀ ਘੰਟਿਆਂ ਵਿੱਚ 16 ਘੰਟੇ ਆਪਣੇ ਘਰ ਹੀ ਗੁਜ਼ਾਰਦਾ ਹੈ ਤੇ ਮਾਪਿਆਂ ਦਾ ਵੀ ਫਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਦੀ ਸਮੇਂ ਸਮੇਂ ਅਨੁਸਾਰ ਨਿਗਰਾਨੀ ਰੱਖਣ। ਬੱਚੇ ਦੀ ਸਮੇਂ ਸਾਰਨੀ ਦਾ ਵੀ ਧਿਆਨ ਰੱਖੋ ਕਿ ਕਿਤੇ ਬੱਚਾ ਗਲਤ ਸੰਗਤ ਵਿੱਚ ਨਾ ਜਾਵੇ। ਅਜੋਕੇ ਸਮੇਂ ਵਿੱਚ ਜਿਸਦੇ ਬੱਚੇ ਪੜ੍ਹ-ਲਿਖ ਕੇ ਉਚ ਅਹੁਦੇ ਤੇ ਬੈਠਣ, ਇਹ ਹੀ ਉਸਦੀ ਸਾਰੀ ਉਮਰ ਦੀ ਕਮਾਈ ਹੋਵੇਗੀ।ਇਸ ਮੌਕੇ ਬਲਦੇਵ ਸਿੰਘ ਕੱਥੂਨੰਗਲ ਖੁਰਦ, ਨਾਨਕ ਸਿੰਘ ਮਜੀਠਾ, ਲਾਭ ਚੰਦ ਤੇ ਹੋਰ ਵੀ ਹਾਜ਼ਰ ਸਨ।

# ਇਹੋ ਜਿਹੇ ਸਨ ਇਲੀਚ...

ਵਲਾਦੀਮੀਰ ਇਲੀਚ 22 ਅਪ੍ਰੈਲ 1870 ਨੂੰ ਵੋਲਗਾ ਦਰਿਆ ਦੀ ਗੋਦ 'ਚ ਪੈਦਾ ਹੋਇਆ ਤੇ ਉਸ ਦਾ ਨਿੱਘ ਮਾਣਦਿਆਂ ਹੀ ਵੱਡਾ ਹੋਇਆ। ਉਸ ਦਾ ਬਚਪਨ ਤੇ ਜਵਾਨੀ ਇਸ ਵਿਸ਼ਾਲ ਦਰਿਆ ਦੇ ਚੁਗਿਰਦੇ 'ਚ ਬੀਤੀ। ਵਲਾਦੀਮੀਰ ਇਲੀਚ ਨੂੰ ਬਚਪਨ ਤੋਂ ਹੀ ਸੰਗੀਤ ਤੇ ਸਾਹਿਤ ਦਾ ਸ਼ੌਕ ਸੀ। ਹਸਮੁਖ ਸੁਭਾਅ, ਖੇਡਣਾ-ਕੁੱਦਣਾ, ਤੈਰਾਕੀ, ਸਕੇਟਿੰਗ, ਸ਼ਤਰੰਜ ਉਸ ਨੂੰ ਬਹੁਤ ਪਸੰਦ ਸਨ। ਸੰਗੀਤ ਤੇ ਸਾਹਿਤ ਦਾ ਸ਼ੌਕ ਸ਼ਾਇਦ ਉਸ ਨੂੰ ਆਪਣੀ ਮਾਂ ਮਾਰੀਆ ਉਲੀਆਨੋਵ ਤੋਂ ਵਿਰਾਸਤ 'ਚ ਮਿਲਿਆ, ਕਿਉਂਕਿ ਉਸ ਦੀ ਮਾਂ ਸਾਹਿਤ ਤੇ ਸੰਗੀਤ 'ਚ ਨਿਪੁੰਨ ਸੀ। ਉਹ ਕਈ ਵਿਦੇਸ਼ੀ ਭਾਸ਼ਾਵਾਂ ਜਾਣਦੇ ਸਨ। ਆਪਣੇ ਸਾਰੇ ਗੁਣ ਮਾਰੀਆ ਉਲੀਆਨੋਵ ਨੇ ਆਪਣੇ ਛੇ ਬੱਚਿਆਂ ਨੂੰ ਵੀ ਦਿੱਤੇ। ਉਨ੍ਹਾਂ ਦਾ ਪਾਲਣ-ਪੋਸ਼ਣ ਸੁਚੱਜੇ ਢੰਗ ਨਾਲ ਕੀਤਾ। ਘਰ 'ਚ ਇਨਕਲਾਬੀ ਤੇ ਸਾਹਿਤਕ ਮਾਹੌਲ ਹੋਣ ਕਰਕੇ ਇਲੀਚ ਬਹੁਤ ਪੜ੍ਹਦੇ ਸਨ। ਉਨ੍ਹਾ ਉੱਪਰ ਰੂਸੀ ਸਾਹਿਤ ਦਾ ਬਹੁਤ ਅਸਰ ਸੀ। ਉਨ੍ਹਾ ਨੇ ਬਹੁ-ਪੱਖੀ ਵਿੱਦਿਆ ਹਾਸਲ ਕੀਤੀ। ਇਲੀਚ ਉੱਪਰ ਰੂਸੀ ਸਾਹਿਤ ਤੇ ਘਰ ਦੇ ਪਾਲਣ-ਪੋਸਣ ਦਾ ਹੀ ਅਸਰ ਸੀ ਕਿ ਉਸ ਦੇ ਮਨ 'ਚ ਸਰਮਾਏਦਾਰੀ ਵਿਰੁੱਧ ਨਫਰਤ ਤੇ ਲੁੱਟੇ ਜਾਣ ਵਾਲਿਆਂ ਨਾਲ ਹਮਦਰਦੀ ਬਚਪਨ ਤੋਂ ਹੀ ਸੀ। ਸਕੂਲ 'ਚ ਪੜ੍ਹਦਿਆਂ ਹੀ ਲੈਨਿਨ ਨੇ ਇਕ ਲੇਖ ਲਿਖਿਆ ਜਿਸ 'ਤੇ ਉਸ ਦੇ ਹੈਡਮਾਸਟਰ ਨੇ ਉਸ ਨੂੰ ਚੇਤਾਵਨੀ ਦਿੱਤੀ ਕਿ "ਪੀੜਤ ਸ਼੍ਰੇਣੀਆਂ ਕੀ ਹਨ, ਜਿਨ੍ਹਾਂ ਬਾਰੇ ਲੇਖ ਲਿਖਿਆ ਹੈ ਤੇ ਇਸ ਨਾਲ ਉਨ੍ਹਾਂ ਦਾ ਕੀ ਸੰਬੰਧ ਹੈ?" ਇਲੀਚ ਵਿੱਚ ਇਨਕਲਾਬੀ ਭਾਵਨਾ ਜ਼ਾਹਰ ਹੋ ਗਈ ਸੀ। ਆਪਣੇ ਭਰਾ ਦੀ ਮੌਤ ਦੇ ਸਦਮੇ ਤੋਂ ਬਾਅਦ ਹੀ ਇਲੀਚ ਨੂੰ ਅਹਿਸਾਸ ਹੋਇਆ ਕਿ ਇਹ ਘੋਲ/ਸੰਘਰਸ਼ ਕਿਸੇ ਵਿਅਕਤੀ ਵਿਸ਼ੇਸ਼ ਖਿਲਾਫ ਨਹੀਂ ਬਲਕਿ ਪ੍ਰਬੰਧ ਦੇ ਖਿਲਾਫ ਹੀ ਲੜਨਾ ਪੈਣਾ। ਪ੍ਰਬੰਧ ਬਦਲਣ ਦੀ ਲੜਾਈ ਹੀ ਅਸਲੀ ਤੇ ਸਹੀ ਰਾਹ ਹੈ। ਇਸੇ ਕਰਕੇ ਹੀ ਇਲੀਚ ਨੇ 17 ਸਾਲ ਦੀ ਉਮਰ ਵਿੱਚ ਹੀ ਇਨਕਲਾਬ ਦਾ ਰਾਹ ਫੜ ਲੈਣ ਤੇ ਪ੍ਰਬੰਧ ਖਿਲਾਫ ਆਵਾਜ਼ ਬੁਲੰਦ ਕਰਨੀ ਸ਼ੁਰੂ ਕੀਤੀ। ਕਜ਼ਾਨ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ 'ਚ ਦਾਖਲਾ ਲੈਣ ਤੋਂ ਬਾਅਦ ਇਲੀਚ ਨੇ ਵਧੀਆ ਸੋਚ ਦੇ ਵਿਦਿਆਰਥੀਆਂ ਨਾਲ ਸੰਪਰਕ ਸਥਾਪਤ ਕੀਤੇ ਤੇ ਵਿਦਿਆਰਥੀਆਂ ਦੀਆਂ ਖੁਫੀਆ ਮੀਟਿੰਗਾਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਨਕਲਾਬੀ ਰਾਹ 'ਤੇ ਤੁਰਦਿਆਂ ਹੀ ਉਸ ਨੂੰ ਕਜਾਨ ਵਿੱਚ ਕੋਕੂਸਕੀਨੋ ਪਿੰਡ 'ਚ ਜਲਾਵਤਨ ਕਰ ਦਿੱਤਾ ਗਿਆ, ਜਿੱਥੇ ਉਸ ਨੇ ਆਪਣੀ ਸਵੈ ਵਿੱਦਿਆ ਦਾ ਕੰਮ ਜਾਰੀ ਰੱਖਿਆ। ਉਹ ਲਿਖਦਾ ਹੈ,"ਮੇਰਾ ਨਹੀਂ ਖਿਆਲ ਕਿ ਮੈਂ ਆਪਣੀ ਜ਼ਿੰਦਗੀ 'ਚ ਏਨਾ ਜ਼ਿਆਦਾ ਪੜ੍ਹਿਆ ਹੋਵੇ, ਇਥੋਂ ਤੱਕ ਕਿ ਸੇਂਟ ਪੀਟਰਜਬਰਗ ਦੀ ਜੇਲ੍ਹ ਜਾਂ ਸਾਇਬੇਰੀਆ 'ਚ ਵੀ ਨਹੀਂ, ਜਿੰਨਾ ਮੈਂ ਕੋਕੂਸਕੀਨੋ ਪਿੰਡ 'ਚ ਜਲਾਵਤਨ ਕੀਤੇ ਜਾਣ ਪਿੱਛੋਂ ਉਸ ਸਾਲ ਪੜ੍ਹਿਆ। ਮੈਂ ਤੜਕਸਾਰ ਤੋਂ ਕਾਫੀ ਰਾਤ ਗਈ ਤੱਕ ਅੰਨ੍ਹੇ ਜੋਸ਼ ਨਾਲ ਪੜ੍ਹਦਾ ਰਹਿੰਦਾ।"

ਲੈਨਿਨ ਨੇ ਆਪਣੀ ਸਵੈ-ਵਿੱਦਿਆ ਲਈ ਸਖਤ ਮਿਹਨਤ ਜਾਰੀ ਰੱਖੀ। ਅਲਾਕਾਏਵਕਾ ਵਿਚ ਗਰਮੀਆਂ ਦੀ ਰੁੱਤੇ ਉਨ੍ਹਾ ਖੱਟਿਆਂ ਦੇ ਬੂਟਿਆਂ ਵਾਲੇ ਇਕ ਛਾਂਦਾਰ ਰਾਹ 'ਤੇ ਆਪਣੇ ਲਈ ਇਕ ਛਾਂ ਵਾਲਾ ਕੋਨਾ ਲੱਭ ਲਿਆ, ਜਿਥੇ ਇਕ ਬੈਂਚ ਅਤੇ ਇਕ ਮੇਜ਼ ਸੀ। 'ਹਰ ਰੋਜ਼ ਸਵੇਰੇ ਨਾਸ਼ਤੇ ਮਗਰੋਂ ਉਹ ਆਪਣੀਆਂ ਬਾਹਾਂ ਹੇਠ ਕਿਤਾਬਾਂ ਦੇ ਥੱਬ ਦਬਾਈ ਉਥੇ ਚਲੇ ਜਾਂਦੇ, ਜਿਵੇਂ ਕਿ ਕੋਈ ਕਰੜਾ ਅਧਿਆਪਕ ਉਥੇ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਹੋਵੇ ਅਤੇ ਉਥੇ ਉਹ ਬਿਲਕੁਲ ਇਕੱਲੇ ਖਾਣੇ ਦੇ ਵੇਲੇ ਤੱਕ ਟਿਕੇ ਰਹਿੰਦੇ।' ਉਨ੍ਹਾਂ ਦੀ ਭੈਣ ਅੱਨਾ ਨੇ ਮਗਰੋਂ ਯਾਦ ਕੀਤਾ। ਉਹ ਗੰਭੀਰ ਅਧਿਐਨ ਨੂੰ ਆਰਾਮ ਦੇ ਮੌਕਿਆਂ ਨਾਲ ਜੋੜ ਸਕਦੇ ਸਨ। ਉਹ ਬਾਕਾਇਦਾ ਵਰਜਸ਼ ਅਤੇ ਲੰਮੀ ਸੈਰ ਕਰਦੇ, ਸੰਗੀਤ ਲਈ, ਗਾਉਣ ਅਤੇ ਸ਼ਤਰੰਜ ਲਈ ਵਕਤ ਕੱਢ ਲੈਂਦੇ। ਉਨ੍ਹਾ ਨੂੰ ਮਜ਼ਾਕ ਅਤੇ ਹਾਸਾ ਪਸੰਦ ਸੀ ਅਤੇ ਉਹ ਆਪਣੀ ਹਸਮੁਖਤਾ ਅਤੇ ਖੁਸ਼ ਜਵਾਨੀ ਭਰੀ ਚੜ੍ਹਦੀ ਕਲਾ ਹਮੇਸ਼ਾ ਦੂਜਿਆਂ ਵਿਚ ਵੀ ਰਚਾ ਦੇਂਦੇ ਸਨ। ਲੈਨਿਨ ਜੋ ਵੀ ਲਿਖਦੇ, ਬਹੁਤ ਸਾਦਾ ਤੇ ਸਪੱਸ਼ਟ ਬੋਲੀ ਵਿੱਚ ਲਿਖਦੇ ਤਾਂ ਕਿ ਆਮ ਮਜ਼ਦੂਰਾਂ ਨੂੰ ਵੀ ਉਹ ਗੱਲ ਸਮਝ ਆ ਜਾਵੇ। ਉਨ੍ਹਾ ਦਾ ਮਜ਼ਦੂਰਾਂ ਨਾਲ ਬਹੁਤ ਸਨੇਹ ਸੀ। ਉਹ ਕਿਰਤ ਦੀ ਲੁੱਟ ਨੂੰ ਕਹਾਣੀਆਂ ਜ਼ਰੀਏ ਪੈਂਫਲੈਟਾਂ 'ਚ ਦੱਸਣ ਦੀ ਕੋਸ਼ਿਸ਼ ਕਰਦੇ ਸਨ। ਲੈਨਿਨ ਨੇ ਹਮੇਸ਼ਾ ਮਜ਼ਦੂਰਾਂ ਦੀ ਮਦਦ ਕੀਤੀ। ਸਾਇਬੇਰੀਆ ਦੀ ਜੇਲ੍ਹ ਵਿੱਚ ਹੁੰਦਿਆਂ ਵੀ ਉਨ੍ਹਾ ਉੱਥੇ ਇਕ ਵਕੀਲ ਵਜੋਂ ਲੋਕਾਂ ਨੂੰ ਸਲਾਹਾਂ ਦੇ ਕੇ ਸਹੀ ਰਾਹ ਪਾਇਆ। ਲੈਨਿਨ ਬਾਰੇ ਕਿਤਾਬ 'ਨੀਲੇ ਪੱਤਰ' ਪੜ੍ਹਦਿਆਂ ਉਹਨੂੰ ਹੋਰ ਵਧੇਰੇ ਨੇੜਿਓਂ ਹੋ ਕੇ ਜਾਣਨ 'ਤੇ ਪਤਾ ਲੱਗਾ ਕਿਵੇਂ ਤਿੰਨ ਮਹੀਨੇ ਤੋਂ ਬਹੁਤਾ ਸਮਾਂ ਉਹ ਰੂਪੋਸ਼ੀ ਦੀ ਹਾਲਤ ਵਿਚ ਰਹੇ ਅਤੇ ਕੰਮ ਕਰਦੇ ਰਹੇ, ਜਦ ਕਿ ਆਰਜ਼ੀ ਸਰਕਾਰ ਦੇ ਜਾਸੂਸਾਂ ਵਲੋਂ ਫੜੇ ਜਾਣ ਦਾ ਖਤਰਾ ਹਰ ਦਿਨ, ਹਰ ਪਲ ਉਨ੍ਹਾ ਦੇ ਸਾਹਮਣੇ ਹੁੰਦਾ ਸੀ।



ਕਈ ਦਿਨਾਂ ਤੱਕ ਲੈਨਿਨ ਨੇ ਪੀਤਰੋਗਰਾਦ ਦੇ ਮਜ਼ਦੂਰਾਂ ਦੇ ਘਰਾਂ ਵਿਚ ਸਰਨ ਲਈ ਅਤੇ ਫਿਰ ਪੀਤਰੋਗਰਾਦ ਦੇ ਨੇੜੇ ਰਾਜਲੀਵ ਝੀਲ ਦੇ ਕੰਢੇ ਇਕ ਫਿਨਿਸ਼ ਘਸਿਆਰੇ ਦਾ ਭੇਸ ਬਣਾ ਕੇ ਇਕ ਕੁੱਲੀ 'ਚ ਰਹੇ। ਸੇਸਤਰੋਰੇਤਸਕ ਕਾਰਖਾਨੇ ਦਾ ਇਕ ਮਜ਼ਦੂਰ ਨ. ਅ. ਯਮੇਲਿਯਾਨੋਵ ਉਨ੍ਹਾ ਦੀ ਹਿਫਾਜ਼ਤ ਅਤੇ ਸਹਾਇਤਾ ਕਰ ਰਿਹਾ ਸੀ। ਲੈਨਿਨ ਨੂੰ ਇਕ ਦਾਤੀ, ਕਰਾਹਾ, ਕੁਹਾੜੀ, ਲੋਟਾ ਅਤੇ ਹੋਰ ਸਭ ਕੁਝ ਦਿੱਤਾ ਗਿਆ, ਜੋ ਕੁਝ ਇਕ ਘਸਿਆਰੇ ਕੋਲ ਹੋਣਾ ਚਾਹੀਦਾ ਹੈ। ਕੁੱਲੀ ਦੇ ਨੇੜੇ ਹੀ ਝਾੜੀਆਂ 'ਚ ਥੋੜ੍ਹੀ ਜਿਹੀ ਥਾਂ ਸਾਫ ਕੀਤੀ ਗਈ, ਜਿਸ ਨੂੰ ਲੈਨਿਨ ਮਜ਼ਾਕ ਨਾਲ 'ਮੇਰਾ ਸਬਜ਼ ਪੜ੍ਹਨ-ਕਮਰਾ' ਕਿਹਾ ਕਰਦੇ ਸਨ। ਉਸ ਖਾਲੀ ਥਾਂ 'ਤੇ ਲੱਕੜੀ ਦੇ ਦੋ ਪੁੜ ਰੱਖ ਦਿੱਤੇ ਗਏ, ਇਕ ਮੇਜ਼ ਦਾ ਅਤੇ ਦੂਜਾ ਕੁਰਸੀ ਦਾ ਕੰਮ ਦੇਣ ਲਈ। ਉਥੇ ਲੈਨਿਨ ਕੰਮ ਕਰਦੇ, ਲੇਖ ਅਤੇ ਚਿੱਠੀਆਂ ਲਿਖਦੇ ਅਤੇ ਆਪਣੀ ਕਿਤਾਬ 'ਰਾਜ ਅਤੇ ਇਨਕਲਾਬ' ਤਿਆਰ ਕਰਦੇ ਸਨ। ਲੈਨਿਨ ਦੇ ਬਾਕਾਇਦਾ ਅਤੇ ਤੀਖਣ ਕੰਮ ਨੂੰ ਕੋਈ ਚੀਜ਼ ਨਹੀਂ ਸੀ ਰੋਕ ਸਕਦੀ। ਅਤਿ ਦੀਆਂ ਮੁਸ਼ਕਲ ਹਾਲਤਾਂ ਵਿਚ ਵੀ ਉਨ੍ਹਾ ਦਾ ਦਿਮਾਗ ਸਰਗਰਮੀ ਨਾਲ ਘੋਲ ਲਈ ਯੋਜਨਾਵਾਂ ਘੜਦਾ ਰਹਿੰਦਾ। ਲੈਨਿਨ ਹਰ ਨਿੱਕੀ ਨਿੱਕੀ ਗੱਲ ਦਾ ਧਿਆਨ ਰੱਖਦਾ ਸੀ। ਹਰ ਸਮਾਂ ਚੁਕੰਨਾ ਰਹਿਣਾ। ਸਿਰਫ ਤੇ ਸਿਰਫ ਲਿਖਣ ਪੜ੍ਹਨ ਵਿੱਚ ਮਗਨ ਰਹਿਣਾ। ਜੋ ਮਿਲਿਆ, ਉਹ ਖਾ ਲੈਣਾ। ਕਿਤੇ ਕਿਤੇ ਹਾਸਾ ਮਾਖੌਲ ਵੀ ਕਰਦੇ ਰਹਿਣਾ। ਲੈਨਿਨ ਕਹਿੰਦੇ "ਚੰਨ ਵਾਲੀ ਰਾਤ ਦਾਰਸ਼ਨਿਕ ਸੋਚਾਂ ਨੂੰ ਉਕਸਾਂਦੀ ਹੈ। ਇਹ ਚੰਨ ਏਥੇ ਹਰ ਵੇਖਣ ਜੋਗੀ ਸ਼ੈ ਵੇਖ ਚੁੱਕਾ ਹੈ। ਸ਼ਾਇਦ ਇਹ ਪਹਿਲੀ ਵੇਰ ਈ ਨਹੀਂ ਕਿ ਚੰਨ ਨੇ ਪੁਲਸ ਕੋਲੋਂ ਲੁਕੇ ਫਿਰਦੇ ਬੱਧੀਜੀਵੀ ਵੇਖੇ ਨੇ ਜਿਨ੍ਹਾਂ ਨੂੰ ਪੈਰਾਂ ਵਾਲੀਆਂ ਪੱਟੀਆਂ ਵੀ ਬੰਨ੍ਹਣੀਆਂ ਨਹੀਂ ਆਉਂਦੀਆਂ।"

"ਤੁਸੀਂ ਹਮੇਸ਼ਾ ਠੱਠਾ ਕਰਦੇ ਰਹਿੰਦੇ ਓ।"

"ਇਸ ਥਾਂ ਇੱਕ ਗੱਲ ਦੀ ਘਾਟ ਏ", ਹੌਲੀ ਜਿਹੀ ਲੈਨਿਨ ਨੇ ਆਖਿਆ। ਉਹਦੇ ਨਾਲ ਦਾ ਸਾਥੀ ਕਹਿੰਦਾ ਹਾਂ, ਇੱਥੇ ਮੱਛਰ ਬਹੁਤ ਹਨ।

ਲੈਨਿਨ ਕਹਿੰਦਾ, "ਨਹੀਂ ਇਹ ਗੱਲ ਨਹੀਂ। ਮੁਸ਼ਕਲ ਇਹ ਵੇ ਕਿ ਇੱਥੇ ਰਾਤ ਨੂੰ ਕੰਮ ਕਰਨਾ ਸੰਭਵ ਨਹੀਂ।" ਰੂਪੋਸ਼ ਹੋ ਕੇ ਵੀ ਲੈਨਿਨ ਨੂੰ ਚਿੰਤਾ ਸੀ ਕਿ ਲਿਖਣ ਤੇ ਪੜ੍ਹਨ ਵਾਲਾ ਕੰਮ ਜ਼ਿਆਦਾ ਤੋਂ ਜ਼ਿਆਦਾ ਹੋਣਾ ਚਾਹੀਦਾ ਹੈ। ਉਹ ਇਕਾਗਰਤਾ ਨਾਲ ਇਹ ਕੰਮ ਕਰਦਾ ਰਿਹਾ। ਲੈਨਿਨ ਆਪਣੇ ਨਾਲ ਦੇ ਸਾਥੀ ਨੂੰ ਕਹਿੰਦਾ, "ਤੂੰ ਹੁਣ ਉੱਠਿਆ ਹੈ। ਤੈਨੂੰ ਯਾਦ ਨਹੀਂ ਕਿ ਤੂੰ ਇੱਕ ਘਾਹ ਵਾਢਾ ਏ ਤੇ ਆਹ ਕੰਮ ਦਾ ਵਧੀਆ ਵੇਲਾ ਏ! ਮੈਂ ਇੱਕ ਲੇਖ ਪੂਰਾ ਤੇ ਇੱਕ ਅੱਧਾ ਲਿਖ ਲਿਐ। ਮੈਂ ਆਪਣੀ ਕਲਮ ਨੂੰ ਦਾਤਰੀ ਵਾਂਗ ਵਰਤੀ ਜਾ ਰਿਹਾਂ। ਆ ਲੈ ਪੜ੍ਹ।"

ਇਹੋ ਜਿਹੇ ਸਨ ਲੈਨਿਨ!!

ਲੈਨਿਨ ਨੇ ਸੇਂਟ ਪੀਟਰਜਬਰਗ ਦੀ ਜੇਲ੍ਹ ਵਿਚ 14 ਮਹੀਨੇ ਇਕੱਲਿਆਂ ਕੈਦ-ਕੋਠੜੀ 'ਚ ਕੱਟੇ। ਪਰ ਸੀਖਾਂ ਪਿੱਛੇ ਵੀ ਇਨਕਲਾਬ ਲਈ ਉਨ੍ਹਾ ਦਾ ਕੰਮ ਰੁਕਿਆ ਨਹੀਂ ਸੀ। ਉਨ੍ਹਾ ਨੇ ਜੇਲ੍ਹ ਤੋਂ ਵੀ ਲੀਗ ਦੀਆਂ ਸਰਗਰਮੀਆਂ ਦੀ ਅਗਵਾਈ ਕਰਨ ਦੇ ਰਾਹ ਅਤੇ ਸਾਧਨ ਲੱਭ ਲਏ। ਉਨ੍ਹਾਂ ਬਾਹਰਲੇ ਸਾਥੀਆਂ ਨਾਲ ਸੰਪਰਕ ਕਾਇਮ ਕੀਤਾ। ਉਹ ਚਿੱਠੀਆਂ, ਦੁਵਰਕੀਆਂ ਅਤੇ ਪੈਂਫਲਟ ਲਿਖਦੇ ਅਤੇ ਜੇਲ੍ਹ ਤੋਂ ਬਾਹਰ ਸਮੱਗਲ ਕਰਦੇ। ਜਦੋਂ ਉਹ ਜੇਲ੍ਹ 'ਚ ਸਨ ਤਾਂ ਉਨ੍ਹਾ ਨੇ ਮਾਰਕਸਵਾਦੀ ਪਾਰਟੀ ਦਾ ਪਹਿਲਾ ਡਰਾਫਟ ਪ੍ਰੋਗਰਾਮ ਅਤੇ ਇਸ ਦੇ ਵਿਆਖਿਆਤਮਕ ਨੋਟ ਲਿਖੇ। ਲੈਨਿਨ ਕਿਤਾਬਾਂ ਅਤੇ ਰਸਾਲਿਆਂ ਦੀਆਂ ਸਤਰਾਂ ਵਿਚਕਾਰ ਦੁੱਧ ਨਾਲ ਇਨਕਲਾਬੀ ਦਸਤਾਵੇਜ਼ ਲਿਖਦੇ ਸਨ। ਇਹ ਲਿਖਾਈ ਦਿਖਾਈ ਨਹੀਂ ਸੀ ਦਿੰਦੀ ਜਦ ਤੱਕ ਇਸ ਨੂੰ ਗਰਮ ਨਾ ਕੀਤਾ ਜਾਏ, ਅਤੇ ਫਿਰ ਇਹ ਪੜ੍ਹਨ ਲਈ ਕਾਫੀ ਉੱਘੜ ਆਉਂਦੀ ਸੀ। ਇਨਕਲਾਬੀਆਂ ਵਲੋਂ ਇਸ ਢੰਗ ਦੀ ਆਪਣੇ ਚਿੱਠੀ-ਪੱਤਰ ਵਿਚ ਅਕਸਰ ਵਰਤੋਂ ਕੀਤੀ ਜਾਂਦੀ ਸੀ। ਲੈਨਿਨ ਦੁੱਧ ਰੱਖਣ ਲਈ ਰੋਟੀ ਤੋਂ ਨਿੱਕੀਆਂ ਨਿੱਕੀਆਂ 'ਦਵਾਤਾਂ' ਬਣਾਉਂਦੇ ਅਤੇ ਆਪਣੇ ਜੇਲ੍ਹਰ ਦੇ ਆਉਣ ਉਤੇ ਛੇਤੀ ਨਾਲ ਉਨ੍ਹਾਂ ਨੂੰ ਨਿਗਲ ਜਾਂਦੇ। 'ਅੱਜ ਮੈਂ ਛੇ ਦਵਾਤਾਂ ਖਾਧੀਆਂ ਨੇ', ਉਨ੍ਹਾਂ ਨੇ ਇਕ ਚਿੱਠੀ ਵਿਚ ਮਜ਼ਾਕ ਨਾਲ ਲਿਖਿਆ। ਲੈਨਿਨ ਨੇ 1892 'ਚ ਸਮਾਰਾ ਵਿੱਚ ਹੀ ਮਾਰਕਸਵਾਦ ਲਈ ਪਹਿਲੀ ਟੋਲੀ ਜਥੇਬੰਦ ਕੀਤੀ। ਇਨ੍ਹਾਂ 'ਚ ਉਹ ਬਹਿਸ ਤੇ ਵਿਚਾਰਾਂ ਕਰਿਆ ਕਰਦੇ ਸਨ। ਇਨ੍ਹਾਂ ਸਟੱਡੀ ਸਰਕਲਾਂ 'ਚ ਉਹ ਮਜ਼ਦੂਰਾਂ ਨੂੰ ਲਾਮਬੰਦ ਕਰਦੇ ਸਨ। ਇਨ੍ਹਾਂ ਸਟੱਡੀ ਸਰਕਲਾਂ ਜਿਨ੍ਹਾਂ ਵਿੱਚ ਕਰੁਪਸਕਾਯਾ ਤੇ ਲੈਨਿਨ ਮਜ਼ਦੂਰਾਂ ਨੂੰ ਸੰਗਠਿਤ ਕਰਦੇ ਸਨ, ਨੇ ਲੈਨਿਨ ਤੇ ਕਰੁਪਸਕਾਯਾ ਨੂੰ ਨੇੜੇ ਲੈ ਆਂਦਾ। ਕਰੁਪਸਕਾਯਾ ਸੇਨਸਕੋਯੇ ਵਿਚ ਲੈਨਿਨ ਨਾਲ ਆ ਮਿਲੀ। ਲੈਨਿਨ ਦੀ ਮੰਗੇਤਰ ਹੋਣ ਕਾਰਨ ਉਨ੍ਹਾ ਨੂੰ ਸੂਸੇਨਸਕੋਯੇ ਵਿਚ ਆਪਣੀ ਸਜ਼ਾ ਬਿਤਾਉਣ ਦੀ ਆਗਿਆ ਦੇ ਦਿੱਤੀ ਗਈ ਸੀ। ਉਥੇ ਉਨ੍ਹਾ ਨੇ ਵਿਆਹ ਕਰਵਾਇਆ। ਕਰੂਪਸਕਾਯਾ ਲੈਨਿਨ ਦੀ ਪਤਨੀ ਬਣ ਗਈ ਅਤੇ ਉਨ੍ਹਾ ਦੀ ਵਫਾਦਾਰ ਸਾਥਣ ਅਤੇ ਉਨ੍ਹਾ ਦੇ ਆਖਰੀ ਦਿਨਾਂ ਤੱਕ ਲਗਨ ਭਰੀ ਸਹਾਇਕ ਬਣੀ ਰਹੀ। ਲੈਨਿਨ ਆਪਣੀ ਜਲਾਵਤਨੀ ਖਤਮ ਹੋਣ ਦੀ ਤੀਬਰਤਾ ਨਾਲ ਉਡੀਕ ਕਰ ਰਹੇ ਸਨ। ਨਦੇਜਦਾ ਕਰੁਪਕਾਯਾ ਨੇ ਲਿਖਿਆ ਕਿ ਆਪਣੀ ਜਲਾਵਤਨੀ ਦੇ ਇਨ੍ਹਾਂ ਆਖਰੀ ਮਹੀਨਿਆਂ 'ਚ ਵਲਾਦੀਮੀਰ ਇਲੀਚ ਸ਼ਾਇਦ ਹੀ ਕਦੇ ਸੁੱਤੇ ਹੋਣ, ਅਤੇ ਬਹੁਤ ਜ਼ਿਆਦਾ ਪਤਲੇ ਹੋ ਗਏ। ਉਹ ਸਾਰੀ ਸਾਰੀ ਰਾਤ ਜਾਗਦੇ ਬੈਠੇ ਰਹਿੰਦੇ ਅਤੇ ਆਪਣੀ ਯੋਜਨਾ ਨੂੰ ਪੂਰੇ ਵਿਸਥਾਰ ਨਾਲ ਉਲੀਕਦੇ ਰਹਿੰਦੇ। ਸਮਾਂ ਬੀਤਣ ਦੇ ਨਾਲ ਨਾਲ ਉਹ ਆਪਣੇ ਆਪ ਨੂੰ ਕੰਮ ਵਿਚ ਸੁੱਟ ਦੇਣ ਦੀ ਤਾਂਘ ਨਾਲ ਦਿਨੋ-ਦਿਨ ਵਧੇਰੇ ਵਿਆਕੁਲ ਹੁੰਦੇ ਗਏ। ਲੈਨਿਨ ਬਹੁਤ ਸਾਦਗੀ ਨਾਲ ਰਹਿੰਦੇ ਸਨ ਅਤੇ ਸਾਦੇ ਤੋਂ ਸਾਦੇ ਕੱਪੜਿਆਂ ਅਤੇ ਘੱਟੋ-ਘੱਟ ਲੋੜੀਂਦੀਆਂ ਚੀਜ਼ਾਂ ਨਾਲ ਸੰਤੁਸ਼ਟ ਸਨ। ਕਰੂਪਸਕਾਯਾ ਨੇ ਆਪਣੀਆਂ ਯਾਦਾਂ 'ਚ ਲਿਖਿਆ ਹੈ : 'ਓਨੇ ਹੀ ਪੈਸਿਆਂ ਨਾਲ ਸਾਨੂੰ ਚੰਗੇਰਾ ਕਮਰਾ ਕਿਰਾਏ ਉਤੇ ਮਿਲ ਸਕਦਾ ਸੀ, ਪਰ ਸਾਨੂੰ ਸਾਡੇ ਮੇਜ਼ਬਾਨ ਪਸੰਦ ਸਨ।' ਇਹ ਇਨਕਲਾਬੀ ਸੋਚਣੀ ਵਾਲਾ ਮਜ਼ਦੂਰ-ਜਮਾਤ ਪਰਵਾਰ ਸੀ, ਜਿਹੜਾ ਜੰਗ ਦੀ ਨਿਖੇਧੀ ਕਰਦਾ ਸੀ। ਅੰਧ-ਰਾਸ਼ਟਰਵਾਦ ਦਾ ਨਾਂ-ਨਿਸ਼ਾਨ ਨਹੀਂ ਸੀ, ਅਤੇ ਇਕ ਵਾਰੀ, ਜਦੋਂ ਗੈਸ-ਸਟੋਵ ਦੁਆਲੇ ਔਰਤਾਂ ਦੀ ਪੂਰੀ ਇੰਟਰਨੈਸ਼ਨਲ ਜੁੜੀ ਹੋਈ ਸੀ ਤਾਂ ਫਰਾ ਕਾਮੇਰਰ ਰੋਹ 'ਚ ਆ ਕੇ ਬੋਲੀ : 'ਸਿਪਾਹੀਆਂ ਨੂੰ ਆਪਣੇ ਹਥਿਆਰ ਆਪਣੀਆਂ ਸਰਕਾਰਾਂ ਵੱਲ ਮੋੜ ਦੇਣੇ ਚਾਹੀਦੇ ਨੇ।' ਇਸ ਤੋਂ ਪਿੱਛੋਂ ਇਲੀਚ ਕਿਸੇ ਹੋਰ ਥਾਂ ਚਲੇ ਜਾਣਾ ਸੁਣਨ ਲਈ ਵੀ ਤਿਆਰ ਨਹੀਂ ਸਨ। ਲੈਨਿਨ ਕਿਤਾਬਾਂ ਲਈ ਜਾਂ ਉਨ੍ਹਾਂ ਲਾਇਬਰੇਰੀਆਂ ਲਈ ਪੈਸੇ ਖਰਚਣੋਂ ਕਦੀ ਨਹੀਂ ਸਨ ਝਿਜਕੇ ਜਿਨ੍ਹਾਂ ਵਿਚ ਉਹ ਲਗਾਤਾਰ ਕੰਮ ਕਰਦੇ ਸਨ। ਘਰ ਉਨ੍ਹਾ ਕੋਲ ਵੱਖੋ ਵੱਖ ਬੋਲੀਆਂ 'ਚ ਕਿੰਨੀਆਂ ਸਾਰੀਆਂ ਕਿਤਾਬਾਂ, ਅਖ਼ਬਾਰਾਂ ਅਤੇ ਰਸਾਲੇ ਹੁੰਦੇ ਸਨ। ਉਨ੍ਹਾ ਦੀਆਂ ਪਦਾਰਥਕ ਹਾਲਤਾਂ ਭਾਵੇਂ ਕੈਸੀਆਂ ਵੀ ਹੁੰਦੀਆਂ, ਲੈਨਿਨ ਹਮੇਸ਼ਾ ਸਖਤ ਮਿਹਨਤ ਕਰਦੇ, ਆਪਣਾ ਵਕਤ ਹਮੇਸ਼ਾ ਸਿਆਣੀ ਅਤੇ ਸੁਚੱਜੀ ਤਰ੍ਹਾਂ ਵੰਡਦੇ। ਲੈਨਿਨ ਮਨੁੱਖੀ ਗੁਣਾਂ ਨਾਲ ਭਰਪੂਰ ਵਿਅਕਤੀ ਸੀ। ਸਾਦਗੀ, ਨਿਮਰਤਾ ਨਾਲ ਤੇ ਸਾਥੀਆਂ ਵਾਲੀ ਭਾਵਨਾ ਨਾਲ ਉਹ ਗੜੁੱਚ ਸਨ। ਲੈਨਿਨ ਕਦੇ ਵੀ ਆਪਣੀ ਪ੍ਰਸੰਸਾ ਕਰਨਾ ਪਸੰਦ ਨਹੀਂ ਸਨ ਕਰਦੇ। ਜਦੋਂ ਲੈਨਿਨ ਦੇ ਜਨਮ ਦਿਨ 'ਤੇ ਇਕ ਵਾਰ ਬੁਲਾਰਿਆਂ ਨੇ ਉਨ੍ਹਾ ਦੀ ਤਾਰੀਫ ਕੀਤੀ ਤਾਂ ਉਨ੍ਹਾ ਨੇ ਬੁਲਾਰਿਆਂ ਨੂੰ ਸੁਣਨ ਤੋਂ ਮਨ੍ਹਾਂ ਕਰ ਦਿੱਤਾ। ਉਹ ਜਨਮ ਦਿਨ ਮਨਾਉਣ ਦੇ ਵੀ ਹੱਕ ਵਿੱਚ ਨਹੀਂ ਸਨ। ਮਗਰੋਂ ਆਪਣੀ ਤਕਰੀਰ ਵਿਚ ਉਨ੍ਹਾ ਕਮਿਊਨਿਸਟਾਂ ਨੂੰ ਖੁਦ-ਫਰੇਬੀ ਦੇ ਖਤਰੇ ਦੇ ਖਿਲਾਫ ਚੇਤਾਵਨੀ ਦਿੱਤੀ ਅਤੇ ਪਾਰਟੀ ਨੂੰ ਉਘੇ ਮਸਲਿਆਂ ਉਪਰ ਆਪਣਾ ਧਿਆਨ ਕੇਂਦਰਿਤ ਕਰਨ ਲਈ ਕਿਹਾ। ਲੈਨਿਨ ਨੇ ਕਦੇ ਵੀ ਹਾਰ ਨਹੀਂ ਮੰਨੀ। ਹਰ ਵਾਰ ਜੇਲ੍ਹ ਜਾਂ ਜਲਾਵਤਨੀ ਤੋਂ ਬਾਅਦ ਹੋਰ ਦੁੱਗਣੇ ਜੋਸ਼ ਨਾਲ ਮਜ਼ਦੂਰਾਂ ਕਿਸਾਨਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੰਦੇ। ਉਹ ਕਹਿੰਦੇ, "ਸਾਨੂੰ ਉਨ੍ਹਾਂ ਸਭ ਥਾਵਾਂ 'ਤੇ ਜਾਣਾ ਚਾਹੀਦਾ ਜਿੱਥੇ ਲੋਕ ਰਹਿੰਦੇ ਤੇ ਕੰਮ ਕਰਦੇ ਹਨ, ਜ਼ਿੰਦਗੀ ਦੀ ਧੜਕਣ ਉਥੇ ਹੈ, ਸਾਡੇ ਇਨਕਲਾਬ ਲਈ ਮੁਕਤੀ ਦਾ ਸੋਮਾ ਉੱਥੇ ਹੈ।" ਅੱਜ ਲੋੜ ਹੈ ਕਿ ਅਸੀਂ ਵੀ ਲੈਨਿਨ ਦੇ ਜੀਵਨ ਤੋਂ ਸੇਧ ਲੈਂਦਿਆਂ ਅੱਗੇ ਵਧੀਏ। ਆਓ ਲੈਨਿਨ ਨੂੰ ਹੋਰ ਪੜ੍ਹੀਏ, ਵਿਚਾਰੀਏ ਤੇ ਅਮਲ ਕਰੀਏ!

**ਜਸਪ੍ਰੀਤ ਕੌਰ**
62395-56319

# ਐੱਲ ਪੀ ਯੂ ਦੇ ਸਕੂਲ ਆਫ ਲਿਬਰਲ ਐਂਡ ਕ੍ਰਿਏਟਿਵ ਆਰਟਸ ਨੇ ਚੈਂਪੀਅਨਸ਼ਿਪ ਟਰਾਫੀ ਜਿੱਤੀ

**ਜਲੰਧਰ (ਸ਼ੈਲੀ ਐਲਬਰਟ)**-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਸਕੂਲ ਆਫ ਲਿਬਰਲ ਐਂਡ ਕ੍ਰਿਏਟਿਵ ਆਰਟਸ ਨੇ ਤਾਮਿਲਨਾਡੂ ਰਾਜ ਦੀ ਸਪੱਸ਼ਟ ਤੌਰ 'ਤੇ ਨੁਮਾਇੰਦਗੀ ਕਰਨ ਲਈ ਸਾਲਾਨਾ 12ਵੇਂ ਸੱਭਿਆਚਾਰਕ ਮੇਲੇ 'ਵਨ ਇੰਡੀਆ-2024' ਦੀ ਓਵਰਆਲ ਚੈਂਪੀਅਨਸ਼ਿਪ ਟਰਾਫੀ ਜਿੱਤ ਲਈ ਹੈ। ਜੇਤੂ ਟੀਮਾਂ ਸਮੇਤ ਪਹਿਲੇ ਅਤੇ ਦੂਜੇ ਉਪ ਜੇਤੂ ਨੇ ਵੀ ਕੁਲ ਮਿਲਾ ਕੇ 1,25,000 ਦੀ ਨਕਦ ਇਨਾਮੀ ਰਾਸ਼ੀ ਜਿੱਤੀ ਹੈ। ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਅਤੇ ਆਰਕੀਟੈਕਚਰ ਅਤੇ ਡਿਜ਼ਾਈਨ ਦੇ ਸਕੂਲਾਂ ਨੂੰ ਕ੍ਰਮਵਾਰ ਮਿਜ਼ੋਰਮ ਅਤੇ ਪੱਛਮੀ ਬੰਗਾਲ ਰਾਜਾਂ ਦੀ ਨੁਮਾਇੰਦਗੀ ਕਰਨ ਲਈ ਫਸਟ ਰਨਰ-ਅੱਪ ਘੋਸ਼ਿਤ ਕੀਤਾ ਗਿਆ। ਸਿੱਖਿਆ ਦੇ ਸਕੂਲ; ਖੇਤੀਬਾੜੀ; ਅਤੇ ਸੀ ਐਸ ਈ ਨੂੰ ਕ੍ਰਮਵਾਰ ਉੱਤਰਾਖੰਡ, ਅਸਾਮ ਅਤੇ ਉੱਤਰ ਪ੍ਰਦੇਸ਼ ਨੂੰ ਦਰਸਾਉਣ ਲਈ ਦੂਜੇ ਰਨਰ-ਅੱਪ ਵਜੋਂ ਘੋਸ਼ਿਤ ਕੀਤਾ ਗਿਆ। ਮਿੱਤਲ ਸਕੂਲ ਆਫ਼ ਬਿਜ਼ਨਸ, ਕੰਪਿਊਟਰ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਦੁਆਰਾ ਤਿੰਨ ਦਿਲਾਸਾ ਇਨਾਮ ਸਾਂਝੇ ਕੀਤੇ ਗਏ ਜੋ ਕਿ ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਅਤੇ ਕੇਰਲ ਦੀ ਨੁਮਾਇੰਦਗੀ ਲਈ ਹਨ। ਜੇਤੂਆਂ ਨੂੰ ਵਧਾਈ ਦਿੰਦੇ ਅਤੇ ਹੋਰ ਸਾਰੇ ਪ੍ਰਤੀਭਾਗੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਅਤੇ ਰਾਜ ਸਭਾ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਜੇਤੂ ਟੀਮਾਂ ਅਤੇ ਉਨ੍ਹਾਂ ਦੇ ਸਲਾਹਕਾਰਾਂ ਨੂੰ ਟਰਾਫੀਆਂ ਅਤੇ ਯਾਦਗਾਰੀ ਚਿੰਨ੍ਹ ਸੌਂਪੇ। ਡਾ. ਮਿੱਤਲ ਨੇ ਉਨ੍ਹਾਂ ਨੂੰ ਵਿਸ਼ਵ ਸਮਾਜ ਦੀ ਅੰਤਮ ਬਿਹਤਰੀ ਲਈ ਹਮੇਸ਼ਾ ਇਕਜੁੱਟ ਰਹਿਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ-ਚਾਂਸਲਰ ਸ੍ਰੀਮਤੀ ਰਸ਼ਮੀ ਮਿੱਤਲ ਵੀ ਉਨ੍ਹਾਂ ਦੇ ਨਾਲ ਸਨ। ਇਸ ਮੌਕੇ ਫੈਸਟ ਦੇ ਥੀਮ ਸਮਾਨਤਾ, ਵਿਭਿੰਨਤਾ ਅਤੇ ਸਮਾਵੇਸ਼ੀ 'ਤੇ ਇੱਕ ਵਿਸ਼ੇਸ਼ ਫੈਸ਼ਨ ਸ਼ੋਅ ਵੀ ਆਯੋਜਿਤ ਕੀਤਾ ਗਿਆ ਸੀ। ਇੱਥੇ, ਸ਼ੋਅ-ਸਟਾਪਰ ਇੱਕ ਐਲ ਪੀ ਯੂ ਦੀ ਸਾਬਕਾ ਵਿਦਿਆਰਥੀ ਕਨਿਸ਼ਕ ਗੋਇਲ ਸੀ, ਜਿਸ ਨੂੰ ਡੈਜ਼ਲ ਮਿਸਿਜ਼ ਇੰਡੀਆ ਵਰਲਡ 2022 ਦਾ ਤਾਜ ਵੀ ਪਹਿਨਾਇਆ ਗਿਆ।



# ਮੇਹਰਚੰਦ ਪੌਲੀਟੈਕਨਿਕ ਕਾਲਜ ਦੇ ਇਲੈਕਟ੍ਰੀਕਲ ਵਿਭਾਗ ਦੇ ਵਿਦਿਆਰਥੀਆਂ ਨੇ ਕੀਤਾ ਵਿੱਦਿਅਕ ਦੌਰਾ

**ਜਲੰਧਰ (ਸ਼ੈਲੀ ਐਲਬਰਟ)**- ਮੇਹਰਚੰਦ ਪੌਲੀਟੈਕਨਿਕ ਕਾਲਜ ਜਲੰਧਰ ਦੇ ਇਲੈਕਟ੍ਰੀਕਲ ਵਿਭਾਗ ਦੇ ਵਿਦਿਆਰਥੀ ਇੱਕ ਤਕਨੀਕੀ ਵਿੱਦਿਅਕ ਦੌਰੇ 'ਤੇ ਗਏ।ਇਸ ਵਿੱਦਿਅਕ ਦੌਰੇ ਦੌਰਾਨ ਉਨ੍ਹਾਂ ਨੇ ਭਾਖੜਾ ਡੈਮ, ਸ੍ਰੀ ਅਨੰਦਪੁਰ ਸਾਹਿਬ, ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਾਵਰ ਪਲਾਂਟ (ਰੋਪੜ), ਪੈਡਾ ਸੋਲਰ ਪੈਸਵ ਕੰਪਲੈਕਸ, ਰਾਮਕ੍ਰਿਸ਼ਨ ਆਸ਼ਰਮ ਚੰਡੀਗੜ੍ਹ, ਪੰਡੋਹ ਡੈਮ ਸੁੰਦਰਨਗਰ, ਗੁਰਦੁਆਰਾ ਮੰਡੀ ਸਾਹਿਬ, ਗੁਰਦੁਆਰਾ ਸ੍ਰੀ ਮਨੀਕਰਨ ਸਾਹਿਬ, ਮਲਾਨਾ ਹਾਈਡਰੋ ਪਾਵਰ ਪਲਾਂਟ, ਬ੍ਰਮ੍ਹ ਗੰਗਾ ਹਾਈਡਰੋ ਪਾਵਰ ਪਲਾਂਟ ਕੁੱਲੂ, ਬਿਆਸ ਕੁੰਡ ਮਨਾਲੀ ਅਤੇ ਅਟਲ ਟਨਲ, ਸ਼ੀਸ਼ੂ, ਕੋਕਸਰ ਦੀ ਯਾਤਰਾ ਕੀਤੀ।ਰਸਤੇ ਵਿੱਚ ਉਨ੍ਹਾਂ ਨੇ ਵਿੰਡ ਮਿੱਲਾਂ ਅਤੇ ਬਹੁਤ ਸਾਰੇ ਕੁਦਰਤੀ ਦ੍ਰਿਸ਼ ਵੀ ਦੇਖੇ।ਇਸ ਟੂਰ ਦੀ ਅਗਵਾਈ ਵਿਕ੍ਰਮਜੀਤ ਸਿੰਘ ਅਤੇ ਗਗਨਦੀਪ ਨੇ ਕੀਤੀ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਕਸ਼ਮੀਰ ਕੁਮਾਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।




# ਨਵਨਿਯੁਕਤ ਅਹੁਦੇਦਾਰਾਂ ਦਾ ਗੋਰਾਇਆ 'ਚ ਭਰਵਾਂ ਸਵਾਗਤ



**ਅੱਡਾ ਸਰਾਂ (ਜਸਵੀਰ ਕਾਜਲ)**- ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਵੱਲੋਂ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਹੁਸ਼ਿਆਰਪੁਰ ਪ੍ਰਧਾਨ ਅਰਮਿੰਦਰ ਸਿੰਘ ਹੁਸੈਨਪੁਰ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਬਲਦੀਪ ਸਿੰਘ ਡੱਲੇਵਾਲ, ਸਤਬੀਰ ਸਿੰਘ ਜੌੜਾ ਜਨਰਲ ਸਕੱਤਰ ਪੰਜਾਬ ਦਾ ਸਾਥੀਆਂ ਸਮੇਤ ਪਹੁੰਚਣ 'ਤੇ ਮਾਸਟਰ ਗੁਰਦਿਆਲ ਸਿੰਘ ਗੋਰਾਇਆ ਅਤੇ ਦੇਸ ਰਾਜ ਧੁੱਗਾ ਸਾਬਕਾ ਚੀਫ ਪਾਰਲੀਮਨੀ ਸਕੱਤਰ ਅਕਾਲੀ ਦਲ ਅਤੇ ਪਿੰਡ ਗੋਰਾਇਆ ਦੇ ਅਕਾਲੀ ਦਲ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਉਨਾਂ ਕਿਹਾ ਕਿ ਮੌਜੂਦਾ ਸਮੇਂ ਦੀ ਪੰਜਾਬ ਸਰਕਾਰ ਦੀਆਂ ਨੀਤੀਆਂ ਆਮ ਜਨਤਾ ਵਿੱਚ ਫਲਾਪ ਸਾਬਤ ਹੋਈਆਂ ਹਨ। ਹਰ ਵਕਤ ਦਹਿਸ਼ਤ ਦਾ ਮਾਹੌਲ ਬਣਿਆ ਰਹਿੰਦਾ ਹੈ। ਇਸ ਲਈ ਅਕਾਲੀ ਦਲ ਹਮੇਸ਼ਾ ਪੰਜਾਬ ਦੀ ਜਨਤਾ ਨਾਲ ਖੜ੍ਹਾ ਹੈ। ਅਕਾਲੀ ਦਲ ਇਸ ਵਾਰ ਪੰਜਾਬ ਚੋਂ ਵੱਧ ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗਾ। ਇਸ ਮੌਕੇ ਸਿੰਮੀ ਕੰਧਾਲਾ, ਰਾਜਾ ਡੱਫਰ, ਚੌਧਰੀ ਡੱਫਰ, ਸਤਬੀਰ ਜੰਡਾ, ਹਰਪ੍ਰੀਤ ਸਿੰਘ ਗੋਰਾਇਆ, ਮਾਸਟਰ ਕੁਲਵਿੰਦਰ ਸਿੰਘ, ਮੰਗਾ ਨੀਲਾ ਨਲੋਆ, ਸਰਬਜੀਤ ਸਿੰਘ, ਕਰਨ ਜੌੜਾ, ਪ੍ਰਿੰਸ ਚੌਹਾਨ, ਮਨਿੰਦਰ ਧਾਮੀ, ਪਵਨ ਸਿੰਘ, ਪੂਰਨ ਸਿੰਘ, ਭਜਨ ਸਿੰਘ, ਲਵ ਗੋਰਾਇਆ, ਗਗਨ ਕੰਗਮਾਈ ਅਤੇ ਹੋਰ ਅਕਾਲੀ ਆਗੂ ਹਾਜ਼ਰ ਸਨ।

## ਮਨੁੱਖਾਂ ਨੂੰ ਏਕਤਾ ਦੇ ਧਾਗੇ 'ਚ ਬੰਨ੍ਹਦਾ ਹੈ ਮਨੁੱਖੀ ਏਕਤਾ ਦਿਵਸ

**ਫਗਵਾੜਾ (ਡਾ. ਰਮਨ)**- ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਦੀ ਪਵਿੱਤਰ ਹਜ਼ੂਰੀ ਵਿੱਚ 24 ਅਪ੍ਰੈਲ ਨੂੰ ਗਰਾਊਂਡ ਨੰਬਰ 2, ਨਿਰੰਕਾਰੀ ਚੌਕ, ਬੁਰਾੜੀ, ਦਿੱਲੀ ਵਿਖੇ 'ਮਨੁੱਖੀ ਏਕਤਾ ਦਿਵਸ' ਮਨਾਇਆ ਜਾਵੇਗਾ। ਇਹ ਦਿਨ ਸਤਗੁਰ ਬਾਬਾ ਗੁਰਬਚਨ ਸਿੰਘ ਦੇ ਪਰਉਪਕਾਰੀ ਜੀਵਨ ਅਤੇ ਉਨ੍ਹਾਂ ਦੀ ਲੋਕ ਭਲਾਈ ਦੀ ਭਾਵਨਾ ਨੂੰ ਸਮਰਪਤ ਹੈ। ਸੰਤ ਨਿਰੰਕਾਰੀ ਮੰਡਲ ਬ੍ਰਾਂਚ ਫਗਵਾੜਾ ਦੇ ਸੰਯੋਜਕ ਮਲਕੀਅਤ ਚੰਦ ਨੇ ਦੱਸਿਆ ਕਿ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੀ ਸਰਪ੍ਰਸਤੀ ਹੇਠ ਵਿਸ਼ਵ ਭਰ ਵਿਚ ਵੱਖ-ਵੱਖ ਥਾਵਾਂ 'ਤੇ ਖ਼ੂਨਦਾਨ ਕੈਂਪ ਲਗਾਏ ਗਏ। ਸੰਤ ਨਿਰੰਕਾਰੀ ਮਿਸ਼ਨ ਦੇ ਸਮਾਜ ਕਲਿਆਣ ਵਿੰਗ ਵੱਲੋਂ ਲਗਾਤਾਰ ਵੱਡੇ ਪੱਧਰ 'ਤੇ ਖ਼ੂਨਦਾਨ ਕਰਨ ਦੀ ਲੜੀ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਖ਼ੂਨਦਾਨ ਕਰਨ ਵਾਲੇ ਵਿਅਕਤੀ ਮਨੁੱਖਤਾ ਦੀ ਭਲਾਈ ਲਈ ਖ਼ੂਨਦਾਨ ਕਰਕੇ ਨਿਰਸਵਾਰਥ ਸੇਵਾ ਦੀ ਮਿਸਾਲ ਕਾਇਮ ਕਰਨਗੇ। ਦਿੱਲੀ ਵਿਖੇ ਲਗਾਏ ਗਏ ਇਸ ਖ਼ੂਨਦਾਨ ਕੈਂਪ ਵਿੱਚ ਵੱਖ-ਵੱਖ ਹਸਪਤਾਲਾਂ ਦੇ ਸਿੱਖਿਅਤ ਡਾਕਟਰ ਅਤੇ ਇੰਡੀਅਨ ਰੈੱਡ ਕਰਾਸ ਸੁਸਾਇਟੀ ਦੀਆਂ ਟੀਮਾਂ ਖ਼ੂਨ ਇਕੱਠਾ ਕਰਨ ਲਈ ਭਾਗ ਲੈਣਗੀਆਂ। ਸੰਤ ਨਿਰੰਕਾਰੀ ਸਤਿਸੰਗ ਭਵਨ, ਮੇਹਲੀ, ਫਗਵਾੜਾ ਵਿਖੇ 24 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਖ਼ੂਨਦਾਨ ਕੈਂਪ ਵੀ ਲਗਾਇਆ ਜਾਵੇਗਾ। ਇਸ ਤੋਂ ਇਲਾਵਾ ਸਾਰੀਆਂ ਥਾਵਾਂ 'ਤੇ ਸਤਿਸੰਗ ਪ੍ਰੋਗਰਾਮ ਵੀ ਕਰਵਾਏ ਜਾਣਗੇ।

## ਫੁਲਵਾੜੀ ਪਬਲਿਕ ਸਕੂਲ ਲੋਹੀਆਂ ਖਾਸ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਗਏ ਸੈਸ਼ਨ 2023-24 ਦੇ ਦਸਵੀਂ ਦੇ ਨਤੀਜਿਆਂ ਵਿੱਚ ਇਸ ਵਾਰ ਫਿਰ ਲੜਕੀਆਂ ਨੇ ਆਪਣੀ ਸਰਦਾਰੀ ਕਾਇਮ ਰੱਖੀ। ਫੁਲਵਾੜੀ ਸਕੂਲ ਦੇ ਪ੍ਰਿੰਸੀਪਲ ਲਖਬੀਰ ਸਿੰਘ ਨੇ ਦੱਸਿਆ ਕਿ ਇਸ ਸਾਲ ਦਸਵੀਂ ਕਲਾਸ ਦੇ ਕੁਲ 38 ਵਿਦਿਆਰਥੀਆਂ ਨੇ 10ਵੀਂ ਕਲਾਸ ਦੀ ਸਲਾਨਾ ਪ੍ਰੀਖਿਆ ਦਿੱਤੀ ਸੀ ਅਤੇ ਸਾਰੇ ਦੇ ਸਾਰੇ ਵਿਦਿਆਰਥੀ ਨੇ ਬਹੁਤ ਵਧੀਆ ਅੰਕ ਲੈ ਕੇ 10ਵੀਂ ਕਲਾਸ ਪਾਸ ਕੀਤੀ। ਉਨ੍ਹਾਂ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਗਾਰਗੀ ਨੇ 650 ਵਿਚੋਂ 618 ਅੰਕ ਲੈ ਕੇ ਪਹਿਲਾ ਸਥਾਨ ਅਤੇ ਰਾਧਿਕਾ 579 ਨੰਬਰ ਲੈ ਕੇ ਦੂਸਰੇ ਸਥਾਨ 'ਤੇ ਰਹੀ ਅਤੇ ਅਰਪਨਦੀਪ ਸਿੰਘ ਨੇ 577 ਨੰਬਰ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਵਿਦਿਆਰਥੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਵਧੀਆ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਹੋਇਆ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ।

## ਚੋਰੀਸ਼ੁਦਾ ਮੋਟਰਸਾਈਕਲ ਤੇ ਐਕਟਿਵਾ ਸਮੇਤ 2 ਗ੍ਰਿਫਤਾਰ

**ਫਗਵਾੜਾ (ਡਾ. ਰਮਨ)**- ਇੰਸਪੈਕਟਰ ਜਤਿੰਦਰ ਕੁਮਾਰ ਮੁੱਖ ਅਫਸਰ ਥਾਣਾ ਸਿਟੀ ਫਗਵਾੜਾ ਵਲੋਂ ਮਾੜੇ ਅਨਸਰਾਂ, ਲੁੱਟਾਂ ਖੋਹਾਂ, ਚੋਰੀਆਂ ਅਤੇ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਖਿਲਾਫ ਸਪੈਸ਼ਲ ਮੁਹਿੰਮ ਚਲਾਈ ਗਈ ਹੈ। ਚੋਰੀਆਂ ਕਰਨ ਵਾਲੇ ਵਿਅਕਤੀਆਂ ਦੇ ਖਿਲਾਫ ਵਿੱਢੀ ਗਈ ਸਪੈਸ਼ਲ ਮੁਹਿੰਮ ਅਧੀਨ 2 ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਚੋਰੀਸ਼ੁਦਾ ਮੋਟਰਸਾਈਕਲ ਤੇ ਐਕਟਿਵਾ ਬਰਾਮਦ ਕੀਤੇ ਗਏ। ਮੁਕੱਦਮਾ ਨੰਬਰ 87 ਮਿਤੀ 20.04.2024 ਅ/ ਧ 379 ਭ/ਦ 411 ਭ/ਦ ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਜੋ ਐਸ ਆਈ ਅਨਵਰ ਮਸੀਹ ਨੰਬਰ 97/ਜੇ.ਆਰ ਵਲੋਂ ਦਰਜ ਰਜਿਸਟਰ ਕਰਵਾਇਆ ਕਿ ਉਹ ਸਮੇਤ ਪੁਲਸ ਪਾਰਟੀ ਬਸਰਾ ਪੈਲੇਸ ਚੌਕ ਮੌਜੂਦ ਸੀ ਅਤੇ ਸ਼ੱਕੀ ਵਹੀਕਲਾਂ ਦੀ ਚੈਕਿੰਗ ਕਰ ਰਹੇ ਸੀ ਕਿ ਇਕ ਇਤਲਾਹ ਕਿ ਜੁਲਫਕਾਰ ਪੁੱਤਰ ਰਮਜਾਨ ਸ਼ਾਹ ਅਤੇ ਮੁਹੰਮਦ ਭੱਟੂ ਪੁੱਤਰ ਰਮਜਾਨ ਸ਼ਾਹ ਵਾਸੀਆਨ ਜੋਗਿੰਦਰ ਨਗਰ ਗਲੀ ਨੰਬਰ 01 ਥਾਣਾ ਸਿਟੀ ਫਗਵਾੜਾ ਰਿਲਾ ਕਪੂਰਥਲਾ ਜੋ ਚੋਰੀ ਦੀਆਂ ਵਾਰਦਾਤਾਂ ਕਰਦੇ ਹਨ ਅਤੇ ਸ਼ਹਿਰ ਫਗਵਾੜਾ ਦੇ ਏਰੀਆ ਵਿੱਚ ਮੋਟਰਸਾਈਕਲ ਚੋਰੀ ਕੀਤੇ ਹਨ ਜੋ ਅੱਜ ਵੀ ਮੋਟਰ ਸਾਈਕਲ ਵੇਚਣ ਲਈ ਮੇਹਲੀ ਸਾਇਡ ਵੱਲ ਨੂੰ ਆ ਰਹੇ ਸਨ ਜਿਸ 'ਤੇ ਉਕਤਾਨ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਚੋਰੀ ਦੇ ਮੋਟਰਸਾਈਕਲ ਅਤੇ ਐਕਟਿਵਾ ਬਰਾਮਦ ਕੀਤੇ ਗਏ।

# ਐੱਨ ਆਰ ਆਈਜ਼ ਵੱਲੋਂ ਸਕੂਲ ਦੇ ਪ੍ਰਾਰਥਨਾ ਸਥਾਨ ਦਾ ਉਦਘਾਟਨ



**ਬੰਗਾ (ਅਵਤਾਰ ਕਲੇਰ)**- ਸਰਕਾਰੀ ਹਾਈ ਸਕੂਲ ਚੱਕ ਰਾਮੂੰ ਵਿਖੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਬਣਾਇਆ ਗਿਆ ਪ੍ਰਾਰਥਨਾ ਸਥਾਨ ਦਾ ਉਦਘਾਟਨ ਗੁਰਨੇਕ ਸਿੰਘ ਕਨੇਡਾ ਅਤੇ ਕੁਲਵੀਰ ਸਿੰਘ ਚਾਹਲ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਸਕੂਲ ਇੰਚਾਰਜ ਬਚਿੱਤਰ ਸਿੰਘ ਨੇ ਕਿਹਾ ਕਿ ਪਿੰਡ ਦੇ ਐਨ ਆਰ ਆਈਜ਼ ਵਲੋਂ ਸਕੂਲ ਦੇ ਕਾਰਜਾਂ ਵਾਸਤੇ ਸਦਾ ਵੱਧ ਚੜ੍ਹ ਕੇ ਯੋਗਦਾਨ ਪਾਇਆ ਗਿਆ ਜਿਸ ਕਾਰਨ ਸਕੂਲ 'ਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀਆਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ।

ਪ੍ਰਾਰਥਨਾ ਸਥਾਨ 'ਤੇ ਲਗਾਏ ਗਏ ਇੰਟਰਲਾਕ ਦੀ ਸੇਵਾ ਕਨੇਡਾ ਨਿਵਾਸੀ ਭੁਪਿੰਦਰ ਸਿੰਘ ਬੱਲ ਵਲੋਂ ਕੀਤੀ ਗਈ, ਜਿਸ 'ਤੇ ਲਗਭਗ ਦੋ ਲੱਖ ਪੰਜਾਹ ਹਜ਼ਾਰ ਰੁਪਏ ਖਰਚਾ ਆਇਆ। ਉਨ੍ਹਾਂ ਕਿਹਾ ਕਿ ਐਨ ਆਰ ਆਈ ਗੁਰਨੇਕ ਸਿੰਘ ਮੰਡੇਰ, ਲਖਵੀਰ ਸਿੰਘ ਮੰਡੇਰ, ਸੰਦੀਪ ਸਿੰਘ, ਮਾਸਟਰ ਬਲਵਿੰਦਰ ਸਿੰਘ, ਸੁਰਿੰਦਰ ਸਿੰਘ ਢਿੱਲੋਂ, ਅਮਰਜੀਤ ਸਿੰਘ ਢਿੱਲੋਂ, ਜਸਪਾਲ ਸਿੰਘ ਢਿੱਲੋਂ, ਰਾਣਾ ਸਿੰਘ ਬੱਲ, ਗੁਰਨੇਕ ਸਿੰਘ ਨੇਕੀ, ਬਲਜਿੰਦਰ ਸਿੰਘ, ਸੁਖਵਿੰਦਰ ਸਿੰਘ ਸੋਕਰ ਆਦਿ ਵਲੋਂ ਵੀ ਸਕੂਲ ਕਾਰਜਾਂ ਵਿੱਚ ਯੋਗਦਾਨ ਪਾਇਆ ਗਿਆ। ਸਕੂਲ ਇੰਚਾਰਜ ਬਚਿੱਤਰ ਸਿੰਘ ਅਤੇ ਸਮੂਹ ਸਟਾਫ ਵੱਲੋਂ ਐਨ ਆਰ ਆਈਜ਼ ਅਤੇ ਹੋਰ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਮੇਵਾ ਸਿੰਘ ਸਾਬਕਾ ਸਰਪੰਚ, ਬਚਿੱਤਰ ਸਿੰਘ ਸਕੂਲ ਇੰਚਾਰਜ, ਕੁਲਵੀਰ ਸਿੰਘ ਚਾਹਲ ਯੂ ਐਸ ਏ, ਗੁਰਨੇਕ ਸਿੰਘ ਮੰਡੇਰ ਕਨੇਡਾ, ਵਰਿੰਦਰ ਕੌਰ ਚਾਹਲ, ਸੁਖਦੀਪ ਕੌਰ ਦੀਪੋ, ਰਾਣਾ ਸਿੰਘ ਬੱਲ ਯੂ ਐਸ ਏ, ਪ੍ਰਧਾਨ ਮਨਜੀਤ ਸਿੰਘ ਮੰਡੇਰ, ਜਗਤਾਰ ਸਿੰਘ ਚਾਹਲ, ਹਰਜਾਪ ਸਿੰਘ ਮੈਂਬਰ ਪੰਚਾਇਤ, ਕੁਲਵਿੰਦਰ ਸਿੰਘ ਡੀ ਪੀ ਈ, ਸੰਤੋਖ ਰਾਮ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

# ਭੱਜੀਆਂ ਬਾਹਾਂ ਗਲ਼ ਨੂੰ, ਸਤੀਸ਼ ਰਿਹਾਨ ਦੀ ਘਰ ਵਾਪਸੀ

**ਸ਼ਾਹਕੋਟ (ਗਿਆਨ ਸੈਦਪੁਰੀ)**-ਲੰਬਾ ਸਮਾਂ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨਾਲ ਭਰਾਵਾਂ ਵਾਂਗ ਵਿਚਰਦੇ ਰਹੇ ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ ਨੇ ਕੁਝ ਮੱਤਭੇਦਾਂ ਕਾਰਨ ਸਿਆਸੀ ਚੁੱਲ੍ਹਾ ਚੌਂਕਾ ਵੱਖਰਾ ਕਰ ਲਿਆ ਸੀ। ਬੀਤੀ ਸ਼ਾਮ ਸ਼ਾਹਕੋਟ ਦੇ ਪਤਵੰਤਿਆਂ ਦੀ ਹਾਜ਼ਰੀ ਵਿੱਚ ਸਤੀਸ਼ ਰਿਹਾਨ ਨੇ ਸ਼ੇਰੋਵਾਲੀਆ ਨੂੰ ਧਾਅ ਗਲਵੱਕੜੀ ਪਾਈ ਤਾਂ 'ਭੱਜੀਆਂ ਬਾਹਾਂ ਗਲ਼ ਨੂੰ' ਵਾਲੀ ਕਹਾਵਤ ਸਭ ਦੇ ਮਨਾਂ ਅੰਦਰ ਤਰੰਗਾਂ ਛੇੜਦੀ ਮਹਿਸੂਸ ਹੋਈ। ਵੱਖਰੇ ਚੌਂਕੇ ਚੁੱਲ੍ਹੇ ਨੂੰ ਮੁੜ ਇੱਕ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਅਤੇ ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ ਸੁਰਿੰਦਰਜੀਤ ਸਿੰਘ ਚੱਠਾ ਤੇ ਗੁਲਜ਼ਾਰ ਸਿੰਘ ਥਿੰਦ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਪਵਨ ਕੁਮਾਰ ਪੁਰੀ, ਡਾ ਅਰਵਿੰਦਰ ਸਿੰਘ ਰੂਪਰਾ ਪ੍ਰਧਾਨ ਗੁਰਦਵਾਰਾ ਸਿੰਘ ਸਭਾ ਸ਼ਾਹਕੋਟ, ਬੰਟੀ ਬਠੱਲਾ ਜ਼ਿਲ੍ਹਾ ਵਾਈਸ ਪ੍ਰਧਾਨ ਕਾਂਗਰਸ, ਲਛਮਣ ਸੋਬਤੀ ਜ਼ਿਲ੍ਹਾ ਜਨਰਲ ਸਕੱਤਰ ਕਾਂਗਰਸ ਆਦਿ ਨੇ ਆਪਣੀਆਂ ਸੰਖੇਪ ਤਕਰੀਰਾਂ ਰਾਹੀਂ ਦੋਵਾਂ ਆਗੂਆਂ ਲਈ ਭਵਿੱਖ ਦੀ ਐਸੀ 'ਸਿਆਸੀ ਜ਼ਮੀਨ' ਤਿਆਰ ਕੀਤੀ ਕਿ ਉਹ ਸਿਆਸੀ ਖੇਤੀ ਵੱਖੋ ਵੱਖਰੀ ਕਰਨ ਤੋਂ ਪਹਿਲਾਂ ਸੌ ਵਾਰ ਸੋਚਣਗੇ। ਗੱਲਾਂਬਾਤਾਂ ਵਿੱਚ ਇਹ ਵੀ ਪਤਾ ਲੱਗਾ ਕੇ ਕੋਈ 'ਸਿਆਸੀ ਰਾਹੂ ਕੇਤੂ' ਆਪਣੀ ਚਾਲ ਚੱਲ ਗਏ ਸਨ, ਜਿਨ੍ਹਾ ਦਾ 'ਪੱਕਾ ਉਪਾਅ' ਕਰ ਲਿਆ ਗਿਆ ਹੈ। ਘਰ ਵਾਪਸੀ ਵਾਲਿਆਂ ਵਿੱਚ ਸੁੱਖਾ ਢੇਸੀ, ਬੱਬਲੂ ਰਿਹਾਨ, ਪ੍ਰਦੀਪ ਬੱਬਾ, ਮੋਨੂੰ ਸੈਦਪੁਰ ਝਿੜੀ, ਕੁਲਦੀਪ ਕੌਸ਼ਲ ਢੰਡੋਵਾਲ, ਸ਼ਿੰਗਾਰਾ ਸਿੰਘ ਸਾਬਕਾ ਪੰਚ ਢੰਡੋਵਾਲ, ਜਿੰਦਰ ਮਾਨ, ਮੋਨਾ, ਰਿਤਿਕਾ, ਦੇਸ ਰਾਜ ਸਮੇਤ ਦਰਜਨਾਂ ਵਰਕਰ ਸ਼ਾਮਲ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜਮੇਰ ਸਿੰਘ ਖਾਲਸਾ, ਕਪਿਲ ਗੁਪਤਾ ਤੇ ਯਸ਼ਪਾਲ ਗੁਪਤਾ (ਦੋਵੇਂ ਸਾਬਕਾ ਵਾਇਸ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ), ਸ਼ੂਗਰਫੈਡ ਮਹਿਤਪੁਰ ਦੇ ਚੇਅਰਮੈਨ ਅਸ਼ਵਿੰਦਰਪਾਲ ਸਿੰਘ ਖੈਹਿਰਾ, ਕੋਆਪਰੇਟਿਵ ਸੁਸਾਇਟੀ ਢੰਡੋਵਾਲ ਦੇ ਪ੍ਰਧਾਨ ਜਗਤਾਰ ਸਿੰਘ ਖਾਲਸਾ, ਸੁਖਦੀਪ ਸਿੰਘ ਕੰਗ ਪੀ.ਏ, ਪਵਨ ਅੱਗਰਵਾਲ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ, ਰੋਮੀ ਗਿੱਲ ਸਾਬਕਾ ਐਮ. ਸੀ, ਗੁਰਿੰਦਰ ਸਿੰਘ ਬਹੁਗੁਣ ਪ੍ਰਧਾਨ ਕਾਂਗਰਸ ਸ਼ੋਸ਼ਲ ਮੀਡੀਆ ਜ਼ਿਲ੍ਹਾ ਜਲੰਧਰ, ਗਗਨ ਜਿੰਦਲ, ਪਹਿਲਵਾਨ ਨਛੱਤਰ ਸਿੰਘ ਸੱਤੀ, ਹਰਪਾਲ ਮੈਸਨ, ਅਮਨਦੀਪ ਸੈਦਪੁਰੀ ਜ਼ਿਲ੍ਹਾ ਮੀਡੀਆ ਇਨਚਾਰਜ ਕਾਂਗਰਸ, ਡਾ. ਸੁਰਿੰਦਰ ਭੱਟੀ, ਬਲਹਾਰ ਸਿੰਘ ਚੱਠਾ, ਤਾਰੀ ਨੰਬਰਦਾਰ ਢੇਰੀਆ, ਟਿੱਪੀ ਕੁਮਰਾ, ਮਨੀ ਭਾਰਦਵਾਜ, ਜੱਸਾ ਨਾਹਰ ਸ਼ਹਿਰੀ ਪ੍ਰਧਾਨ ਰੰਘਰੇਟਾ ਦਲ (ਟਕਸਾਲੀ) ਆਦਿ ਮੌਜੂਦ ਸਨ।



ਸਤੀਸ਼ ਰਿਹਾਨ ਦੀ ਘਰ ਵਾਪਸੀ 'ਤੇ ਸਿਰੋਪਾਓ ਪਾ ਕੇ ਸਨਮਾਨਿਤ ਕਰਦੇ ਹੋਏ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ।

# ਅਕਾਲੀ ਦਲ ਵੱਲੋਂ ਵਾਲਮੀਕਿ ਉਮੀਦਵਾਰ ਖੜ੍ਹੇ ਕਰਨ ਦੀ ਸੂਰਤ 'ਚ 'ਆਪ' ਵਾਲੇ ਅੰਬੇਡਕਰੀ ਅਕਾਲੀ ਦਲ ਨਾਲ ਖੜ੍ਹਨਗੇ

**ਸ਼ਾਹਕੋਟ (ਗਿਆਨ ਸੈਦਪੁਰੀ)**-ਡਾ. ਬੀ. ਆਰ ਅੰਬੇਡਕਰ ਆਰਮੀ ਪੰਜਾਬ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ 133ਵੀਂ ਜੈਅੰਤੀ ਸਬੰਧੀ ਐਤਵਾਰ ਨੂੰ ਕੀਤੇ ਗਏ ਸਮਾਗਮ ਵਿੱਚ ਜਿੱਥੇ ਆਗੂਆਂ ਵੱਲੋਂ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਡਾ. ਅੰਬੇਡਕਰ ਦੇ ਮੂਲ ਮੰਤਰ 'ਪੜ੍ਹੋ, ਜੁੜੋ ਤੇ ਸੰਘਰਸ਼ ਕਰੋ' ਨੂੰ ਅਪਨਾਉਣ ਦਾ ਸੱਦਾ ਦਿੱਤਾ ਗਿਆ ਉੱਥੇ ਲੋਕ ਸਭਾ ਹਲਕਾ ਜਲੰਧਰ ਤੋਂ ਵਾਲਮੀਕਿ ਭਾਈਚਾਰੇ 'ਚੋਂ ਉਮੀਦਵਾਰ ਖੜ੍ਹਾ ਕਰਨ ਦਾ ਐਲਾਨ ਵੀ ਕੀਤਾ ਗਿਆ। ਆਰਮੀ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਢੰਡੋਵਾਲ ਅਤੇ ਜ਼ਿਲ੍ਹਾ ਪ੍ਰੀਸ਼ਦ ਜਲੰਧਰ ਦੇ ਸਾਬਕਾ ਵਾਈਸ ਪ੍ਰਧਾਨ ਦਰਸ਼ਨ ਸਿੰਘ ਟਾਹਲੀ ਨੇ ਵੱਖ ਵੱਖ ਪੱਧਰ 'ਤੇ ਵਾਲਮੀਕਿ ਭਾਈਚਾਰੇ ਨਾਲ ਹਰ ਰੰਗ ਦੀਆਂ ਸਰਕਾਰਾਂ ਅਤੇ ਪਾਰਟੀਆਂ ਵੱਲੋਂ ਕੀਤੇ ਗਏ ਵਿਤਕਰੇ ਅਤੇ ਅਨਿਆਂ ਦਾ ਵਿਸਥਾਰ ਨਾਲ ਵਰਨਣ ਕੀਤਾ। ਉਨ੍ਹਾਂ ਨੇ ਵਾਲਮੀਕਿ ਭਾਈਚਾਰੇ ਨੂੰ ਜ਼ੋਰਦਾਰ ਸੱਦਾ ਦਿੱਤਾ ਕਿ ਉਹ ਆਪਣੇ ਹੱਕਾਂ ਲਈ ਇਕੱਠੇ ਹੋ ਕੇ ਸੰਘਰਸ਼ਾਂ ਦਾ ਪਿੜ ਮੱਲਣ। ਵੀਰ ਕੁਲਵੰਤ ਸਿੰਘ ਢੰਡੋਵਾਲ ਅਤੇ ਦਰਸ਼ਨ ਸਿੰਘ ਟਾਹਲੀ 'ਆਪ' ਦੇ ਵੀ ਆਗੂ ਹਨ, ਪਰ ਉਨ੍ਹਾਂ ਦੇ ਇਸ ਐਲਾਨ ਨਾਲ ਨਵੀਂ ਚਰਚਾ ਛਿੜ ਪਈ ਹੈ ਕਿ ਅਕਾਲੀ ਦਲ (ਬਾਦਲ) ਨੇ ਲੋਕ ਸਭਾ ਹਲਕਾ ਜਲੰਧਰ ਤੋਂ ਅਜੇ ਤੱਕ ਆਪਣਾ ਉਮੀਦਵਾਰ ਨਹੀਂ ਐਲਾਨਿਆ। ਜੇਕਰ ਦਲ ਵਾਲਮੀਕਿ ਭਾਈਚਾਰੇ ਨਾਲ ਸਬੰਧਤ ਉਮੀਦਵਾਰ ਖੜ੍ਹਾ ਕਰਦਾ ਹੈ ਤਾਂ ਡਾ. ਬੀ. ਆਰ ਅੰਬੇਡਕਰ ਆਰਮੀ ਅਕਾਲੀ ਦਲ ਦੇ ਹੱਕ ਵਿੱਚ ਨਿੱਤਰੇਗੀ। ਜੇਕਰ ਅਕਾਲੀ ਦਲ ਅਜਿਹਾ ਨਹੀ ਕਰਦਾ ਤਾਂ ਕੁਲਵੰਤ ਸਿੰਘ ਢੰਡੋਵਾਲ ਡਾ. ਬੀ. ਆਰ ਅੰਬੇਡਕਰ ਆਰਮੀ ਵੱਲੋਂ ਉਮੀਦਵਾਰ ਹੋਣਗੇ। ਸਮਾਗਮ ਨੂੰ ਰਮੇਸ਼ ਸੌਂਧੀ ਐਮ. ਸੀ ਨਕੋਦਰ, ਧਰਮਿੰਦਰ ਨੰਗਲ ਸੂਬਾ ਪ੍ਰਧਾਨ ਵਾਲਮੀਕ ਐਕਸ਼ਨ ਫੋਰਸ, ਮਾਸਟਰ ਜਤਿੰਦਰਪਾਲ ਸਿੰਘ ਬੱਲ੍ਹਾ, ਪ੍ਰਿੰਸੀਪਲ ਅਮਰਜੀਤ ਸਿੰਘ ਨਕੋਦਰ, ਵਿਜੇ ਬਰਸਾਲ ਜ਼ਿਲ੍ਹਾ ਵਾਇਸ ਪ੍ਰਧਾਨ ਡਾ. ਬੀ. ਆਰ. ਅੰਬੇਡਕਰ ਆਰਮੀ, ਸੁਖਦੇਵ ਰਾਜ ਗਿੱਲ ਸਾਬਕਾ ਸਰਪੰਚ ਨੰਗਲ ਅੰਬੀਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋ ਇਲਾਵਾ ਵੀਰ ਜਸਵੰਤ ਪਰਸ਼ਾਰਥੀ, ਕਪਿਲ ਚੋਪੜਾ, ਅਸ਼ੀਸ਼ ਅੱਗਰਵਾਲ, ਮੰਗਾ ਮੱਟੂ, ਸੁਰਜੀਤ ਸਿੰਘ ਸਾਬਕਾ ਸਰਪੰਚ ਢੰਡੋਵਾਲ, ਨਰੇਸ਼ ਰੌਂਤ, ਚਰਨਜੀਤ ਸਲੈਚਾਂ, ਸੰਦੀਪ ਉਧੋਵਾਲ, ਰਿੰਕੂ ਮੱਟੂ, ਜਗਦੀਸ਼ ਸਾਂਦਾ ਆਦਿ ਮੌਜੂਦ ਸਨ।



ਦਰਸ਼ਨ ਸਿੰਘ ਟਾਹਲੀ ਸੰਬੋਧਨ ਕਰਦੇ ਹੋਏ ਅਤੇ ਮੰਚ 'ਤੇ ਬੈਠੇ ਕੁਲਵੰਤ ਸਿੰਘ ਢੰਡੋਵਾਲ ਤੇ ਹੋਰ।

# ਪੰਜਾਬ ਸਰਕਾਰ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ 'ਚ ਰਹੀ ਨਾਕਾਮ : ਜੀ ਟੀ ਯੂ



**ਜਲੰਧਰ ( ਰਾਜੇਸ਼ ਥਾਪਾ )**-ਸਮੁੱਚਾ ਮੁਲਾਜ਼ਮ ਵਰਗ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਜੇਕਰ ਸਰਕਾਰ ਉਨ੍ਹਾਂ ਨਾਲ ਅਣਦੇਖੀ ਕਰਦੀ ਹੈ, ਉਸ ਦਾ ਖਮਿਆਜ਼ਾ ਉਨ੍ਹਾਂ ਵੋਟਾਂ ਵਿੱਚ ਆਪਣੇ ਪਰਵਾਰਾਂ ਅਤੇ ਆਪਣੇ ਰਿਸ਼ਤੇਦਾਰਾਂ ਨਾਲ ਸਰਕਾਰ ਦੇ ਖਿਲਾਫ ਵੋਟਾਂ ਕੇ ਆਪਣਾ ਜਵਾਬ ਦਿੰਦੇ ਹਨ। ਇਸ ਸਮੇਂ ਵੋਟਾਂ ਦਾ ਬਿਗਲ ਵੱਜ ਚੁੱਕਿਆ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਮੁਲਾਜ਼ਮਾਂ ਦੀਆਂ ਮਾਰਚ ਮਹੀਨੇ ਦੀ ਤਨਖਾਹ ਅਪ੍ਰੈਲ ਦਾ ਮਹੀਨਾ ਬੀਤਣ ਜਾ ਰਿਹਾ ਹੈ। ਉਨ੍ਹਾਂ ਤਨਖਾਹਾਂ ਨਾ ਦੇ ਕੇ ਵਿਨਾਸ਼ ਕਾਲ ਵਿਪਰੀਤ ਬੁੱਧੀ ਦੇ ਰਸਤੇ ਚੱਲ ਪਈ ਹੈ। ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਰਨਲ ਸਕੱਤਰ ਗੁਰਵਿੰਦਰ ਸਸਕੌਰ, ਅਮਨਦੀਪ ਸ਼ਰਮਾ ਖਜ਼ਾਨਚੀ, ਪ੍ਰੈਸ ਸਕੱਤਰ ਕਰਨੈਲ ਫਿਲੌਰ, ਸਹਾਇਕ ਪ੍ਰੈਸ ਸਕੱਤਰ ਗਣੇਸ਼ ਭਗਤ ਨੇ ਦੱਸਿਆ ਪੰਜਾਬ ਸਰਕਾਰ ਵੱਲੋਂ ਜ਼ੁਬਾਨੀ ਹੁਕਮਾਂ ਦਾ ਫਰਮਾਨ ਜਾਰੀ ਕਰਕੇ ਪੰਜਾਬ ਭਰ ਵਿਚ ਖਜ਼ਾਨਾ ਦਫਤਰਾਂ ਵਿੱਚ ਤਨਖਾਹਾਂ ਦੇ ਬਿੱਲਾਂ ਦੀ ਅਦਾਇਗੀ 'ਤੇ ਰੋਕ ਲਗਾ ਰੱਖੀ ਹੈ। ਜਿਸ ਨਾਲ ਪੰਜਾਬ ਭਰ ਸਮੁੱਚੇ ਮੁਲਾਜ਼ਮ ਵਰਗ ਨੂੰ ਫਾਕੇ ਕੱਟਣ 'ਤੇ ਮਜਬੂਰ ਕਰ ਦਿੱਤਾ ਹੈ। ਪੰਜਾਬ ਸਰਕਾਰ ਦੀ ਨਲਾਇਕੀ ਕਾਰਨ ਬਜਟ ਸਮੇਂ ਸਿਰ ਜਾਰੀ ਨਹੀਂ ਕੀਤਾ ਗਿਆ। ਇਸ ਸਿੱਧਾ ਅਸਰ ਪੰਜਾਬ ਦੇ ਮੁਲਾਜ਼ਮਾਂ 'ਤੇ ਪਿਆ ਹੈ। 21 ਦਿਨ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਦੇ ਖਾਤਿਆਂ ਵਿਚ ਤਨਖਾਹ ਨਸੀਬ ਨਹੀਂ ਹੋਈ। ਜਿਸ ਕਾਰਨ ਬੱਚਿਆਂ ਦੇ ਸਕੂਲ ਦੀਆਂ ਫੀਸਾਂ, ਬੀਮੇ ਦੀਆਂ ਕਿਸ਼ਤਾਂ, ਘਰ ਦਾ ਰਾਸ਼ਨ, ਬੈਂਕਾਂ ਤੋਂ ਲਏ ਕਰਜ਼ੇ ਦੀ ਕਿਸ਼ਤਾਂ ਜਮ੍ਹਾਂ ਨਹੀਂ ਕਰਵਾ ਸਕੇ ਜਿਸ ਨਾਲ ਉਨ੍ਹਾਂ ਨੂੰ ਜੁਰਮਾਨਾ ਭੁਗਤਣਾ ਪਿਆ। ਪੰਜਾਬ ਸਰਕਾਰ ਵੱਲੋਂ ਤਨਖਾਹਾਂ 'ਤੇ ਕਥਿਤ ਰੋਕ ਅਧਿਆਪਕਾਂ ਅਤੇ ਵੱਖ ਵੱਖ ਅਦਾਰਿਆਂ ਦੇ ਮੁਲਾਜ਼ਮਾਂ ਦਾ ਆਰਥਿਕ ਸ਼ੋਸ਼ਣ ਅਤੇ ਮਾਨਸਿਕ ਤਸ਼ੱਦਦ ਕਰਨ ਵਾਲੀ ਗੱਲ ਹੈ। ਜਿਸ ਨੂੰ ਸਮੁੱਚੇ ਮੁਲਾਜ਼ਮ ਵਰਗ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਕਿਹਾ ਇੱਕ ਪਾਸੇ ਪੰਜਾਬ ਸਰਕਾਰ ਸਿਹਤ ਤੇ ਸਿੱਖਿਆ ਦੇ ਮੁੱਦਿਆਂ ਤੇ ਗਾਰੰਟੀਆਂ ਦਾ ਢੰਡੋਰਾ ਪਿੱਟ ਰਹੀ ਹੈ, ਦੂਸਰੇ ਪਾਸੇ ਤਨਖਾਹ ਜੋ ਮੁਲਾਜ਼ਮਾਂ ਦਾ ਮੁਢਲਾ ਹੱਕ ਹੈ, ਨੂੰ ਜਾਰੀ ਕਰਨ ਵਿੱਚ ਦੇਰੀ ਕਰਨਾ ਬੜਾ ਮੰਦਭਾਗਾ ਹੈ।

## ਵਰ੍ਹੇਗੰਢ ਮਨਾਈ



ਝਬਾਲ ਦੇ ਸਲੀਮ ਅਹਿਮਦ ਤੇ ਆਲੀਆ ਨੂੰ ਵਿਆਹ ਦੀ 9ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ



ਝਬਾਲ ਦੇ ਅਮਿਤ ਉਪਲ ਤੇ ਅੰਨੂ ਉਪਲ ਨੂੰ ਵਿਆਹ ਦੀ ਤੀਜੀ ਵਰ੍ਹੇਗੰਢ ਦੀਆਂ ਮੁਬਾਰਕਾਂ

# ਹਲਕਾ ਫਿਲੌਰ ਦੇ ਕਾਂਗਰਸੀ ਵਰਕਰਾਂ ਦੀ ਹੰਗਾਮੀ ਮੀਟਿੰਗ



**ਫਿਲੌਰ (ਨਿਰਮਲ)**- ਇੱਥੇ ਕਾਂਗਰਸੀ ਵਰਕਰਾਂ ਹਲਕਾ ਫਿਲੌਰ ਦੀ ਹੰਗਾਮੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਉੱਘੇ ਕਾਂਗਰਸੀ ਟਕਸਾਲੀ ਆਗੂ ਦੇਸਰਾਜ ਮੱਲ ਨੇ ਕਿਹਾ ਕਿ ਮੈਡਮ ਕਰਮਜੀਤ ਕੌਰ ਚੌਧਰੀ ਦਾ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਣਾ ਔਖੇ ਵਕਤ ਕਾਂਗਰਸ ਦੀ ਪਿੱਠ 'ਚ ਛੁਰਾ ਮਾਰਿਆ ਹੈ। ਜਿਸ ਕਾਂਗਰਸ ਨੇ ਮਾਸਟਰ ਗੁਰਬੰਤਾ ਸਿੰਘ ਦੇ ਪਰਵਾਰ ਨੂੰ ਤਿੰਨ ਤਿੰਨ ਟਿਕਟਾਂ ਐਮ.ਐਲ.ਏ, ਐਮ.ਪੀ ਅਤੇ ਵਜ਼ੀਰੀਆਂ ਦਿੱਤੀਆਂ ਨੇ ਅੱਜ ਕਾਂਗਰਸ ਨੂੰ ਧੋਖਾ ਦਿੱਤਾ ਹੈ। ਜੇਕਰ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਵਿਕਰਮਜੀਤ ਸਿੰਘ ਚੌਧਰੀ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਫਿਲੌਰ ਦੇ ਪ੍ਰਚਾਰ ਕਰਨ ਨਾ ਆਉਂਦਾ ਤਾਂ ਚੌਧਰੀ ਕਦੇ ਜਿੱਤ ਨਹੀਂ ਸਕਦਾ ਸੀ। ਜੇ ਇਨ੍ਹਾਂ ਵਿੱਚ ਏਨਾ ਲੀਡਰੀ ਦਾ ਘਮੰਡ ਹੈ ਤਾਂ ਵਿਕਰਮਜੀਤ ਚੌਧਰੀ ਅਸਤੀਫ਼ਾ ਦੇ ਕੇ ਦੁਬਾਰਾ ਫਿਲੌਰ ਤੋਂ ਇਲੈਕਸ਼ਨ ਲੜ ਕੇ ਦਿਖਾਉਣ। ਫਿਲੌਰ ਦੇ ਲੋਕ ਇਨ੍ਹਾਂ ਦੇ ਭਾਜਪਾ 'ਚ ਜਾਣ 'ਤੇ ਖ਼ੁਸ਼ੀ ਮਨਾ ਰਹੇ ਹਨ ਅਤੇ ਇਨ੍ਹਾਂ ਤੋਂ ਨਿਜਾਤ ਪਾ ਕੇ ਚੌਧਰੀ ਮੁਕਤ ਫਿਲੌਰ ਹੋਣ 'ਤੇ ਮਾਣ ਮਹਿਸੂਸ ਕਰ ਰਹੇ ਹਨ। ਇਸ ਮੀਟਿੰਗ ਵਿੱਚ ਸਰਪੰਚ ਤੀਰਥ ਰਾਮ ਰੁੜਕਾ ਖੁਰਦ, ਸਰਪੰਚ ਪ੍ਰਗਣ ਦਿਆਲਪੁਰ, ਸਰਪੰਚ ਰਾਮ ਲਾਲ ਘੁੜਕਾਂ, ਸਰਪੰਚ ਅਮਰੀਕ ਸਿੰਘ ਲੋਹਗੜ੍ਹ, ਸਰਪੰਚ ਹਰਬੰਸ ਸੰਧੂ ਢੀਂਡਸਾ, ਸਰਪੰਚ ਜੋਗਿੰਦਰ ਰਾਮ ਸੰਗਤਪੁਰ, ਪੰਚ ਕੁਲਦੀਪ ਸਿੰਘ ਨੰਬਰਦਾਰ, ਡਾਕਟਰ ਜਸਵਿੰਦਰ ਚੀਮਾ, ਪੰਚ ਮਦਨ ਗੜ੍ਹੀ ਮਹਾ ਸਿੰਘ, ਸਰਪੰਚ ਸ਼ਾਮ ਲਾਲ, ਭਾਗ ਸਿੰਘਪੁਰ ਪੰਚ ਜਸਵੰਤ ਸਿੰਘ ਮੋਹਰੋ ਲਾਜਪਤ ਰਾਏ ਯੂਥ ਕਾਂਗਰਸ ਆਦਿ ਮੌਜੂਦ ਸਨ।

# ਜਿੰਦਰ ਹਰਭਜਨ ਹਲਵਾਰਵੀ ਪੁਰਸਕਾਰ ਨਾਲ ਸਨਮਾਨਤ



**ਜਲੰਧਰ** : ਆਸਟ੍ਰੇਲੀਆ ਦੀ ਨਾਮਵਰ ਸਾਹਿਤਕ ਸੰਸਥਾ ਇਪਸਾ ਵੱਲੋਂ ਸਾਹਿਤ ਕਲਾ ਕੇਂਦਰ, ਜਲੰਧਰ ਦੇ ਸਹਿਯੋਗ ਨਾਲ ਪੰਜਾਬੀ ਸਾਹਿਤਕਾਰ ਜਿੰਦਰ ਨੂੰ ਅੱਠਵੇਂ (2024) ਹਰਭਜਨ ਹਲਵਾਰਵੀ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਦਾ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਆਯੋਜਿਤ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਗਲਪਕਾਰ ਬਲਦੇਵ ਸਿੰਘ ਸੜਕਨਾਮਾ ਨੇ ਸ਼ਿਰਕਤ ਕੀਤੀ। ਸ੍ਰੀਮਤੀ ਪ੍ਰਿਤਪਾਲ ਕੌਰ ਹਲਵਾਰਵੀ, ਡਾ.ਨਵਤੇਜ ਸਿੰਘ, ਡਾ. ਪਰਮਿੰਦਰ ਕੌਰ ਪ੍ਰਿੰਸੀਪਲ ਲਾਇਲਪੁਰ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਜਲੰਧਰ, ਡਾ. ਸ਼ਸ਼ੀ ਤਿਆਗੀ, ਡਾ.ਹਰਜਿੰਦਰ ਸਿੰਘ ਅਟਵਾਲ ਵੀ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਸਨ।ਕਹਾਣੀਆਂ ਤੋਂ ਇਲਾਵਾ ਜਿੰਦਰ ਨੇ ਰੇਖਾ ਚਿੱਤਰ, ਯਾਦਾਂ, ਸਾਹਿਤਕ ਪਰਚੇ ਸ਼ਬਦ ਦੀ ਸੰਪਾਦਨਾ ਅਤੇ ਅਨੇਕ ਵਿਸ਼ਵ ਕਲਾਸਿਕੀ ਰਚਨਾਵਾਂ ਦਾ ਅਨੁਵਾਦ ਵੀ ਕੀਤਾ। ਸਮਾਗਮ ਦੀ ਸ਼ੁਰੂਆਤ ਕੇਂਦਰ ਦੇ ਪ੍ਰਧਾਨ ਡਾ. ਗੋਪਾਲ ਸਿੰਘ ਬੁੱਟਰ ਨੇ ਹਰਭਜਨ ਹਲਵਾਰਵੀ ਦੇ ਜੀਵਨ ਸੰਘਰਸ਼ ਬਾਬਤ ਜਾਣ ਪਛਾਣ ਕਰਵਾਉਂਦਿਆਂ ਕੀਤੀ, ਡਾ. ਹਰਜਿੰਦਰ ਅਟਵਾਲ, ਬਲਦੇਵ ਸਿੰਘ ਸੜਕਨਾਮਾ ਅਤੇ ਮੋਹਨ ਫਿਲੌਰੀਆ ਨੇ ਜਿੰਦਰ ਦੇ ਕਹਾਣੀ ਸੰਸਾਰ ਬਾਬਤ ਵਿਚਾਰ ਸਾਂਝੇ ਕੀਤੇ।ਹਰਭਜਨ ਹਲਵਾਰਵੀ ਦੇ ਪ੍ਰਿਤਪਾਲ ਕੌਰ ਸ਼ਰੀਕ-ਏ-ਹਯਾਤ ਨੇ ਆਪਣੇ ਪਤੀ ਮਰਹੂਮ ਸ਼ਾਇਰ ਹਲਵਾਰਵੀ ਦੇ ਜੀਵਨ ਅਤੇ ਸ਼ਖ਼ਸੀਅਤ ਬਾਰੇ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ।ਆਪਣੀਆਂ ਕਹਾਣੀਆਂ ਅਤੇ ਵਾਰਤਕ ਰਚਨਾਵਾਂ ਤੋਂ ਇਲਾਵਾ ਜਿੰਦਰ ਨੇ ਆਪਣੀ ਰਚਨਾ ਪ੍ਰਕਿਰਿਆ ਅਤੇ ਸਾਹਿਤਕ ਤਜੁਰਬਿਆਂ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਹਰਭਜਨ ਹਲਵਾਰਵੀ ਯਾਦਗਾਰੀ ਪੁਰਸਕਾਰ ਨਾਲ ਨਿਵਾਜਣ ਲਈ ਇਪਸਾ ਅਤੇ ਸਾਹਿਤ ਕਲਾ ਕੇਂਦਰ, ਜਲੰਧਰ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿਚ ਕਵੀ ਸੰਦੀਪ ਮਨਨ, ਨਰਿੰਦਰ ਪਾਲ ਕੰਗ, ਜਸਵੀਰ ਸਿੰਘ ਸ਼ਾਇਰ, ਜਸਪਾਲ ਜ਼ੀਰਵੀ, ਹਰਬੰਸ ਹਮਾਇਤੀ, ਜੋਗਿੰਦਰ ਸੰਧੂ, ਹਰਭਜਨ ਸਿੰਘ ਨਾਹਲ, ਅਸ਼ੋਕ ਟਾਂਡੀ ਅਤੇ ਮਨੋਹਰ ਖਹਿਰਾ ਨੇ ਵੀ ਆਪਣੀਆਂ ਕਵਿਤਾਵਾਂ ਰਾਹੀਂ ਹਾਜ਼ਰੀ ਲਵਾਈ।ਸਮਾਗਮ ਦੇ ਅੰਤ 'ਚ ਸਾਹਿਤ ਕਲਾ ਕੇਂਦਰ ਅਤੇ ਹਲਵਾਰਵੀ ਪਰਵਾਰ ਵੱਲੋਂ ਡਾ. ਨਵਤੇਜ ਨੇ ਸਮਾਗਮ ਵਿੱਚ ਪਹੁੰਚੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।